# ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਦਾ ਚਿਤਰਨ

**SIMRAN DHALIWAL DIAN KAHANIAN VICH MANUKHI RISHTYAN DA CHITRAN**

**ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਫਗਵਾੜਾ**
**ਦੇ ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼ ਅਧੀਨ**
**ਐਮ.ਏ. (ਪੰਜਾਬੀ) ਦੀ ਡਿਗਰੀ ਦੇ ਇੱਕ**
**ਹਿੱਸੇ ਦੀ ਪੂਰਤੀ ਹਿਤ ਪ੍ਰਸਤੁਤ**
**ਖੋਜ-ਪ੍ਰਬੰਧ**


| | |
|---|---|
| **ਖੋਜਾਰਥਣ** | **ਨਿਗਰਾਨ** |
| **ਮੋਨਿਕਾ ਦੇਵੀ** | **ਡਾ. ਬਲਵਿੰਦਰ ਸਿੰਘ ਥਿੰਦ** |
| **ਰਜਿ. ਨੰਬਰ 11511245** | **ਸਹਾਇਕ ਪ੍ਰੋਫੈਸਰ** |

**ਫ਼ੈਕਲਟੀ ਆਫ਼ ਬਿਜ਼ਨਸ ਐਂਡ ਆਰਟਸ**
**ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ**


**2017**

## ਘੋਸ਼ਣਾ-ਪੱਤਰ

ਮੈਂ ਮੋਨਿਕਾ ਦੇਵੀ ਇਹ ਬਿਆਨ ਕਰਦੀ ਹਾਂ ਕਿ **'ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਦਾ ਚਿਤਰਨ'** ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ ਅਤੇ ਇਸ ਵਿਚ ਕੋਈ ਹੋਰ ਹਿੱਸੇਦਾਰ ਨਹੀਂ ਹੈ। ਇਸ ਖੋਜ-ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਲ ਨਹੀਂ ਹੈ ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੋਵੇ।

**ਖੋਜਾਰਥਣ**

**ਮੋਨਿਕਾ ਦੇਵੀ**

ਰਜਿ. ਨੰਬਰ- 11511245

## ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥਣ ਮੋਨਿਕਾ ਦੇਵੀ ਨੇ **'ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਦਾ ਚਿਤਰਨ'** ਵਿਸ਼ੇ ਉੱਤੇ ਐਮ.ਏ. (ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥਣ ਦਾ ਮੌਲਿਕ ਕਾਰਜ ਹੈ ਅਤੇ ਉਸ ਦੀ ਮਿਹਨਤ ਦਾ ਪ੍ਰਤਿਫ਼ਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਐਮ.ਏ. ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸਿਫਾਰਸ਼ ਕਰਦਾ ਹਾਂ। ਇਸ ਤੋਂ ਪਹਿਲਾਂ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ।

**ਮਿਤੀ:** **ਨਿਗਰਾਨ**

**ਡਾ. ਬਲਵਿੰਦਰ ਸਿੰਘ ਥਿੰਦ**

ਸਹਾਇਕ ਪ੍ਰੋਫ਼ੈਸਰ,
ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,
ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ
(ਪੰਜਾਬ)

# ਤਤਕਰਾ


ਭੂਮਿਕਾ 1-22

ਖੋਜ ਕਾਰਜ ਦਾ ਖੇਤਰ
ਉਦੇਸ਼
ਖੋਜ-ਵਿਧੀ
ਪੂਰਵ ਖੋਜ-ਕਾਰਜ
ਮਨੁੱਖੀ ਰਿਸ਼ਤੇ:- ਅਰਥ, ਪਰਿਭਾਸ਼ਾ ਅਤੇ ਸਰੂਪ
ਕਹਾਣੀ ਦਾ ਸਿਧਾਂਤਕ ਤੇ ਇਤਿਹਾਸਕ ਪਰਿਪੇਖ

ਅਧਿਆਇ ਪਹਿਲਾ

ਸਿਮਰਨ ਧਾਲੀਵਾਲ ਦਾ ਜੀਵਨ, ਰਚਨਾ ਅਤੇ ਸਾਹਿਤਕ ਪਿਛੋਕੜ 23-30

ਅਧਿਆਇ ਦੂਜਾ

ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਦੀ ਤ੍ਰਾਸਦੀ 31-42

ਅਧਿਆਇ ਤੀਜਾ

ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਵਿਚ ਆ ਰਹੇ ਨਿਘਾਰਾਂ ਦੀ ਪੇਸ਼ਕਾਰੀ 43-62

ਅਧਿਆਇ ਚੌਥਾ

ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਦਾ ਮੰਡੀਕਰਨ 63-72

ਸਿੱਟੇ ਅਤੇ ਸਥਾਪਨਾਵਾਂ 73-78

ਸਹਾਇਕ ਪੁਸਤਕ ਸੂਚੀ 79-80

# ਭੂਮਿਕਾ

ਹਥਲੇ ਖੋਜ ਕਾਰਜ ਦਾ ਵਿਸ਼ਾ **"ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਦਾ ਚਿਤਰਨ"** ਹੈ। ਇਸ ਖੋਜ ਕਾਰਜ ਲਈ ਕਹਾਣੀ ਨੂੰ ਵਿਸ਼ੇ ਦੇ ਤੌਰ 'ਤੇ ਇਸ ਲਈ ਚੁਣਿਆ ਗਿਆ ਹੈ ਕਿਉਂਕਿ ਕਹਾਣੀ ਹਮੇਸ਼ਾ ਮਨੁੱਖੀ ਮਨ ਨੂੰ ਟੁੰਬਦੀ ਹੈ ਤੇ ਇਸ ਤੋਂ ਮਨੁੱਖ ਨੂੰ ਹਮੇਸ਼ਾਂ ਕੁਝ ਨਾ ਕੁਝ ਸਿੱਖਣ ਨੂੰ ਮਿਲਦਾ ਹੈ। ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਨੂੰ ਹੀ ਇਸ ਖੋਜ ਕਾਰਜ ਦਾ ਆਧਾਰ ਇਸ ਲਈ ਬਣਾਇਆ ਗਿਆ ਹੈ ਕਿਉਂਕਿ ਸਿਮਰਨ ਧਾਲੀਵਾਲ ਨੌਜਵਾਨ ਪੀੜ੍ਹੀ ਦੇ ਕਹਾਣੀਕਾਰਾਂ ਵਿੱਚੋਂ ਅਜੋਕੀ ਪੰਜਾਬੀ ਕਹਾਣੀ ਦੇ ਮੂਹਰਲੀ ਕਤਾਰ ਵਿੱਚ ਖੜ੍ਹਨ ਵਾਲੇ ਮੁਹਤਬਰ ਨਾਵਾਂ ਵਿੱਚੋਂ ਇੱਕ ਹੈ। ਸਿਮਰਨ ਧਾਲੀਵਾਲ ਨੂੰ ਜ਼ਿੰਦਗੀ ਦੀਆਂ ਗੁੰਝਲਾਂ ਨੂੰ ਫੜ੍ਹਨ ਅਤੇ ਬਿਆਨ ਕਰਨ ਦੀ ਜਾਂਚ ਹੈ। ਖਾਸ ਗੱਲ ਇਹ ਹੈ ਕਿ ਸਿਮਰਨ ਧਾਲੀਵਾਲ ਨੇ ਆਪਣੀਆਂ ਕੁਝ ਕੁ ਕਹਾਣੀਆਂ ਦੁਆਰਾ ਹੀ ਸਮਕਾਲ ਦੀ ਪੰਜਾਬੀ ਕਹਾਣੀ ਵਿਚ ਆਪਣੀ ਅਲੱਗ ਪਹਿਚਾਣ ਬਣਾਈ ਹੈ। ਪੰਜਾਬੀ ਕਹਾਣੀ ਚਿੰਤਕਾਂ ਮੁਤਾਬਿਕ ਸਿਮਰਨ ਧਾਲੀਵਾਲ ਪੰਜਵੇਂ ਪੜਾਅ ਦੀ ਪੰਜਾਬੀ ਕਹਾਣੀ ਦੇ ਨਕਸ਼ ਸੰਵਾਰਨ ਵਾਲਿਆਂ ਵਿੱਚੋਂ ਪ੍ਰਮੁੱਖ ਸਥਾਨ ਦਾ ਹੱਕਦਾਰ ਹੈ। ਹੁਣ ਤੱਕ 'ਆਸ ਅਜੇ ਬਾਕੀ ਹੈ' ਅਤੇ 'ਉਸ ਪਲ' ਉਸ ਦੇ ਦੋ ਕਹਾਣੀ ਸੰਗ੍ਰਹਿ ਛਪੇ ਹਨ ਜਿਸ ਨੂੰ ਕਿ ਇਸ ਖੋਜ ਕਾਰਜ ਦਾ ਆਧਾਰ ਬਣਾਇਆ ਗਿਆ ਹੈ।

ਹਥਲੇ ਖੋਜ-ਕਾਰਜ ਨੂੰ ਸਹੀ ਦਿਸ਼ਾ ਦੇਣ ਲਈ ਇਸ ਨੂੰ ਚਾਰ ਅਧਿਆਇ ਵਿਚ ਵੰਡਿਆ ਗਿਆ ਹੈ। ਇਸ ਖੋਜ ਕਾਰਜ ਵਿਚ ਮਨੁੱਖੀ ਰਿਸ਼ਤਿਆਂ ਦੇ ਅਰਥ, ਪਰਿਭਾਸ਼ਾ ਅਤੇ ਸਰੂਪ, ਕਹਾਣੀ ਦੇ ਸਿਧਾਂਤਕ ਤੇ ਇਤਿਹਾਸਕ ਪਰਿਪੇਖ ਨੂੰ ਭੂਮਿਕਾ ਦੇ ਅੰਤਰਗਤ ਰੱਖਿਆ ਗਿਆ ਹੈ। ਪਹਿਲੇ ਅਧਿਆਇ ਵਿਚ ਸਿਮਰਨ ਧਾਲੀਵਾਲ ਦੇ ਜੀਵਨ, ਰਚਨਾ ਅਤੇ ਸਾਹਿਤਕ ਪਿਛੋਕੜ ਦੀ ਗੱਲ ਕੀਤੀ ਗਈ ਹੈ। ਦੂਜੇ ਅਧਿਆਇ ਵਿਚ ਮਨੁੱਖੀ ਰਿਸ਼ਤਿਆਂ ਦੀ ਤ੍ਰਾਸਦੀ ਦੀ ਗੱਲ ਕੀਤੀ ਗਈ ਹੈ। ਤੀਜੇ ਅਧਿਆਇ ਵਿਚ ਮਨੁੱਖੀ ਰਿਸ਼ਤਿਆਂ ਵਿਚ ਆਏ ਨਿਘਾਰ ਦੀ ਗੱਲ ਕੀਤੀ ਗਈ ਹੈ। ਚੌਥੇ ਅਧਿਆਇ ਵਿਚ ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵਿਚਲੇ ਮਨੁੱਖੀ ਰਿਸ਼ਤਿਆਂ ਵਿਚ ਪਸਰੇ ਮੰਡੀਕਰਨ ਦੀ ਤਸਵੀਰ ਪੇਸ਼ ਕੀਤੀ ਗਈ ਹੈ।

# ਸਿਧਾਂਤਕ ਪਿੱਠਭੂਮੀ

## ਖੋਜ-ਕਾਰਜ ਦਾ ਖੇਤਰ

ਹਥਲੇ ਖੋਜ-ਕਾਰਜ ਦਾ ਖੇਤਰ ਸਿਮਰਨ ਧਾਲੀਵਾਲ ਦੇ ਕਹਾਣੀ ਸੰਗ੍ਰਹਿ ਨੂੰ ਬਣਾਇਆ ਗਿਆ ਹੈ। 'ਆਸ ਅਜੇ ਬਾਕੀ ਹੈ' ਅਤੇ 'ਉਸ ਪਲ' ਕਹਾਣੀ ਸੰਗ੍ਰਹਿ ਵਿਚ ਮਨੁੱਖੀ ਰਿਸ਼ਤਿਆਂ ਦਾ ਚਿਤਰਨ ਇਸ ਖੋਜ ਕਾਰਜ ਦਾ ਮੁੱਖ ਵਿਸ਼ਾ ਹੈ।

## ਉਦੇਸ਼

ਹਰ ਕੰਮ ਪਿੱਛੇ ਕੋਈ ਨਾ ਕੋਈ ਉਦੇਸ਼ ਜ਼ਰੂਰ ਹੁੰਦਾ ਹੈ। ਉਦੇਸ਼ ਤੋਂ ਬਿਨਾਂ ਕੋਈ ਵੀ ਕੰਮ ਸੁਚਾਰੂ ਰੂਪ ਵਿਚ ਨੇਪਰੇ ਨਹੀਂ ਚੜ੍ਹ ਸਕਦਾ। ਇਸ ਲਈ ਹਥਲੇ ਖੋਜ-ਕਾਰਜ ਪਿੱਛੇ ਵੀ ਕੁਝ ਉਦੇਸ਼ ਕਾਰਜਸ਼ੀਲ ਹਨ-

- ਅਜੋਕੀ ਪੰਜਾਬੀ ਕਹਾਣੀ ਦੇ ਨਵੇਂ ਪਸਾਰਾਂ ਦਾ ਅਧਿਐਨ ਕਰਨਾ।
- ਸਿਮਰਨ ਧਾਲੀਵਾਲ ਦੇ ਜੀਵਨ ਤੇ ਪੰਜਾਬੀ ਕਹਾਣੀ ਦੇ ਖੇਤਰ ਵਿਚ ਉਨ੍ਹਾਂ ਦੇ ਯੋਗਦਾਨ ਅਤੇ ਸਥਾਨ ਨੂੰ ਨਿਰਧਾਰਿਤ ਕਰਨਾ।
- ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਦੀ ਅਹਿਮੀਅਤ ਨੂੰ ਉਜਾਗਰ ਕਰਨਾ।
- ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਵਿਚ ਆਏ ਵਿਗਾੜ ਦੀ ਪੜਤਾਲ ਕਰਕੇ ਸਮਾਜ ਨੂੰ ਉਨ੍ਹਾਂ ਦੀਆਂ ਕਹਾਣੀਆਂ ਰਾਹੀਂ ਸੇਧ ਦੇਣਾ।

## ਖੋਜ-ਵਿਧੀ

ਖੋਜ ਦੇ ਖੇਤਰ ਵਿਚ ਸਾਹਿਤ ਦਾ ਮੁਲਾਂਕਣ ਕਰਨ ਲਈ ਖੋਜ ਕਾਰਜ ਵਿਚ ਵਿਧੀ ਵਿਧਾਨ ਨੂੰ ਅਪਣਾਇਆ ਜਾਂਦਾ ਹੈ ਅਤੇ ਉਸ ਸੰਬੰਧਿਤ ਵਿਧੀ ਅਨੁਸਾਰ ਹੀ ਵਿਸ਼ੇ ਨੂੰ ਅੱਗੇ ਵਧਾਇਆ ਜਾਂਦਾ ਹੈ। ਸਾਹਿਤ ਦੇ ਵਿਸ਼ੇ ਦੀ ਮੰਗ ਮੁਤਾਬਿਕ ਹਰ ਵਿਸ਼ੇ ਲਈ ਅਲੱਗ-ਅਲੱਗ ਵਿਧੀ ਵਰਤੀ ਜਾਂਦੀ ਹੈ। ਇੱਕ ਵਿਸ਼ੇ ਉੱਪਰ ਇਕ ਜਾਂ ਇਕ ਤੋਂ ਵੱਧ ਵਿਧੀਆਂ ਵੀ ਵਰਤੀਆਂ ਜਾ ਸਕਦੀਆਂ ਹਨ। ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਦੀ ਮੰਗ ਮੁਤਾਬਿਕ ਹਥਲੇ ਖੋਜ ਕਾਰਜ ਵਿਚ ਤਰਕਵਾਦੀ, ਮਨੋਵਿਗਿਆਨਕ ਅਤੇ ਸਮਾਜ-ਸ਼ਾਸਤਰੀ ਵਿਧੀਆਂ ਦੀ ਵਰਤੋਂ ਕੀਤੀ ਗਈ ਹੈ। ਤਰਕਵਾਦੀ ਵਿਧੀ ਤਰਕ ਵਿਤਰਕ ਦੇ ਆਸਰੇ ਚੱਲਦੀ ਹੈ। ਇੱਕ ਜਾਂ ਵੱਧ ਕਥਨਾਂ ਜਾਂ ਸਿੱਟਿਆਂ 'ਤੇ ਅਪੜਨਾ ਤਰਕਵਾਦ ਹੈ। ਗਿਆਨ-ਚੀਨਣ ਦਾ ਇਹ ਢੰਗ ਅੱਗੇ ਦੋ ਵਿਧੀਆਂ ਵਿਚ ਵੰਡਿਆ ਜਾਂਦਾ ਹੈ। ਨਿਗਮਨਾਤਮਕ ਅਤੇ ਆਗਮਨਾਤਮਕ। ਦੂਸਰੀ ਵਿਧੀ ਮਨੋਵਿਗਿਆਨਕ ਹੈ। ਇਹ ਵਿਧੀ ਮਨੁੱਖ ਦੀ ਮਾਨਸਿਕ ਹਾਲਤ ਦਾ ਅਧਿਐਨ ਕਰਦੇ ਹੋਏ ਮਾਨਸਿਕ ਗੁੰਝਲਤਾਵਾਂ ਨੂੰ ਖੋਲ੍ਹਣ ਦਾ ਯਤਨ ਕਰਦੀ ਹੈ। ਅਗਲੀ ਵਿਧੀ ਸਮਾਜ-ਸ਼ਾਸਤਰੀ ਵਿਧੀ ਹੈ ਜੋ ਕਿ ਸਮਾਜ ਅਤੇ ਮਨੁੱਖ ਦੇ ਆਪਸੀ ਸੰਬੰਧਾਂ ਦਾ ਅਧਿਐਨ ਕਰਦੀ ਹੈ। ਇਸ ਤਰ੍ਹਾਂ ਇਨ੍ਹਾਂ ਤਿੰਨਾਂ ਵਿਧੀਆਂ ਦੀ ਸਹਾਇਤਾ ਨਾਲ ਇਸ ਖੋਜ-ਕਾਰਜ ਨੂੰ ਨੇਪਰੇ ਚਾੜ੍ਹਿਆ ਗਿਆ ਹੈ।

## ਵਿਸ਼ੇ ਉੱਪਰ ਹੋ ਚੁੱਕਿਆ ਪੂਰਵ ਖੋਜ ਕਾਰਜ

ਖੋਜ ਕਾਰਜ ਦੇ ਲਈ ਚੁਣਿਆ ਗਿਆ "ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਦਾ ਚਿਤਰਨ" ਵਿਸ਼ਾ ਬਿਲਕੁਲ ਨਵੀਨ ਅਤੇ ਮੌਲਿਕ ਹੈ। ਮੇਰੇ ਦੁਆਰਾ ਕੀਤੇ ਸਾਹਿਤ ਰੀਵਿਊ ਮੁਤਾਬਿਕ ਹੁਣ ਤੱਕ ਇਸ ਵਿਸ਼ੇ ਨਾਲ ਸੰਬੰਧਿਤ ਕੋਈ ਖੋਜ ਕਾਰਜ ਨਹੀਂ ਹੋਇਆ। ਸਿਮਰਨ ਧਾਲੀਵਾਲ ਅਜੋਕੇ ਸਮੇਂ ਦਾ ਨਵਾਂ ਕਹਾਣੀਕਾਰ ਹੈ। ਹੁਣ ਤੱਕ ਉਸ ਦੇ ਸਿਰਫ ਦੋ ਕਹਾਣੀ ਸੰਗ੍ਰਹਿ ਹੀ ਆਏ ਹਨ ਜਿਸ ਨਾਲ ਉਨ੍ਹਾਂ ਨੇ ਉਸਾਰੂ ਸੋਚ

ਵਾਲੇ, ਪ੍ਰਤਿਭਾਸ਼ਾਲੀ ਕਹਾਣੀਕਾਰ ਦੇ ਤੌਰ 'ਤੇ ਆਪਣੀ ਪਛਾਣ ਹੋਰ ਦਿੜ੍ਹ ਕਰਵਾਈ ਹੈ। ਧਾਲੀਵਾਲ ਦਾ ਪਹਿਲਾ ਕਹਾਣੀ ਸੰਗ੍ਰਹਿ 'ਆਸ ਅਜੇ ਬਾਕੀ ਹੈ' 2012 ਵਿਚ ਪ੍ਰਕਾਸ਼ਿਤ ਹੋਇਆ। 2015 ਵਿਚ ਇਸ ਦਾ ਦੂਸਰਾ ਐਡੀਸ਼ਨ ਛਾਪਿਆ ਗਿਆ। ਜਦੋਂ ਕਿ ਦੂਸਰਾ ਕਹਾਣੀ ਸੰਗ੍ਰਹਿ 'ਉਸ ਪਲ' 2015 ਵਿੱਚ ਪ੍ਰਕਾਸ਼ਿਤ ਹੋਇਆ ਜਿਸ ਨੂੰ ਕਿ ਪਾਠਕਾਂ ਦੇ ਨਾਲ-ਨਾਲ ਆਲੋਚਕਾਂ ਵਲੋਂ ਵੀ ਭਰਪੂਰ ਹੁੰਗਾਰਾ ਮਿਲਿਆ ਹੈ। ਧਾਲੀਵਾਲ ਦੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਨੂੰ ਬੜੀ ਖੂਬਸੂਰਤੀ ਦੇ ਨਾਲ ਹੀ ਬਿਆਨ ਕੀਤਾ ਗਿਆ ਹੈ। ਪੰਜਾਬੀ ਕਹਾਣੀ ਦੇ ਕੁਝ ਆਲੋਚਕਾਂ ਦਾ ਦਾਅਵਾ ਹੈ ਕਿ "ਜੇ ਧਾਲੀਵਾਲ ਇਉਂ ਹੀ ਪ੍ਰਤੀਬੱਧਤਾ ਨਾਲ ਕਾਰਜਸ਼ੀਲ ਰਹੇ ਤਾਂ ਨਿਸ਼ਚੇ ਹੀ ਪੰਜਵੇਂ ਪੜਾਅ ਦੀ ਪੰਜਾਬੀ ਕਹਾਣੀ ਦੇ ਨਕਸ਼ ਸੰਵਾਰਨ ਵਾਲਿਆਂ ਵਿੱਚੋਂ ਸਭ ਤੋਂ ਪ੍ਰਮੁੱਖ ਸਥਾਨ ਦਾ ਹੱਕਦਾਰ ਹੋਣਗੇ।"[1] ਉਨ੍ਹਾਂ ਦੀਆਂ ਰਚਨਾਵਾਂ ਨੂੰ ਆਧਾਰ ਬਣਾ ਕੇ ਹੁਣ ਤੱਕ ਕੋਈ ਵੀ ਖੋਜ ਕਾਰਜ ਨਹੀਂ ਕੀਤਾ ਗਿਆ ਹੈ। ਨਵੀਨ ਵਿਸ਼ਾ ਹੋਣ ਕਰਕੇ ਹੀ ਇਸ ਨੂੰ ਉਪਰੋਕਤ ਖੋਜ ਕਾਰਜ ਦਾ ਆਧਾਰ ਬਣਾਇਆ ਗਿਆ ਹੈ।

## ਮਨੁੱਖੀ ਰਿਸ਼ਤੇ:- ਅਰਥ, ਪਰਿਭਾਸ਼ਾ ਅਤੇ ਸਰੂਪ

ਮਨੁੱਖੀ ਰਿਸ਼ਤੇ ਸਮਾਜਿਕ ਪ੍ਰਣਾਲੀ ਦਾ ਅੰਗ ਹਨ ਤੇ ਇਸ ਪ੍ਰਣਾਲੀ ਨੂੰ ਰਿਸ਼ਤਾ-ਨਾਤਾ ਪ੍ਰਣਾਲੀ ਕਿਹਾ ਜਾਂਦਾ ਹੈ। ਹਰ ਸੱਭਿਆਚਾਰ ਦੀ ਆਪਣੀ ਰਿਸ਼ਤਾ-ਨਾਤਾ ਪ੍ਰਣਾਲੀ ਹੁੰਦੀ ਹੈ। ਰਿਸ਼ਤਾ-ਨਾਤਾ ਪ੍ਰਬੰਧ ਸੱਭਿਆਚਾਰ ਦੀ ਸਮੁੱਚੀ ਬਣਤਰ ਦਾ ਮਹੱਤਵਪੂਰਨ ਅੰਗ ਹੈ। ਰਿਸ਼ਤਾ-ਨਾਤਾ ਪ੍ਰਬੰਧ ਮਨੁੱਖ ਦੇ ਸਮਾਜਿਕ ਜੀਵਨ ਦੌਰਾਨ ਵੱਖ-ਵੱਖ ਢੰਗਾਂ ਨਾਲ ਵੱਖ-ਵੱਖ ਪੱਧਰਾਂ 'ਤੇ ਸਿਰਜੇ ਗਏ ਰਿਸ਼ਤਿਆਂ ਦੇ ਅਜਿਹੇ ਨਿਸ਼ਚਿਤ, ਸੰਗਠਿਤ ਅਤੇ ਇਕਸਾਰ ਪੈਟਰਨ ਦਾ ਰੂਪ ਹੈ। ਜਿਸ ਵਿਚਲੇ ਸਾਰੇ ਰਿਸ਼ਤੇ ਇੱਕ ਖ਼ਾਸ ਪ੍ਰਕਾਰ ਦਾ ਸਮਾਜੀ ਮਨੁੱਖੀ ਜੀਵਨ ਵਿਵਹਾਰ ਸਿਰਜਦੇ ਹੋਏ ਅੰਤਿਮ ਰੂਪ ਵਿਚ ਸੱਭਿਆਚਾਰਕ ਕੀਮਤਾਂ ਦਾ ਇੱਕ ਸਮੁੱਚ ਸਿਰਜਦੇ ਹਨ। ਇਹ ਕੀਮਤਾਂ ਉਸ ਰਿਸ਼ਤਾ-ਨਾਤਾ ਪ੍ਰਬੰਧ ਦੇ ਪੈਟਰਨ ਵਿੱਚੋਂ ਮਨੁੱਖੀ ਜੀਵਨ ਜਿਊਣ ਦੇ ਅਜਿਹੇ ਆਚਾਰ-ਵਿਵਹਾਰ, ਪ੍ਰਤਿਮਾਨਾਂ, ਆਦਰਸ਼ਾਂ, ਭਾਵਨਾਵਾਂ ਅਨੁਰੂਪ ਉਤਪੰਨ ਹੁੰਦੀਆਂ ਹਨ। ਜਿਨ੍ਹਾਂ ਨੂੰ ਮਾਨਵ ਸਮੂਹ ਆਪਣੇ ਸੱਭਿਆਚਾਰਕ ਜਗਤ ਵਿਚ ਮੂਲ ਮਾਨਵੀ ਗੁਣਾਂ ਅਨੁਕੂਲ ਸਿਰਜਣ ਲਈ ਕਿਰਿਆਸ਼ੀਲ ਹੁੰਦਾ ਹੈ। ਇਹ ਰਿਸ਼ਤਾ-ਨਾਤਾ ਪ੍ਰਬੰਧ ਆਪਣੇ-ਆਪ ਵਿਚ ਇੱਕ ਅਜਿਹਾ ਪੈਟਰਨ ਬਣ ਜਾਂਦਾ ਹੈ, ਜਿਹੜਾ ਸਮਾਜਿਕ ਪ੍ਰਬੰਧ ਦੇ ਦੂਸਰੇ ਰੂਪਾਂ ਦੇ ਪੈਟਰਨਾਂ ਨੂੰ ਸਿਰਜਣ ਅਤੇ ਪਰਿਵਰਤਿਤ ਕਰਨ ਵਿਚ ਨਿਰਣਾਇਕ ਹਿੱਸਾ ਪਾਉਂਦਾ ਹੈ।

ਦੂਸਰੇ ਸੱਭਿਆਚਾਰਾਂ ਵਾਂਗ ਪੰਜਾਬੀ ਸੱਭਿਆਚਾਰ ਦੀ ਵੀ ਆਪਣੀ ਰਿਸ਼ਤਾ-ਨਾਤਾ ਪ੍ਰਣਾਲੀ ਹੈ। ਇਸ ਦਾ ਮਹੱਤਵਪੂਰਨ ਪਹਿਲੂ ਇਹ ਹੈ ਕਿ ਇਨ੍ਹਾਂ ਵਿਚ ਹਰ ਸਕੇ-ਸਬੰਧੀ ਦਾ ਨਿਵੇਕਲਾ ਦਰਜਾ, ਪਿਆਰ, ਸਤਿਕਾਰ ਵੱਖ-ਵੱਖ ਰਿਸ਼ਤੇ ਲਈ ਨਿਸ਼ਚਤ ਬੋਧਿਕ ਸ਼ਬਦਾਂ ਤੋਂ ਪ੍ਰਗਟ ਹੁੰਦਾ ਹੈ। ਚਾਚਾ, ਤਾਇਆ, ਮਾਸੜ, ਫੁੱਫੜ, ਨਾਨਾ, ਦਾਦਾ ਆਦਿ ਤਾਂ ਉਸ ਦੇ ਇਸਤਰੀ ਲਿੰਗ ਰਿਸ਼ਤੇ ਵੱਖ-ਵੱਖ ਦਰਜੇ ਦੀ ਭਾਵੁਕ ਸਾਂਝ ਅਤੇ ਮਿਲਵਰਤਨਸ਼ੀਲ ਦਾ ਪ੍ਰਤੀਕ ਰਹੇ ਹਨ। ਰਿਸ਼ਤਾ-ਨਾਤਾ ਪ੍ਰਬੰਧ ਦੇ ਸੰਕਲਪ ਦੀ ਵਿਆਖਿਆ ਕਰਦਿਆਂ ਬਹੁਤ ਸਾਰੇ ਮਾਨਵ ਵਿਗਿਆਨੀਆਂ ਨੇ

ਇਸ ਨੂੰ ਸਮਾਜਿਕ ਹੋਂਦ ਵਿਚ ਮਨੁੱਖ ਰਾਹੀਂ ਸਿਰਜੇ ਗਏ ਰਿਸ਼ਤਿਆਂ ਨੂੰ ਪ੍ਰਗਟਾਉਣ ਵਾਲੇ ਮੰਨਿਆ ਹੈ। ਇਹ ਰਿਸ਼ਤੇ ਸੱਭਿਆਚਾਰਕ ਆਧਾਰਾਂ ਉੱਪਰ ਬਣਾਏ ਤੇ ਸਵੀਕਾਰ ਕੀਤੇ ਜਾਂਦੇ ਹਨ।

ਬਹੁਤ ਵਾਰੀ ਇਸ ਰਿਸ਼ਤਾ-ਨਾਤਾ ਪ੍ਰਬੰਧ ਨੂੰ ਸਿਰਫ ਅਜਿਹੇ ਰਿਸ਼ਤਿਆਂ ਨੂੰ ਪ੍ਰਗਟਾਉਣ ਦੇ ਅਰਥਾਂ ਵਿਚ ਹੀ ਵਰਤਿਆ ਜਾਂਦਾ ਹੈ ਜਿਹੜੇ ਮੂਲ ਰੂਪ ਵਿਚ ਬਰਾਦਰੀ ਅਤੇ ਨਾਤੇਦਾਰੀ ਤੱਕ ਹੀ ਮਹਿਦੂਦ ਹੁੰਦੇ ਹਨ। ਇਸ ਵਿਚ ਸਿਰਫ ਨਿਕਟਵਰਤੀ ਸੰਬੰਧੀ ਹੀ ਰੱਖੇ ਜਾਂਦੇ ਹਨ ਅਤੇ ਉਹ ਵੀ ਗੋਤਰ, ਜਾਤੀ ਅਤੇ ਖ਼ੂਨ ਦੀ ਸਾਂਝ ਵਾਲੇ। ਰਿਸ਼ਤੇ ਉਹ ਕੋਮਲ ਤੰਦਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਪਾਲਣ ਲਈ ਪਿਆਰ ਅਤੇ ਮੇਲ-ਮਿਲਾਪ ਦੀ ਬਹੁਤ ਲੋੜ ਹੁੰਦੀ ਹੈ। ਕੋਈ ਛੋਟੀ ਜਿਹੀ ਗਲਤਫਹਿਮੀ ਵੀ ਇਨ੍ਹਾਂ ਰਿਸ਼ਤਿਆਂ ਨੂੰ ਖਤਮ ਕਰ ਦਿੰਦੀ ਹੈ।

ਰਿਸ਼ਤਾ-ਨਾਤਾ ਪ੍ਰਬੰਧ ਦਾ ਆਧਾਰ ਮਨੁੱਖੀ ਸਾਕਾਦਾਰੀ ਹੀ ਹੈ। ਇਹ ਸਾਕਾਦਾਰੀ ਹੀ ਵਿਸ਼ੇਸ਼ ਸਮਾਜੀ ਮਨੁੱਖੀ ਸਮੂਹ ਨਾਲ ਰਿਸ਼ਤਿਆਂ ਦਾ ਇੱਕ ਸਮੁੱਚ ਘੜਦੀ ਹੈ। ਇਸ ਰਿਸ਼ਤਾ-ਨਾਤਾ ਪ੍ਰਬੰਧ ਵਿਚ ਮਨੁੱਖ ਦੁਆਰਾ ਸਿਰਜੇ ਗਏ ਉਹ ਸਾਰੇ ਰਿਸ਼ਤੇ ਆ ਜਾਂਦੇ ਹਨ। ਜਿਹੜੇ ਉਸ ਨੇ ਵਿਸ਼ੇਸ਼ ਸਮਾਜਿਕ ਸੰਗਠਨ ਵਿਚ ਰਹਿੰਦਿਆਂ ਆਪਣੇ ਖ਼ੂਨ ਦੀ ਸਾਂਝ ਨਾਲ, ਜਾਤ, ਗੋਤ, ਨਸਲ ਆਦਿ ਦੇ ਨਾਲ-ਨਾਲ ਸਮਾਜਿਕ ਸਹਿਹੋਂਦ ਅਤੇ ਮਨੁੱਖੀ ਜੀਵਨ ਅਨੁਕੂਲ ਨਿਸ਼ਚਿਤ ਸਬੰਧਾਂ ਲਈ ਸਮੂਹਿਕ ਸਮਾਜਿਕ ਪ੍ਰਵਾਨਗੀ ਅਨੁਸਾਰ ਸਿਰਜੇ ਹੁੰਦੇ ਹਨ।

ਰਿਸ਼ਤਾ-ਨਾਤਾ ਪ੍ਰਬੰਧ ਵਿਅਕਤੀਆਂ ਦੇ ਆਪਸੀ ਸੰਬੰਧਾਂ ਨੂੰ ਪ੍ਰਗਟਾਉਣ ਵਾਲਾ ਅਤੇ ਨਿਰਧਾਰਿਤ ਕਰਨ ਵਾਲਾ ਇੱਕ ਅਜਿਹਾ ਪ੍ਰਬੰਧ ਹੈ। ਜਿਹੜਾ ਵਿਅਕਤੀ ਵਿਸ਼ੇਸ਼ ਦੇ ਅਨੇਕ ਸਮਾਜਿਕ ਸੰਦਰਭਾਂ ਵਿਚ ਵੱਖ-ਵੱਖ ਵਿਅਕਤੀਆਂ ਨਾਲ ਵਿਭਿੰਨ ਪ੍ਰਕਾਰ ਦੇ ਸਬੰਧਾਂ ਨੂੰ ਸਨਮੁੱਖ ਲਿਆਉਂਦਾ ਹੋਇਆ ਸਮੁੱਚੇ ਵਿਧਾਨ ਵਿਚ ਇੱਕ ਪ੍ਰਬੰਧਕੀ ਵਿਵਸਥਾ ਨੂੰ ਉਸਾਰਨ ਦਾ ਮੁੱਢਲਾ ਆਧਾਰ ਬਣਨ ਦੇ ਨਾਲ-ਨਾਲ ਸੱਭਿਆਚਾਰਕ ਕੀਮਤਾਂ ਨੂੰ ਸਿਰਜਣ ਵਿਚ ਨਿਰਣਾਇਕ ਹਿੱਸਾ ਪਾਉਂਦਾ ਹੈ। ਇਹ ਇੱਕ ਅਜਿਹਾ ਪ੍ਰਬੰਧ ਹੈ, ਜਿਹੜਾ ਮਨੁੱਖ ਦੇ ਸਮਾਜਿਕ, ਇਤਿਹਾਸਿਕ, ਪਦਾਰਥਕ ਵਿਕਾਸ ਅਨੁਸਾਰ ਪਰਿਵਰਤਿਤ ਹੁੰਦਾ ਹੈ।

ਸਮਾਜ ਦਾ ਵਿਕਾਸ ਪ੍ਰਮਾਣਿਤ ਕਰਦਾ ਹੈ ਕਿ ਹਰੇਕ ਯੁੱਗ ਦੇ ਆਰਥਿਕ ਵਿਕਾਸ ਦੇ ਅਨੁਕੂਲ ਮਨੁੱਖੀ ਵਿਵਹਾਰ ਦੀ ਪ੍ਰਚਲਿਤ ਮਰਯਾਦਾ ਅਨੁਸਾਰ ਸਾਰੇ ਮਨੁੱਖੀ ਰਿਸ਼ਤਿਆਂ ਵਿਚ ਪਰਿਵਰਤਨ ਹੁੰਦਾ ਆਇਆ ਹੈ। ਮਿਸਾਲ ਵਜੋਂ ਵਿਆਹ-ਪ੍ਰਬੰਧ ਸਮੁੱਚੇ ਰਿਸ਼ਤਿਆਂ ਨੂੰ ਸਿਰਜਣ, ਨਿਰਧਾਰਿਤ ਕਰਨ ਅਤੇ ਪ੍ਰਮਾਣਿਕ ਰੂਪ ਦੇਣ ਦਾ ਮਹੱਤਵਪੂਰਨ ਵਸੀਲਾ ਹੈ। ਵਿਆਹ-ਪ੍ਰਬੰਧ ਵਿਚ ਆਉਂਦੇ ਪਰਿਵਰਤਨਾਂ ਅਨੁਸਾਰ, ਇਸ ਦੁਆਰਾ ਸਿਰਜਤ ਰਿਸ਼ਤਿਆਂ ਵਿਚ ਵੀ ਪਰਿਵਰਤਨ ਆਉਂਦਾ ਰਹਿੰਦਾ ਹੈ। ਖ਼ਾਸ ਸਮਾਜਿਕ ਇਤਿਹਾਸਕ ਸਮੇਂ ਦੇ ਸੱਭਿਆਚਾਰ ਅਨੁਸਾਰ ਸਮੁੱਚੇ ਮਨੁੱਖੀ ਰਿਸ਼ਤਿਆਂ ਨੂੰ ਇਸ ਦੇ ਅਨੁਕੂਲ ਉਸਾਰਦੇ ਸਮੇਂ ਇਸ ਵਿਚ ਨਵੇਂ ਰਿਸ਼ਤੇ ਸਿਰਜੇ ਜਾਂਦੇ ਹਨ ਅਤੇ ਪੁਰਾਣੇ ਨਵਾਂ ਰੂਪ ਧਾਰਦੇ ਜਾਂ ਅਲੋਪ ਹੁੰਦੇ ਹਨ। ਇਹ ਇੱਕ ਨਿਰੰਤਰ ਵਿਕਾਸ ਦੀ ਪ੍ਰਕਿਰਿਆ ਹੈ।

ਵਿਸ਼ੇਸ਼ ਸੱਭਿਆਚਾਰ ਵਿਚ ਪਰਿਵਾਰ ਦੀ ਇਕਾਈ ਨੂੰ ਸਿਰਜਣ ਦਾ ਕਾਰਜ ਵਿਆਹ-ਪ੍ਰਬੰਧ ਰਾਹੀਂ ਕੀਤਾ ਜਾਂਦਾ ਹੈ। ਸਮੁੱਚੇ ਮਨੁੱਖੀ ਜੀਵਨ ਵਿਚ ਸੱਭਿਆਚਾਰਕ ਤੌਰ ’ਤੇ ਤਿੰਨ ਅਜਿਹੇ ਮਹੱਤਵਪੂਰਣ ਪੜਾਅ ਹਨ, ਜਿਨ੍ਹਾਂ ਤੋਂ ਸਾਰੇ ਮਨੁੱਖੀ ਰਿਸ਼ਤੇ ਉਤਪੰਨ ਹੁੰਦੇ ਹਨ। ਇਨ੍ਹਾਂ ਪੜਾਵਾਂ ਵਿੱਚੋਂ ਜਨਮ ਅਤੇ ਮੌਤ ਨਾਲ ਪ੍ਰਾਕ੍ਰਿਤਕ ਅਵਸਥਾ

ਨਾਲ ਸੰਬੰਧਿਤ ਹਨ ਅਤੇ ਵਿਆਹ ਸੱਭਿਆਚਾਰਕ ਪ੍ਰਬੰਧ ਵਲੋਂ ਸਿਰਜੀ ਗਈ ਵਿਉਂਤ ਦਾ ਵਿਸ਼ੇਸ਼ ਰੂਪ ਹੈ। ਇਹ ਤਿੰਨੇ ਹੀ ਮਨੁੱਖੀ ਰਿਸ਼ਤਿਆਂ ਦੀ ਸਿਰਜਣਾ ਅਤੇ ਪਛਾਣ ਦੇ ਨਿਵੇਕਲੇ ਮੋੜ ਹਨ। ਜਨਮ ਤੋਂ ਬਾਅਦ ਬੱਚਾ ਵਿਸ਼ੇਸ਼ ਰਿਸ਼ਤਾ-ਨਾਤਾ ਪ੍ਰਬੰਧ ਵਿਚ ਵਿਭਿੰਨ ਨਵੇਂ ਰਿਸ਼ਤਿਆਂ ਦੀ ਸਿਰਜਣ ਦਾ ਆਧਾਰ ਬਣਦਾ ਹੈ ਅਤੇ ਇਨ੍ਹਾਂ ਨੂੰ ਪਛਾਣਦਾ ਹੈ, ਜਿਵੇਂ ਮਾਤਾ-ਪਿਤਾ, ਭੈਣ-ਭਰਾ ਆਦਿ। ਮੌਤ ਤੋਂ ਪਿੱਛੋਂ ਭਾਵੇਂ ਪਹਿਲੇ ਸਿਰਜੇ ਗਏ ਸਾਰੇ ਰਿਸ਼ਤੇ ਖਤਮ ਹੋ ਜਾਂਦੇ ਹਨ, ਪਰ ਪਿੱਛੇ ਰਹਿ ਗਏ ਰਿਸ਼ਤੇ ਇਸ ਨਾਲ ਪ੍ਰਭਾਵਿਤ ਜ਼ਰੂਰ ਹੁੰਦੇ ਹਨ।

ਹਰ ਇੱਕ ਸੱਭਿਆਚਾਰ ਦੇ ਵਿਸ਼ੇਸ਼ ਸਰੂਪ ਅਨੁਸਾਰ ਰਿਸ਼ਤਾ-ਨਾਤਾ-ਪ੍ਰਬੰਧ ਵਿਚ ਵੱਖਰਤਾ ਸੰਭਵ ਹੈ। ਸੱਭਿਆਚਾਰ ਵਿਚ ਰਿਸ਼ਤਾ-ਨਾਤਾ ਪ੍ਰਬੰਧ ਦਾ ਮਹੱਤਵ ਤਾਂ ਹੈ, ਪਰ ਹਰੇਕ ਸੱਭਿਆਚਾਰ ਵਿਚ ਬੁਨਿਆਦੀ ਮਨੁੱਖੀ ਰਿਸ਼ਤੇ ਹੋਣ ਦੇ ਬਾਵਜੂਦ ਇਨ੍ਹਾਂ ਦੀ ਮਹੱਤਤਾ ਬਿਲਕੁਲ ਇਕਸਾਰ ਨਹੀਂ। ਰਿਸ਼ਤਾ-ਨਾਤਾ ਪ੍ਰਬੰਧ ਸਮਾਜਿਕ ਸੰਗਠਨ ਵਿਚ ਕੰਮ ਕਰ ਰਹੇ ਅਨੇਕ ਪੱਖਾਂ ਉੱਪਰ ਅਧਾਰਿਤ ਹੁੰਦਾ ਹੈ। ਵੱਖ-ਵੱਖ ਰਿਸ਼ਤਿਆਂ ਦਾ ਵੀ ਵਿਭਿੰਨ ਸੱਭਿਆਚਾਰਾਂ ਵਿਚ ਵੱਖੋ-ਵੱਖਰਾ ਸਥਾਨ ਸੰਭਵ ਹੈ। ਹਰੇਕ ਰਿਸ਼ਤਾ ਹਰੇਕ ਸੱਭਿਆਚਾਰ ਵਿਚ ਬਰਾਬਰ ਦੀ ਮਹੱਤਤਾ ਨਹੀਂ ਰੱਖਦਾ, ਭਾਵੇਂ ਕੁਝ ਇੱਕ ਬੁਨਿਆਦੀ ਮਨੁੱਖੀ ਰਿਸ਼ਤੇ ਕਿਸੇ ਨਾ ਕਿਸੇ ਪੱਧਰ ’ਤੇ ਹਰੇਕ ਸੱਭਿਆਚਾਰ ਵਿਚ ਵਿਦਮਾਨ ਹੁੰਦੇ ਹਨ। ਇਹ ਵੱਖਰਤਾ ਵਿਭਿੰਨ ਸੱਭਿਆਚਾਰਾਂ ਦੇ ਰਿਸ਼ਤਾ ਨਾਤਾ ਪ੍ਰਬੰਧ ਦੀ ਨਾਮਾਵਲੀ ਨਾਲ ਵੀ ਸਬੰਧਿਤ ਹੈ।

ਮੂਲ ਮਨੁੱਖੀ ਰਿਸ਼ਤਿਆਂ ਨੂੰ ਹਰੇਕ ਸੱਭਿਆਚਾਰ ਵਿਚ ਪ੍ਰਗਟਾਉਣ ਲਈ ਵਿਭਿੰਨ ਸ਼ਬਦ ਹੁੰਦੇ ਹਨ, ਜਿਨ੍ਹਾਂ ਵਿਚ ਇੱਕ ਪ੍ਰਕਾਰ ਦੀ ਸਾਂਝ ਵੀ ਹੁੰਦੀ ਹੈ। ਵੱਖ-ਵੱਖ ਸੱਭਿਆਚਾਰਾਂ ਵਿਚ ਸਮੁੱਚੇ ਰਿਸ਼ਤਿਆਂ ਨੂੰ ਪ੍ਰਗਟਾਉਣ ਲਈ ਇਕਸਾਰ ਸ਼ਬਦਾਵਲੀ ਹੋ ਸਕਣਾ ਸੰਭਵ ਨਹੀਂ। ਵੱਖ-ਵੱਖ ਸੱਭਿਆਚਾਰਾਂ ਵਿਚ ਹਰੇਕ ਰਿਸ਼ਤੇ ਨਾਤੇ ਨੂੰ ਪ੍ਰਗਟ ਕਰਨ ਲਈ ਜ਼ਰੂਰੀ ਨਹੀਂ ਇੱਕੋ ਜਿਹੇ ਜਾਂ ਇਹ ਵੀ ਜ਼ਰੂਰੀ ਨਹੀਂ ਕਿ ਸ਼ਬਦ ਵੀ ਹੋਣ। ਮਿਸਾਲ ਵਜੋਂ ਕਈ ਸੱਭਿਆਚਾਰ ਅਜਿਹੇ ਹਨ, ਜਿਨ੍ਹਾਂ ਵਿਚ ਵਿਭਿੰਨ ਰਿਸ਼ਤਿਆਂ ਨੂੰ ਪ੍ਰਗਟ ਕਰਨ ਲਈ ਇੱਕੋ ਸ਼ਬਦ ਹੈ। ਪੰਜਾਬੀ ਵਿਚ ਜਿੱਥੇ ਮਾਮੇ, ਚਾਚੇ, ਤਾਏ, ਫੁੱਫੜ, ਮਾਸੜ ਆਦਿ ਲਈ ਵੱਖਰੇ-ਵੱਖਰੇ ਸ਼ਬਦ ਹਨ, ਅੰਗਰੇਜ਼ੀ ਭਾਸ਼ਾ ਅਤੇ ਉਨ੍ਹਾਂ ਦੇ ਸੱਭਿਆਚਾਰ ਵਿਚ ਸਿਰਫ ‘ਅੰਕਲ’ ਸ਼ਬਦ ਹੀ ਹੈ। ਇਸ ਦਾ ਭਾਵ ਇਹ ਹੈ ਕਿ ਹਰੇਕ ਸੱਭਿਆਚਾਰ ਵਿਚ ਆਪਣੇ ਵਿਸ਼ੇਸ਼ ਸਰੂਪ ਅਨੁਸਾਰ ਰਿਸ਼ਤਿਆਂ ਦੀ ਪਛਾਣ, ਮਹੱਤਤਾ ਅਤੇ ਗੌਰਵ ਅਨੁਸਾਰ ਲੋੜੀਂਦੀ ਸ਼ਬਦਾਵਲੀ ਆਪਣੇ-ਆਪ ਘੜੀ ਜਾਂਦੀ ਹੈ। ਇਸ ਵਿਚ ਵੱਖਰਤਾ ਵੱਖ-ਵੱਖ ਸੱਭਿਆਚਾਰਾਂ ਅਨੁਸਾਰ ਸੰਭਵ ਹੈ, ਕਿਉਂਕਿ ਮਾਤਾ-ਪਿਤਾ, ਬੱਚੇ, ਭੈਣ, ਭਰਾ ਆਦਿ ਨਿਰੀਆਂ ਸਤਿਕਾਰਿਤ ਪਦਵੀਆਂ ਹੀ ਨਹੀਂ, ਸਗੋਂ ਇਹ ਆਪਣੇ ਨਾਲ ਸੰਪੂਰਣ ਰੂਪ ਵਿਚ ਨਿਸ਼ਚਿਤ ਅਤੇ ਬਹੁਤ ਗੰਭੀਰ ਜ਼ਿੰਮੇਵਾਰੀਆਂ ਰੱਖਦੇ ਹਨ। ਇਨ੍ਹਾਂ ਰਿਸ਼ਤਿਆਂ ਦਾ ਸਮੁੱਚ ਉਨ੍ਹਾਂ ਲੋਕਾਂ ਦੇ ਸਮਾਜਿਕ ਵਿਧਾਨ ਦਾ ਅਤਿ-ਜ਼ਰੂਰੀ ਹਿੱਸਾ ਬਣਾਉਂਦਾ ਹੈ।

ਸਮਾਜਿਕ ਰਿਸ਼ਤਾ ਪ੍ਰਣਾਲੀ ਬਹੁਪੱਖੀ ਤੇ ਬਹੁਦਿਸ਼ਾਵੀ ਹੁੰਦੀ ਹੈ। ਇੱਕੋ ਵਿਅਕਤੀ ਇੱਕੋ ਸਮੇਂ ਰਿਸ਼ਤੇ ਦੀਆਂ ਅਨੇਕਾਂ ਤੰਦਾਂ ਵਿਚ ਬੱਝਿਆ ਹੁੰਦਾ ਹੈ। ਜੇ ਉਹ ਕਿਸੇ ਦਾ ਪਿਤਾ ਹੈ ਤਾਂ ਨਾਲ ਹੀ ਕਿਸੇ ਦਾ ਭਰਾ, ਪੁੱਤਰ ਤੇ ਪਤੀ ਵੀ ਹੈ। ਇੰਜ ਇਹ ਲੜੀ ਚੱਲਦੀ ਰਹਿੰਦੀ ਹੈ। ਹਰ ਰਿਸ਼ਤੇ ਦਾ ਸਰੂਪ ਅਤੇ ਅਰਥ ਵੱਖ-ਵੱਖ ਵਿਅਕਤੀਆਂ

ਦੇ ਪੱਖ ਤੋਂ ਬਦਲਦਾ ਰਹਿੰਦਾ ਹੈ। ਉਦਾਹਰਨ ਦੇ ਤੌਰ 'ਤੇ ਬੱਚੇ ਦੇ ਪੱਖ ਤੋਂ ਨਾਨਕੇ, ਨਾਨਾ, ਨਾਨੀ, ਮਾਮਾ, ਮਾਮੀ ਹੁੰਦੇ ਹਨ। ਜਦੋਂ ਕਿ ਔਰਤ (ਧੀ) ਲਈ ਮਾਂ ਪਿਉ ਅਤੇ ਭੈਣ ਭਰਾ, ਜਦੋਂ ਕਿ ਮਰਦ (ਜੁਆਈ) ਲਈ ਉਹ ਸੱਸ, ਸਹੁਰਾ, ਸਾਲੇ ਤੇ ਸਾਲ਼ੀਆਂ ਹੁੰਦੇ ਹਨ। ਇਸੇ ਤਰ੍ਹਾਂ ਪੇਕੇ ਪਰਿਵਾਰ ਦੇ ਰਿਸ਼ਤੇ ਬਦਲਦੇ ਰਹਿੰਦੇ ਹਨ।

ਵੱਖ-ਵੱਖ ਰਿਸ਼ਤੇ ਜੀਵਨ ਦੇ ਵੱਖ-ਵੱਖ ਪੱਖਾਂ ਦੀ ਪੂਰਤੀ ਕਰਦੇ ਹਨ। ਹਰ ਰਿਸ਼ਤੇ ਦਾ ਮਾਨਸਿਕ, ਆਰਥਿਕ, ਲਿੰਗਾਤਮਕ, ਸਮਾਜਿਕ ਜਾਂ ਧਾਰਮਿਕ ਮਹੱਤਵ ਹੁੰਦਾ ਹੈ। ਮਾਂ ਪਿਉ, ਚਾਚਾ ਚਾਚੀ, ਤਾਇਆ ਤਾਈ, ਮਾਮਾ ਮਾਮੀ, ਮਾਸੜ ਮਾਸੀ, ਫੁੱਫੜ ਭੂਆ ਆਦਿ ਵੱਡੇ ਥੰਮ੍ਹੇ ਦੇ ਰਿਸ਼ਤੇ ਹਨ। ਮਨੁੱਖ ਇਖਲਾਕੀ ਤੌਰ ਤੇ ਇਨ੍ਹਾਂ ਦਾ ਸਤਿਕਾਰ ਕਰਦਾ ਹੈ। ਮਾਂ ਪਿਉ ਦੀ ਅਣਹੋਂਦ ਕਾਰਨ ਇਸੇ ਪੱਧਰ ਦਾ ਰਿਸ਼ਤਾ ਹੀ ਖਾਲੀ ਖੱਪਾ ਪੂਰਨ ਕਰਨ ਦਾ ਯਤਨ ਕਰਦਾ ਹੈ। ਦਾਦਾ ਦਾਦੀ ਅਤੇ ਨਾਨਾ ਨਾਨੀ ਬਜ਼ੁਰਗ ਪੀੜ੍ਹੀ ਦੇ ਰਿਸ਼ਤੇ ਹਨ ਜੋ ਨਸੀਹਤ ਅਤੇ ਅਗਵਾਈ ਕਰਨ ਦਾ ਵਤੀਰਾ ਅਪਣਾਉਂਦੇ ਹਨ। ਇਨ੍ਹਾਂ ਦੀ ਸੰਤਾਨ ਨੂੰ ਵੀ ਮੂਲ ਪਰਿਵਾਰ ਦੇ ਰਿਸ਼ਤੇ ਪੈਟਰਨ ਅਨੁਸਾਰ ਮੰਨਿਆ ਜਾਂਦਾ ਹੈ।

ਮਨੁੱਖੀ ਰਿਸ਼ਤੇ ਉਹ ਸਾਂਝਾਂ ਹਨ ਜਿਹੜੀਆਂ ਕਿ ਮਨੁੱਖ ਦੇ ਜਨਮ ਨਾਲ ਹੀ ਆਪਣੇ ਆਪ ਹੀ ਉਸ ਨਾਲ ਜੁੜ ਜਾਂਦੀਆਂ ਹਨ। ਇਹ ਰਿਸ਼ਤੇ ਲੋਕਧਾਰਾ ਦਾ ਹਿੱਸਾ ਹਨ ਕਿਉਂਕਿ ਇਨ੍ਹਾਂ ਨੂੰ ਲੋਕ ਸਮੂਹ ਦੀ ਪ੍ਰਵਾਨਗੀ ਮਿਲੀ ਹੋਈ ਹੈ ਅਤੇ ਸਦੀਆਂ ਤੋਂ ਹੀ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਚੱਲਦੇ ਆ ਰਹੇ ਹਨ। ਮਨੁੱਖ ਸਦੀਆਂ ਤੋਂ ਹੀ ਇਨ੍ਹਾਂ ਰਿਸ਼ਤਿਆਂ ਨੂੰ ਨਿਭਾਉਂਦਾ ਆ ਰਿਹਾ ਹੈ। ਕਿਸੇ ਵੀ ਸ਼ੁਭ ਕਾਰਜ ਨੂੰ ਸ਼ੁਰੂ ਕਰਨ ਸਮੇਂ ਇਨ੍ਹਾਂ ਰਿਸ਼ਤਿਆਂ ਦੀ ਭਾਗੀਦਾਰੀ ਜ਼ਰੂਰੀ ਹੁੰਦੀ ਹੈ। ਪੰਜਾਬੀ ਸੱਭਿਆਚਾਰ ਵਿਚ ਰਿਸ਼ਤਿਆਂ ਨੂੰ ਬਹੁਤ ਹੀ ਸਨਮਾਨ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਪੰਜਾਬੀ ਆਪਣੇ ਜੀਵਨ ਵਿਚ ਹਰ ਰਿਸ਼ਤੇ ਨੂੰ ਬਹੁਤ ਹੀ ਅਹਿਮੀਅਤ ਦਿੰਦੇ ਹਨ। ਇਸੇ ਲਈ ਤਾਂ ਹਰ ਸ਼ੁਭ ਕੰਮ ਸ਼ੁਰੂ ਕਰਨ ਸਮੇਂ ਰਿਸ਼ਤੇਦਾਰੀ ਨੂੰ ਇਕੱਠਾ ਕੀਤਾ ਜਾਂਦਾ ਹੈ। ਖੁਸ਼ੀ ਹੀ ਨਹੀਂ ਸਗੋਂ ਗਮੀ ਵਿਚ ਵੀ ਮਨੁੱਖੀ ਰਿਸ਼ਤੇ ਆਪਣੀ ਵਿਸ਼ੇਸ਼ ਭਾਗੀਦਾਰੀ ਨਿਭਾਉਂਦੇ ਹਨ। ਖੁਸ਼ੀ ਅਤੇ ਗਮੀ ਨਾਲ ਸੰਬੰਧਿਤ ਰਸਮਾਂ ਵਿਚ ਮਨੁੱਖੀ ਰਿਸ਼ਤਿਆਂ ਦੀ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਵੱਡਿਆਂ ਨੂੰ ਸਤਿਕਾਰ ਅਤੇ ਛੋਟਿਆਂ ਨੂੰ ਵੀ ਬਣਦਾ ਪਿਆਰ ਤੇ ਸਨਮਾਨ ਦਿੱਤਾ ਜਾਂਦਾ ਹੈ। ਮਾਨਵੀ ਰਿਸ਼ਤਿਆਂ ਨੂੰ ਜਿਸ ਤਰ੍ਹਾਂ ਪੰਜਾਬੀ ਭਾਈਚਾਰੇ ਵਿਚ ਨਿਭਾਉਣ ਦੀ ਮਿਸਾਲ ਮਿਲਦੀ ਹੈ ਸ਼ਾਇਦ ਹੀ ਦੁਨੀਆਂ ਦੇ ਕਿਸੇ ਵੀ ਹੋਰ ਭਾਈਚਾਰੇ ਵਿਚ ਮਿਲਦੀ ਹੋਵੇ।

**ਪਰਿਭਾਸ਼ਾ**

ਲੇਸਿਲ ਏ. ਵਾਈਟ ਦੇ ਸ਼ਬਦਾਂ ਵਿਚ "ਰਿਸ਼ਤਾ-ਨਾਤਾ ਇੱਕ ਤਕਨੀਕੀ ਸ਼ਬਦ ਹੈ ਜਿਹੜਾ ਕਿ ਪਤੀ, ਪਤਨੀ, ਮਾਪੇ, ਬੱਚੇ ਜਾਂ ਬੱਚਿਆਂ ਵਿਚਕਾਰ ਸੰਬੰਧਾਂ ਵਿਚੋ ਉਤਪੰਨ ਹੋਏ ਸਮਾਜਿਕ ਰਿਸ਼ਤਿਆਂ ਨੂੰ ਵਿਸ਼ੇਸ਼ ਨਾਮ ਪ੍ਰਦਾਨ ਕਰਦਾ ਹੈ।"[2]

**ਵਿਆਹ ਪ੍ਰਬੰਧ**

ਨਰ ਅਤੇ ਮਾਦਾ ਦੇ ਪ੍ਰਾਕ੍ਰਿਤਕ ਰਿਸ਼ਤੇ ਦਾ ਨਿਸ਼ਚਿਤ ਸੱਭਿਆਚਾਰਕ ਵਿਧੀ-ਵਿਧਾਨ ਅਨੁਕੂਲ ਸਿਰਜਤ ਪਤੀ ਪਤਨੀ ਦਾ ਰਿਸ਼ਤਾ, ਵਾਸਤਵ ਵਿਚ ਮਰਦ ਇਸਤਰੀ ਜਿਨਸੀ ਸੰਬੰਧਾਂ ਦਾ ਸੱਭਿਆਚਾਰੀਕਰਣ ਹੈ। ਨਰ ਅਤੇ ਮਾਦਾ ਅਥਵਾ ਮਰਦ ਇਸਤਰੀ ਰਿਸ਼ਤੇ ਦਾ ਸੱਭਿਆਚਾਰੀਕਰਣ ਕਰ ਕੇ ਇਸ ਨੂੰ ਪਤੀ-ਪਤਨੀ ਰਿਸ਼ਤੇ ਦਾ ਨਾਂ ਦਿੱਤਾ ਗਿਆ ਹੈ। ਇਸ ਰਿਸ਼ਤੇ ਦੀ ਸਿਰਜਣਾ ਦਾ ਵਿਧੀ ਵਿਧਾਨ ਹੀ ਵਿਆਹ-ਪ੍ਰਬੰਧ ਅਖਵਾਉਂਦਾ ਹੈ। ਵਿਆਹ-ਪ੍ਰਬੰਧ ਪਤੀ-ਪਤਨੀ ਦਾ ਰਿਸ਼ਤਾ ਸਿਰਜਦਾ ਹੈ ਤੇ ਇਹ ਪਤੀ-ਪਤਨੀ ਪਰਿਵਾਰਿਕ ਇਕਾਈ ਦਾ ਆਧਾਰ ਬਣਦੇ ਹਨ। ਬੱਚੇ ਦੇ ਜਨਮ ਨਾਲ ਇੱਕ ਪਤੀ-ਪਤਨੀ ਮਾਂ ਬਾਪ ਬਣ ਜਾਂਦੇ ਹਨ। ਉਸ ਤੋਂ ਵਡੇਰੀ ਪੀੜ੍ਹੀ ਦਾਦਾ ਦਾਦੀ ਬਣ ਜਾਂਦੀ ਹੈ। ਭਰਾ ਚਾਚੇ, ਤਾਏ ਅਤੇ ਭੈਣ ਭੂਆ ਬਣ ਜਾਂਦੀ ਹੈ। ਇੰਜ ਹੀ ਵਿਆਹ ਤੋਂ ਬਾਦ ਲੜਕੀ ਦੋ ਪਰਿਵਾਰਾਂ ਨੂੰ ਜੋੜਦੀ ਹੈ। ਮਰਦ ਦੀ ਨਿਸਬਤ ਵਿਆਹੁਤਾ ਇਸਤਰੀ ਦੋ ਪਰਿਵਾਰਾਂ ਵਿਚ ਵਧੇਰੇ ਮਾਨਤਾ ਰੱਖਦੀ ਹੈ। ਲੜਕੀ ਦਾ ਪਰਿਵਾਰ ਅਤੇ ਲੜਕੇ ਦਾ ਪਰਿਵਾਰ ਸ਼ਾਦੀ ਮਗਰੋਂ ਰਿਸ਼ਤਾ ਪ੍ਰਣਾਲੀ ਦਾ ਥੰਮ੍ਹ ਬਣਦੇ ਹਨ, ਜਿਸ ਉੱਪਰ ਪੰਜਾਬੀ ਕੁੜਮਾਚਾਰੀ ਦਾ ਮਹਿਲ ਉਸਰਦਾ ਹੈ। ਇਸ ਪ੍ਰਕਾਰ ਵੱਖ-ਵੱਖ ਤਰ੍ਹਾਂ ਦੀਆਂ ਵਿਆਹ ਪ੍ਰਣਾਲੀਆਂ ਵਿਚ ਰਿਸ਼ਤਾ-ਨਾਤਾ ਪ੍ਰਬੰਧ ਦੇ ਅਨੇਕ ਰਿਸ਼ਤਿਆਂ ਵਿਚ ਨਵੀਨ ਭਾਂਤ ਦੀ ਬਹੁ-ਪੱਖਤਾ ਪ੍ਰਤੱਖ ਹੈ। ਸਾਡੇ ਸਮਾਜ ਵਿਚ ਪ੍ਰਚਲਿਤ ਵੱਟਾ ਵਿਆਹ ਦੀ ਪ੍ਰਥਾ ਨਾਲ ਇੱਕੋ ਸਮੇਂ ਮਾਮਾ/ਫ਼ੁਫ਼ੜ, ਮਾਮੀ/ ਭੂਆ ਆਦਿਕ ਰਿਸ਼ਤੇ ਇੱਕੋ ਵਿਅਕਤੀ ਵਿੱਚ ਹੀ ਪਛਾਣੇ ਜਾਂਦੇ ਹਨ। ਇਵੇਂ ਹੀ ਦੋ ਸਕੇ ਭਰਾਵਾਂ ਦਾ, ਦੋ ਸਕੀਆਂ ਭੈਣਾਂ ਨੂੰ ਆਪਣੀਆਂ ਪਤਨੀਆਂ ਬਣਾਉਣਾ ਇਕੋ ਹੀ ਸਮੇਂ ਚਾਚੀ/ ਤਾਈ/ਮਾਸੀ, ਚਾਚਾ/ਤਾਇਆ/ਮਾਸੜ, ਦਰਾਣੀ, ਜਠਾਣੀ/ਭੈਣ ਆਦਿ ਰਿਸ਼ਤੇ ਸਿਰਜਦਾ ਹੈ।

**ਸਰੂਪ**

ਮਨੁੱਖੀ ਰਿਸ਼ਤਿਆਂ ਦੇ ਸਰੂਪ ਦੀ ਗੱਲ ਕਰੀਏ ਤਾਂ ਹਰ ਸਮਾਜ ਵਿਚ ਰਿਸ਼ਤੇ ਦੀਆਂ ਦੋ ਪ੍ਰਮੁੱਖ ਕਿਸਮਾਂ ਮਿਲਦੀਆਂ ਹਨ। ਪਹਿਲੀ ਕਿਸਮ ਵਿਚ ਲਹੂ ਦੇ ਰਿਸ਼ਤੇ ਆਉਂਦੇ ਹਨ ਤੇ ਦੂਸਰੀ ਕਿਸਮ ਦੇ ਰਿਸ਼ਤੇ ਹਨ ਜਿਹੜੇ ਮਨੁੱਖ ਦੁਆਰਾ ਸਿਰਜੇ ਜਾਂਦੇ ਹਨ। ਪਹਿਲੇ ਰਿਸ਼ਤੇ ਨਾਲ ਉਸ ਦੀ ਜਨਮ ਸਾਂਝ ਹੁੰਦੀ ਹੈ ਤਾਂ ਦੂਸਰੇ ਨਾਲ ਮਨ ਸਦਕਾ। ਇਨ੍ਹਾਂ ਰਿਸ਼ਤਿਆਂ ਨੂੰ ਹੀ ਅੱਗੇ ਅਸੀਂ ਹੇਠ ਲਿਖਿਆ ਨਾਮ ਵੀ ਦਿੰਦੇ ਹਾਂ-

- ਪ੍ਰਵਾਨਿਤ ਰਿਸ਼ਤੇ
- ਅਪ੍ਰਵਾਨਿਤ ਰਿਸ਼ਤੇ

ਇਨ੍ਹਾਂ ਰਿਸ਼ਤਿਆਂ ਨੂੰ ਅਸੀਂ ਜਾਇਜ਼ ਅਤੇ ਨਜਾਇਜ਼ ਰਿਸ਼ਤਿਆਂ ਦਾ ਨਾਮ ਵੀ ਦੇ ਦਿੰਦੇ ਹਾਂ। ਇਹ ਰਿਸ਼ਤੇ ਸਮਾਜਿਕ ਨਿਯਮਾਂ ਅਨੁਸਾਰ ਬਣਾਏ ਤੇ ਸਵੀਕਾਰੇ ਜਾਂਦੇ ਹਨ, ਕਿਉਂਕਿ ਇਹ ਰਿਸ਼ਤੇ ਸਮੁੱਚੇ ਭਾਈਚਾਰੇ ਦੀ ਸਹਿਮਤੀ ਨਾਲ ਹੀ ਬਣਾਏ ਜਾਂਦੇ ਹਨ।

**ਪ੍ਰਵਾਨਿਤ ਰਿਸ਼ਤੇ**

ਪ੍ਰਵਾਨਿਤ ਰਿਸ਼ਤੇ ਉਹ ਰਿਸ਼ਤੇ ਹਨ ਜਿਹੜੇ ਕਿ ਸਮਾਜਿਕ ਨਿਯਮਾਂ ਅਨੁਸਾਰ ਬਣਾਏ ਜਾਂਦੇ ਹਨ ਤੇ ਜਿਸ ਨੂੰ ਕਿ ਸਮਾਜ ਆਪਣੀ ਪ੍ਰਵਾਨਗੀ ਦਿੰਦਾ ਹੈ। ਪ੍ਰਵਾਨਿਤ ਰਿਸ਼ਤਿਆਂ ਦੀਆਂ ਕਈ ਕਿਸਮਾਂ ਹਨ ਜੋ ਕਿ ਹੇਠ ਲਿਖੀਆਂ ਹਨ:

**ਖ਼ੂਨ ਦੇ ਰਿਸ਼ਤੇ**

ਪ੍ਰਵਾਨਿਤ ਰਿਸ਼ਤਿਆਂ ਵਿਚ ਪਹਿਲੀ ਕਿਸਮ ਖ਼ੂਨ ਦੇ ਰਿਸ਼ਤਿਆਂ ਦੀ ਹੈ। ਉਹ ਰਿਸ਼ਤੇ ਜਿਹੜੇ ਇੱਕ ਹੀ ਖ਼ੂਨ ਨਾਲ ਸੰਬੰਧਿਤ ਹੁੰਦੇ ਹਨ। ਇਹ ਸਭ ਤੋ ਕਰੀਬੀ ਕਿਸਮ ਦੇ ਰਿਸ਼ਤੇ ਹਨ। ਜਿਵੇ ਭੈਣ-ਭਰਾ, ਭੈਣ-ਭੈਣ, ਭਰਾ-ਭਰਾ ਦਾ ਰਿਸ਼ਤਾ। ਪੰਜਾਬੀ ਜੀਵਨ ਵਿਚ ਇਹ ਵਿਸ਼ੇਸ਼ ਮਹੱਤਵ ਰੱਖਦੇ ਹਨ ਅਤੇ ਪੂਰੀ ਉਮਰ ਇਨ੍ਹਾਂ ਰਿਸ਼ਤਿਆਂ ਨੂੰ ਬੜੀ ਸ਼ਿੱਦਤ ਅਤੇ ਪਿਆਰ ਨਾਲ ਨਿਭਾਇਆ ਜਾਂਦਾ ਹੈ। ਇੱਥੋਂ ਤੱਕ ਕਿ ਭੈਣ-ਭਰਾ ਇੱਕ ਦੂਜੇ ਦੇ ਬੱਚਿਆਂ ਨੂੰ ਵੀ ਓਨਾ ਹੀ ਮੋਹ ਕਰਦੇ ਹਨ ਜਿੰਨਾ ਕਿ ਉਹ ਆਪਣੇ ਬੱਚਿਆਂ ਨੂੰ ਕਰਦੇ ਹਨ। ਇਸੇ ਲਈ ਤਾਂ ਮਾਮਾ ਆਪਣੀ ਭੈਣ ਦੇ ਬੱਚਿਆਂ ਦੇ ਵਿਆਹ ਨਾਲ ਸੰਬੰਧਿਤ ਰਸਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਉਂਦਾ ਹੈ। ਇਸੇ ਤਰ੍ਹਾਂ ਭਾਣਜੇ-ਭਾਣਜੀ ਦੇ ਵਿਆਹ ਵਿਚ ਭੂਆ ਵੀ ਆਪਣੀ ਜਿੰਮੇਦਾਰੀ ਨੂੰ ਬੜੇ ਪਿਆਰ ਨਾਲ ਨਿਭਾਉਂਦੀ ਹੈ। ਮੁਕੰਮਲ ਤੌਰ ’ਤੇ ਲਿੰਗ-ਮਨਾਹੀ ਤੇ ਅਧਾਰਿਤ ਸਮਾਜਿਕ ਪੱਖ ਤੋਂ ਇਹ ਅਤਿਅੰਤ ਅਹਿਮੀਅਤ ਰੱਖਦਾ ਰਿਸ਼ਤਾ ਹੈ। ‘ਰਾਖੀ ਬੰਧਨ’ ਤੇ ‘ਟਿੱਕਾ ਭਾਈ ਦੂਜ’ ਵਰਗੇ ਤਿਉਹਾਰ ਇਸੇ ਪਾਵਨ ਰਿਸ਼ਤੇ ਨੂੰ ਸਮਰਪਿਤ ਤਿਉਹਾਰ ਹਨ।

**ਜਨਮ ਦੁਆਰਾ ਨਿਰਧਾਰਿਤ ਰਿਸ਼ਤੇ**

ਦੂਸਰੀ ਕਿਸਮ ਦੇ ਪ੍ਰਵਾਨਿਤ ਰਿਸ਼ਤੇ ਹਨ ਜਨਮ ਦੁਅਰਾ ਨਿਰਧਾਰਿਤ ਰਿਸ਼ਤੇ। ਜਿਵੇਂ ਮਾਂ-ਪੁੱਤ, ਮਾਂ-ਧੀ, ਪਿਉ-ਧੀ, ਪਿਉ-ਪੁੱਤ। ਇਹ ਉਹ ਰਿਸ਼ਤੇ ਹਨ ਜਿਹੜੇ ਕਿ ਬੱਚੇ ਦੇ ਜਨਮ ਲੈਣ ਤੋਂ ਬਾਅਦ ਬਣਦੇ ਹਨ। ਇਹ ਰਿਸ਼ਤੇ ਵੀ ਕਾਫੀ ਮਹੱਤਵਪੂਰਨ ਹੁੰਦੇ ਹਨ। ਇਨ੍ਹਾਂ ਰਿਸ਼ਤਿਆਂ ਤੋਂ ਹੀ ਇੱਕ ਪਰਿਵਾਰ ਦਾ ਜਨਮ ਹੁੰਦਾ ਹੈ। ਬੱਚੇ ਆਪਣੇ ਮਾਂ-ਬਾਪ ਦੀਆਂ ਅੱਖਾਂ ਦੇ ਤਾਰੇ ਹੁੰਦੇ ਹਨ ਅਤੇ ਸਭ ਤੋਂ ਵੱਡੀ ਕਮਜ਼ੋਰੀ ਵੀ। ਇਸੇ ਤਰ੍ਹਾਂ ਬੱਚਿਆਂ ਦੀਆਂ ਵੀ ਆਪਣੇ ਮਾਂ ਬਾਪ ਨਾਲ ਮੋਹ ਦੀਆਂ ਤੰਦਾਂ ਜੁੜੀਆਂ ਹੁੰਦੀਆਂ ਹਨ। ਉਹ ਆਪਣੇ ਮਾਂ ਬਾਪ ਕੋਲ ਹੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦੇ ਹਨ।

**ਪਰਿਵਾਰਿਕ ਰਿਸ਼ਤੇ**

ਪਰਿਵਾਰਿਕ ਰਿਸ਼ਤੇ ਤੀਸਰੀ ਕਿਸਮ ਦੇ ਪ੍ਰਵਾਨਿਤ ਰਿਸ਼ਤੇ ਹਨ। ਇਸ ਵੰਨਗੀ ਤਹਿਤ ਚਾਚਾ-ਭਤੀਜਾ, ਤਾਇਆ-ਭਤੀਜਾ, ਭੂਆ-ਭਤੀਜਾ, ਭੂਆ-ਭਤੀਜੀ, ਮਾਮਾ-ਭਾਣਜਾ, ਮਾਮਾ-ਭਣੇਵੀਂ, ਮਾਮੀ, ਨਾਨਾ-ਦੋਹਤਾ, ਨਾਨਾ-ਦੋਹਤੀ, ਦਾਦਾ-ਪੋਤਾ, ਦਾਦਾ-ਪੋਤੀ, ਦਾਦੀ, ਨਾਨੀ, ਚਾਚੀ, ਤਾਈ ਅਤੇ ਇਨ੍ਹਾਂ ਦੀ ਔਲਾਦ ਨਾਲ ਸੰਬੰਧਿਤ ਰਿਸ਼ਤੇ ਹਨ। ਨਾਨਕੇ ਅਤੇ ਦਾਦਕੇ ਇਸ ਵੰਨਗੀ ਵਿੱਚ ਆਉਂਦੇ ਹਨ। ਇਨ੍ਹਾਂ ਰਿਸ਼ਤਿਆਂ ਦੀ ਆਪਣੀ ਹੀ ਮਹੱਤਤਾ ਹੈ। ਇਹ ਰਿਸ਼ਤੇ ਮੋਹ ਦੀਆਂ ਤੰਦਾਂ ਨਾਲ ਬੰਨ੍ਹੇ ਹੁੰਦੇ ਹਨ। ਮਨੁੱਖੀ ਰਿਸ਼ਤੇ ਸਮਾਜਿਕ ਢਾਂਚੇ ਵਿਚ ਉਹੀ ਕਾਰਜ ਕਰਦੇ ਹਨ, ਜਿਹੜਾ ਕਾਰਜ ਮਨੁੱਖੀ ਸਰੀਰ ਅੰਦਰ ਸਾਹ-ਰਗਾਂ ਕਰਦੀਆਂ ਹਨ। ਪਰਿਵਾਰਿਕ ਰਿਸ਼ਤਿਆਂ ਵਿਚ ਬੱਚੇ ਦੇ ਮਾਂ-ਪਿਉ, ਉਸ ਦੇ ਵਿਆਹੇ, ਅਣਵਿਆਹੇ ਭੈਣ-ਭਰਾ, ਚਾਚੇ-ਤਾਏ, ਅਤੇ ਉਨ੍ਹਾਂ ਦੇ ਬੱਚੇ ਅਤੇ ਦਾਦਾ-ਦਾਦੀ ਇਕੋ

ਛੱਤ ਥੱਲੇ ਰਹਿੰਦੇ ਅਤੇ ਇਕੱਠੇ ਭੋਜਨ-ਪਾਣੀ ਕਰਦੇ ਹਨ। ਇਸ ਤਰ੍ਹਾਂ ਜਿਉਂ-ਜਿਉਂ ਪਰਿਵਾਰ ਦਾ ਘੇਰਾ ਵੱਧਦਾ ਜਾਂਦਾ ਹੈ, ਰਿਸ਼ਤਿਆਂ ਦੀ ਲੜੀ ਵੀ ਲੰਬੀ ਹੁੰਦੀ ਜਾਂਦੀ ਹੈ। ਪੁਰਾਣੇ ਪੰਜਾਬ ਵਿਚ ਸੰਯੁਕਤ ਪਰਿਵਾਰ ਦੀ ਪ੍ਰਥਾ ਵਧੇਰੇ ਰਹੀ ਹੈ।

**ਵਿਆਹ ਰਾਹੀਂ ਬਣਦੇ ਰਿਸ਼ਤੇ**

ਵਿਆਹ ਰਾਹੀਂ ਬਣਦੇ ਰਿਸ਼ਤਿਆਂ ਨੂੰ ਵੀ ਅਸੀ ਪ੍ਰਵਾਨਿਤ ਰਿਸ਼ਤਿਆਂ ਦੀ ਵੰਨਗੀ ਵਿਚ ਰੱਖਦੇ ਹਾਂ। ਮੁੰਡਾ-ਕੁੜੀ ਜਦੋ ਵਿਆਹ ਬੰਧਨ ਵਿਚ ਬੱਝਦੇ ਹਨ ਤੇ ਆਪਣਾ ਗ੍ਰਿਹਸਥ ਜੀਵਨ ਸ਼ੁਰੂ ਕਰਦੇ ਹਨ ਤਾਂ ਉਨ੍ਹਾਂ ਦਾ ਰਿਸ਼ਤਾ ਜੁੜਨ ਦੇ ਨਾਲ-ਨਾਲ ਹੋਰ ਨਵੇਂ ਰਿਸ਼ਤੇ ਵੀ ਜੁੜਦੇ ਹਨ ਜੋ ਕਿ ਉਮਰ ਭਰ ਨਾਲ-ਨਾਲ ਚਲਦੇ ਹਨ ਤੇ ਜੀਵਨ ਨਾਲ ਸੰਬੰਧਿਤ ਰਸਮਾਂ ਵਿਚ ਆਪਣੀ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਜਿਵੇਂ ਸੱਸ-ਨੂੰਹ, ਸਹੁਰਾ-ਨੂੰਹ, ਸਹੁਰਾ-ਜਵਾਈ, ਸੱਸ-ਜਵਾਈ, ਸਾਲ਼ਾ-ਭਣਵੱਈਆ, ਸਾਲ਼ਾ-ਸਾਲ਼ਿਹਾਰ, ਨਣਦ-ਭਰਜਾਈ, ਸਾਲ਼ੀ-ਸਾਂਢੂ, ਦਿਉਰ-ਭਰਜਾਈ, ਜੇਠ-ਜੇਠਾਣੀ, ਪਤੀਸ, ਕੁੜਮ-ਕੁੜਮਣੀ ਤੇ ਇਸ ਨਾਲ ਸੰਬੰਧਿਤ ਹੋਰ ਰਿਸ਼ਤੇ ਆਦਿ। ਇਹ ਰਿਸ਼ਤੇ ਬਹੁਤ ਹੀ ਨਾਜ਼ੁਕ ਹੁੰਦੇ ਹਨ। ਇੱਕ ਛੋਟੀ ਜਿਹੀ ਗਲਤਫਹਿਮੀ ਕਈ ਵਾਰ ਇਨ੍ਹਾਂ ਰਿਸ਼ਤਿਆਂ ਨੂੰ ਤੋੜਨ ਦੀ ਕਗਾਰ ’ਤੇ ਲੈ ਆਉਂਦੀ ਹੈ। ਵਿਆਹ-ਪ੍ਰਬੰਧ ਪਤੀ-ਪਤਨੀ ਦਾ ਰਿਸ਼ਤਾ ਸਿਰਜਦਾ ਹੈ ਤੇ ਇਹ ਪਤੀ-ਪਤਨੀ ਪਰਿਵਾਰਿਕ ਇਕਾਈ ਦਾ ਆਧਾਰ ਬਣਦੇ ਹਨ। ਸਮੁੱਚੇ ਰਿਸ਼ਤਾ-ਨਾਤਾ ਪ੍ਰਬੰਧ ਦਾ ਮੂਲ ਧੁਰਾ ਪਤੀ-ਪਤਨੀ ਹਨ ਕਿਉਂਕਿ ਸਾਰੇ ਰਿਸ਼ਤੇ ਪਤੀ-ਪਤਨੀ ਦੇ ਧੁਰੇ ਦੁਆਲਿਓਂ ਹੀ ਆਪਣੀ ਹੋਂਦ ਅਤੇ ਪਛਾਣ ਪ੍ਰਾਪਤ ਕਰਦੇ ਹਨ। ਚਾਹੇ ਇਹ ਪੁੱਤਰ-ਧੀ ਦਾ ਰਿਸ਼ਤਾ ਹੈ ਤਾਂ ਇਸ ਰਿਸ਼ਤੇ ਪਿੱਛੇ ਮਾਂ-ਬਾਪ ਦੇ ਰੂਪ ਤੋਂ ਪਹਿਲਾਂ ਪਤੀ-ਪਤਨੀ ਹਾਜ਼ਿਰ ਹਨ।

**ਭਾਵਨਾਤਮਕ ਰਿਸ਼ਤੇ**

ਇਸ ਵੰਨਗੀ ਵਿਚ ਉਹ ਰਿਸ਼ਤੇ ਆਉਦੇ ਹਨ ਜੋ ਮਨੁੱਖੀ ਭਾਵਾਂ, ਉਦਗਾਰਾਂ, ਪਿਆਰ, ਤ੍ਰੇਹ, ਸਤਿਕਾਰ ਆਦਿ ਦੇ ਮਾਧਿਅਮ ਨਾਲ ਸਿਰਜ ਲਏ ਜਾਂਦੇ ਹਨ। ਬੇਸ਼ਕ ਅਜਿਹੇ ਰਿਸ਼ਤਿਆਂ ਵਿਚ ਖ਼ੂਨ ਦੀ ਸਾਂਝ ਨਹੀਂ ਹੁੰਦੀ ਪਰ ਪਿਆਰ ਗੂੜ੍ਹਾ ਹੁੰਦਾ ਹੈ। ਉਮਰ ਭਰ ਅਜਿਹੇ ਰਿਸ਼ਤੇ ਸਕੇ ਰਿਸ਼ਤਿਆਂ ਵਾਂਗ ਹੀ ਸਾਥ ਨਿਭਾਉਂਦੇ ਹਨ। ਇਸ ਪ੍ਰਕਾਰ ਦੇ ਰਿਸ਼ਤੇ ਹਨ-ਦੋਸਤ, ਮਿੱਤਰ, ਸਹਿਕਰਮੀ, ਅਧਿਆਪਕ, ਵਿਦਿਆਰਥੀ ਆਦਿ। ਇਹ ਉਹ ਰਿਸ਼ਤੇ ਹਨ ਜਿਹੜੇ ਕਿ ਮਨੁੱਖ ਨੂੰ ਇਕੱਲਤਾ ਦਾ ਅਹਿਸਾਸ ਨਹੀਂ ਹੋਣ ਦਿੰਦੇ। ਮਨੁੱਖ ਆਪਣੀਆਂ ਉਹ ਸਮੱਸਿਆਵਾਂ ਜਾਂ ਗਹਿਰੇ ਰਾਜ ਇਨ੍ਹਾਂ ਰਿਸ਼ਤਿਆਂ ਨਾਲ ਸਾਂਝਾ ਕਰਦਾ ਹੈ ਜੋ ਕਿ ਉਹ ਆਪਣੇ ਮਾਂ-ਬਾਪ, ਭੈਣ- ਭਰਾ ਜਾਂ ਸਕੇ ਸੰਬੰਧੀਆਂ ਨਾਲ ਸਾਂਝਾ ਨਹੀਂ ਕਰ ਸਕਦਾ। ਇਹ ਰਿਸ਼ਤੇ ਮਨੁੱਖ ਨੂੰ ਡਿਪ੍ਰੈਸ਼ਨ ਦਾ ਸ਼ਿਕਾਰ ਹੋਣ ਤੋਂ ਬਚਾਉਂਦੇ ਹਨ।

**ਅਪ੍ਰਵਾਨਿਤ ਰਿਸ਼ਤੇ**

ਇਹ ਉਹ ਰਿਸ਼ਤੇ ਹਨ ਜਿਹੜੇ ਕਿ ਸਮਾਜਿਕ ਨਿਯਮਾਂ ਦੇ ਖਿਲਾਫ ਜਾ ਕੇ ਬਣਾਏ ਜਾਂਦੇ ਹਨ ਤੇ ਇਸੇ ਲਈ ਇਨ੍ਹਾਂ ਨੂੰ ਘਰ, ਗ੍ਰਹਿਸਥੀ ਤੇ ਸਮਾਜ ਵਲੋਂ ਕੋਈ ਪਿਆਰ ਜਾਂ ਮਾਣ-ਸਨਮਾਨ ਨਹੀ ਦਿੱਤਾ ਜਾਂਦਾ ਅਤੇ ਨਾ ਹੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਉਲਟਾ ਸਮਾਜਿਕ ਨਮੋਸ਼ੀ, ਬੇਇੱਜਤੀ ਤੇ ਹੋਰ ਕਾਨੂੰਨੀ ਪੀੜਾ ਝੱਲਣੀ ਪੈਂਦੀ ਹੈ। ਪੰਜਾਬੀ ਸੱਭਿਆਚਾਰ ਵਿਚ ਅਜਿਹੇ ਰਿਸ਼ਤਿਆਂ ਨੂੰ ਤ੍ਰਿਸਕਾਰ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਂਦਾ ਹੈ। ਇਹ

ਸੱਭਿਅਕ ਸਮਾਜ ਤੇ ਕੌਮ ਦੇ ਲੋਕਾਂ ਵਾਸਤੇ ਸਦਾ ਹੀ ਹਾਨੀਕਾਰਕ ਸਾਬਿਤ ਹੁੰਦੇ ਹਨ। ਇਹ ਜਾਇਜ਼ ਨਹੀਂ ਸਗੋਂ ਨਜਾਇਜ਼ ਰਿਸ਼ਤੇ ਮੰਨੇ ਜਾਂਦੇ ਹਨ। ਜਦੋਂ ਵੀ ਕੋਈ ਵਿਅਕਤੀ ਅਜਿਹੇ ਰਿਸ਼ਤੇ ਕਾਇਮ ਕਰਦਾ ਹੈ ਤਾਂ ਉਸ ਨੂੰ ਕਈ ਵਾਰ ਸ਼ਰੀਕੇ ਵਿੱਚੋਂ ਕੱਢ ਦਿੱਤਾ ਜਾਂਦਾ ਹੈ ਅਤੇ ਉਸ ਨਾਲ ਸਾਰੇ ਸੰਬੰਧ ਤੋੜ ਲਏ ਜਾਂਦੇ ਹਨ। ਉਸ ਵਿਅਕਤੀ ਨੂੰ, ਉਸ ਦੇ ਮਾਂ-ਪਿਉ ਜਾਂ ਸਕੇ-ਸਬੰਧੀਆਂ ਨੂੰ ਉਮਰ ਭਰ ਸ਼ਰੀਕੇ ਵਲੋਂ ਤਾਹਨੇ-ਮਿਹਣੇ ਦਿੱਤੇ ਜਾਂਦੇ ਹਨ ਜੋ ਕਿ ਕਾਫੀ ਦੁਖਦਾਈ ਹੁੰਦਾ ਹੈ। ਜਿਵੇਂ ਨਜਾਇਜ਼ ਔਲਾਦ, ਸਮਲਿੰਗੀ ਵਿਆਹ ਜਾਂ ਪ੍ਰੇਮ-ਸਬੰਧ।

ਕਈ ਵਾਰ ਤਾਂ ਅਜਿਹੇ ਰਿਸ਼ਤਿਆਂ ਨੂੰ ਬਿਰਾਦਰੀ ਵਿੱਚੋਂ ਛੇਕ ਦਿੱਤਾ ਜਾਂਦਾ ਹੈ। ਬਿਰਾਦਰੀ ਵਿੱਚੋਂ ਛੇਕੇ ਜਾਣਾ ਇੱਕ ਬਹੁਤ ਵੱਡਾ ਸਮਾਜਿਕ ਸਰਾਪ ਹੈ। ਪੰਜਾਬੀ ਭਾਵੇਂ ਵੱਡੇ ਸਾਹਬ ਅੱਗੇ ਨਾ ਝੁਕੇ, ਪਰ ਬਿਰਾਦਰੀ ਸਾਹਵੇਂ ਨਿਮਾਣਾ ਬਣ ਜਾਂਦਾ ਹੈ। ਗਿਲੇ ਰੋਸੇ ਦੂਰ ਕਰਨ ਲਈ ਬਿਰਾਦਰੀ ਦੇ ਇਕੱਠ ਵਿਚ ਦੋਸ਼ੀ ਬੰਦਾ ਪੱਗ ਲਾਹ ਕੇ ਰੁੱਸੇ ਬੰਦੇ ਦੇ ਪੈਰੀਂ ਰੱਖ ਦਿੰਦਾ ਹੈ, ਜਿਸ ਦਾ ਮੰਤਵ ਹੈ ਕਿ ਮੈਂ ਬਿਰਾਦਰੀ ਬਾਝੋਂ ਕੁਝ ਨਹੀਂ ਹਾਂ। ਇਕੋ ਵਡੇਰੇ ਦੀ ਸੰਤਾਨ ਹੋਣ ਕਾਰਨ ਬਿਰਾਦਰੀ ਵਿਚ ਲਹੂ ਦੀ ਸਾਂਝ ਅਤੇ ਦੁੱਖ-ਸੁੱਖ ਦੀ ਸਾਂਝ ਤੇ ਭਾਈਵਾਲੀ ਹੁੰਦੀ ਹੈ।

ਬਦਲਦੇ ਸਮਾਜਿਕ-ਆਰਥਿਕ ਢਾਂਚੇ ਅਨੁਸਾਰ ਪੰਜਾਬੀ ਸਾਕਾਦਾਰੀ ਵਿਚ ਵੀ ਪਰਿਵਰਤਨ ਹੋਇਆ ਮਿਲਦਾ ਹੈ। ਹੁਣ ਚਾਚੇ, ਤਾਏ, ਮਾਮੇ, ਫੁੱਫੜ ਸਾਰੇ ਹੀ ਅੰਕਲ ਕਹੇ ਜਾਂਦੇ ਹਨ। ਚਾਚੀ, ਤਾਈ, ਮਾਸੀ ਤੇ ਮਾਮੀ ਆਂਟੀ ਕਹੀਆਂ ਜਾਂਦੀਆਂ ਹਨ। ਇਨ੍ਹਾਂ ਦੋਵੇਂ ਰਿਸ਼ਤਿਆਂ ਵਿਚ ਨਾ ਸਾਂਝ ਹੈ ਨਾ ਹੀ ਵਿਰੋਧ, ਸਗੋਂ ਅਜਿਹੀ ਸਥਿਤੀ ਪੈਦਾ ਹੋਣ ਤੋਂ ਪਹਿਲਾਂ ਹੀ ਇਹ ਤਿੜਕ ਜਾਂਦੇ ਹਨ। ਇਹ ਰਿਸ਼ਤੇ ਹਾਲੇ ਪੰਜਾਬੀ ਲੋਕ ਮਾਨਸਿਕਤਾ ਦਾ ਅੰਗ ਨਹੀਂ ਬਣੇ, ਇਸ ਲਈ ਲੋਕ-ਧਾਰਾ ਅੰਦਰ ਇਨ੍ਹਾਂ ਦਾ ਜ਼ਿਕਰ ਨਹੀਂ ਹੋਇਆ। ਭਾਵੇਂ ਪੰਜਾਬੀ ਲੋਕ-ਕਾਵਿ ਪੁਰਾਣੇ ਸਮੇਂ ਦੀ ਸਾਕਾਦਾਰੀ ਨੂੰ ਹੀ ਪੇਸ਼ ਕਰ ਰਿਹਾ ਹੈ, ਪਰ ਜਿੰਨੀ ਦੇਰ ਤੱਕ ਪੰਜਾਬੀ ਲੋਕਾਂ ਵਿਚ ਪੰਜਾਬੀਅਤ ਦੇ ਲੱਛਣ ਕਾਇਮ ਹਨ, ਓਨੀ ਦੇਰ ਤੱਕ ਹੀ ਪੰਜਾਬੀ ਸਾਕਾਦਾਰੀ ਦਾ ਇਹ ਸਿਲਸਿਲਾ ਵੀ ਕਾਇਮ ਰਹੇਗਾ।

## ਕਹਾਣੀ ਦਾ ਸਿਧਾਂਤਕ ਤੇ ਇਤਿਹਾਸਕ ਪਰਿਪੇਖ

### ਕਹਾਣੀ ਦੀ ਪਰਿਭਾਸ਼ਾ ਅਤੇ ਸਰੂਪ

ਕਹਾਣੀ ਮਨੁੱਖ ਜਿਤਨੀ ਪੁਰਾਣੀ ਹੈ, ਇਸ ਲਈ ਇਸ ਸ਼ਬਦ ਦੇ ਅਰਥ ਲੱਭਣ ਲਈ ਸਾਨੂੰ ਪੁਰਾਤਨ ਖਜ਼ਾਨਿਆਂ ਨੂੰ ਖੋਜਣਾ ਪਏਗਾ। ਕਹਾਣੀ ਸ਼ਬਦ ਸੰਸਕ੍ਰਿਤ ਦੇ 'ਕਥਾ' ਸ਼ਬਦ ਤੋਂ ਨਿਕਲਿਆ ਹੈ ਜੋ ਪ੍ਰਾਕ੍ਰਿਤ, ਪੈਸ਼ਾਚੀ ਵਿਚ 'ਕਹਾ' ਵਿੱਚ ਵਟ ਗਿਆ। ਗੁਣਾਢਯ ਦੀਆਂ ਕਹਾਣੀਆਂ ਦੀ ਪ੍ਰਸਿੱਧ ਪੁਸਤਕ ਦਾ ਨਾਂ 'ਵਡ ਕਹਾ' (ਵੱਡੀ ਕਹਾਣੀ) ਹੈ ਜੋ ਪੈਸ਼ਾਚੀ ਵਿਚ ਲਿਖੀ ਗਈ ਸੀ। ਜਿਵੇਂ ਗੁਣਾਢਯ (ਗੁਣ+ਆਢਾ, ਗੁਣਾ ਦਾ ਮੁਜਸੱਮਾ) ਨਾਂ ਸੰਕੇਤ ਕਰਦਾ ਹੈ ਕਿ ਉਹ ਇੱਕ ਪ੍ਰਤਿਭਾਸ਼ੀਲ ਮਨੁੱਖ ਅਤੇ ਸੂਖਮ ਬੁੱਧੀ ਵਾਲਾ ਲੇਖਕ ਸੀ। ਉਸ ਨੇ ਸਤਿਆਵਾਨ ਰਾਜੇ ਤੋਂ ਆਪਣੀ ਰਚਨਾ ਨੂੰ ਅਪਮਾਨਿਤ ਹੋਣ ਤੋਂ ਬਚਾਉਣ ਲਈ ਇਸ ਦਾ ਬਹੁਤ ਸਾਰਾ ਹਿੱਸਾ ਨਸ਼ਟ ਕਰ ਦਿੱਤਾ ਸੀ। ਜੋ ਹਿੱਸਾ ਬਚਿਆ ਉਸ ਨੂੰ ਸੋਮਦੇਵ ਨੇ ਸੰਸਕ੍ਰਿਤ ਵਿਚ ਅਨੁਵਾਦਿਆ। ਉੱਪਰਲੇ ਤੱਥਾਂ ਤੋਂ ਦੋ ਸਿੱਟੇ ਨਿੱਕਲਦੇ ਹਨ।

ਇੱਕ ਇਹ ਕਿ ਪੈਸ਼ਾਚੀ ਦਾ ਪੰਜਾਬੀ ਨਾਲ ਡੂੰਘਾ ਰਿਸ਼ਤਾ ਹੈ ਅਤੇ ਦੂਜਾ ਇਹ ਕਿ ਪੈਸ਼ਾਚੀ ਵਿਚ ਵੀ ਅਜਿਹਾ ਉੱਤਮ ਸਾਹਿਤ ਰਚਿਆ ਜਾਂਦਾ ਰਿਹਾ ਹੈ ਜਿਸ ਦਾ ਅਨੁਵਾਦ ਸੰਸਕ੍ਰਿਤ ਵਿਚ ਕਰਨਾ ਗੌਰਵਮਈ ਸਮਝਿਆ ਜਾਂਦਾ ਸੀ।

ਇੰਝ ਕਹਾਣੀ ਦਾ ਅਰਥ ਇਹ ਹੋਇਆ ਉਹ ਕਲਾਤਮਿਕ ਰਚਨਾ ਜੋ ਕਲਪਨਾ, ਉਤਸੁਕਤਾ ਤੇ ਰੌਚਿਕਤਾ ਨਾਲ ਭਰਪੂਰ ਘਟਨਾਵਾਂ ਨੂੰ ਪਾਤਰਾਂ ਰਾਹੀ ਗੋਂਦਮਈ ਤੇ ਨਾਟਕੀ ਢੰਗ ਵਿੱਚ ਪੇਸ਼ ਕਰੇ।

ਜੇ ਕਹਾਣੀ ਦੇ ਸਰੋਤਾਂ ਵੱਲ ਧਿਆਨ ਦਿੱਤਾ ਜਾਵੇ ਤਾਂ ਪਤਾ ਲੱਗਦਾ ਹੈ ਕਿ ਕਹਾਣੀ ਹਜ਼ਾਰਾਂ ਸਾਲਾਂ ਤੋਂ ਸਾਰੇ ਮੁਲਕਾਂ ਵਿਚ ਪ੍ਰਚੱਲਿਤ ਰਹੀ ਹੈ ਅਤੇ ਬਹੁਤ ਸਾਰੇ ਮੁਲਕਾਂ ਦੇ ਕੁਝ ਅਜਿਹੇ ਕਹਾਣੀ ਸੰਗ੍ਰਿਹ ਹਨ ਜੋ ਸੰਸਾਰ ਪੱਧਰ 'ਤੇ ਪ੍ਰਸਿੱਧਤਾ ਪ੍ਰਾਪ੍ਰਤ ਕਰ ਗਏ ਹਨ। ਸਵਾਲ ਇਹ ਪੈਦਾ ਹੁੰਦਾ ਹੈ ਕਿ ਉਹ ਕਿਹੜੀ ਸੁਭਾਗੀ ਧਰਤੀ ਹੈ ਜਿੱਥੇ ਕਹਾਣੀ ਸਭ ਤੋਂ ਪਹਿਲਾਂ ਪ੍ਰਚੱਲਤ ਹੋਈ। ਇਸ ਬਾਰੇ ਪੂਰੇ ਨਿਸ਼ਚੇ ਨਾਲ ਨਹੀਂ ਕਿਹਾ ਜਾ ਸਕਦਾ ਪਰ ਦੁਨੀਆਂ ਦੇ ਬਹੁਤ ਸਾਰੇ ਵਿਦਵਾਨ ਇਸ ਵਿਚਾਰ ਨਾਲ ਸਹਿਮਤ ਹਨ ਕਿ ਇਹ ਮਾਣ ਭਾਰਤ ਦੀ ਸੁਭਾਗੀ ਧਰਤੀ ਨੂੰ ਹੀ ਪ੍ਰਾਪਤ ਹੈ। ਰਿਚਰਡ ਬਰਟਨ ਅਨੁਸਾਰ "ਪੂਰਬ ਦੇ ਮਾਰੂਥਲਾਂ ਵਿਚ ਕਹਾਣੀ ਕਲਾ ਸਿਖਰ ਤੇ ਸੀ ਜਦ ਸੰਸਾਰ ਤੇ ਹੋਰਨਾਂ ਮੁਲਕਾ ਨੂੰ ਹਾਲਾਂ ਲਿਖਨ ਪੜ੍ਹਨ ਦੀ ਸੂਝ ਵੀ ਨਹੀ ਸੀ।"[3]

ਐਡਵਰਡ ਜੀ. ਬਰਾਊਨ ਦੇ ਅਨੁਸਾਰ "ਭਾਰਤ ਤੇ ਫਰਾਂਸ ਦੇ ਵਸਨੀਕ ਕਿਸੇ ਸਮੇਂ ਇੱਕੋ ਥਾਂ 'ਤੇ ਰਲ਼ ਕੇ ਰਹਿੰਦੇ ਰਹੇ ਹਨ ਅਤੇ ਇਹ ਗੱਲ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਉਹ ਧਰਤੀ ਪੰਜਾਬ ਹੀ ਸੀ ਜਿੱਥੋਂ ਆਰੀਆ ਵਾਸੀ ਫਰਾਂਸ ਤੇ ਸੰਸਾਰ ਦੇ ਹੋਰ ਪਾਸਿਆਂ ਵੱਲ ਟੋਲੇ ਬਣਾ ਕੇ ਤੁਰ ਪਏ।"[4] ਸੰਸਾਰ ਦੇ ਬਹੁਤੇ ਵਿਦਵਾਨ ਇਸ ਗੱਲ ਦੇ ਹਾਮੀ ਹਨ ਕਿ ਸੱਭਿਅਤਾ ਦੀ ਪਹਿਲੀ ਰੋਸ਼ਨੀ ਸਪਤ ਸਿੰਧੂ ਦੀ ਧਰਤੀ 'ਤੇ ਹੀ ਪਈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਹ ਕਿਹੜੇ ਕਾਰਨ ਹਨ ਜਿਨ੍ਹਾਂ ਕਰਕੇ ਸਭ ਤੋਂ ਪਹਿਲਾਂ ਕਹਾਣੀਆਂ ਰਚਣ ਦਾ ਮਾਣ ਪੰਜਾਬ (ਸਪਤ ਸਿੰਧੂ) ਨੂੰ ਮਿਲਿਆ ਹੈ। ਸੱਭਿਆਚਾਰ ਨੂੰ ਹਮੇਸ਼ਾਂ ਉਜਾਗਰ, ਪ੍ਰਸਾਰਣ ਅਤੇ ਸੰਭਾਲਣ ਵਾਲਾ ਸਾਹਿਤਕ-ਮਾਧਿਅਮ ਕਹਾਣੀ ਹੀ ਰਿਹਾ ਹੈ। ਚੂੰਕਿ ਸਪਤ ਸਿੰਧੂ ਦੀ ਸੱਭਿਅਤਾ ਹੀ ਸੰਸਾਰ ਦੀ ਸਭ ਤੋਂ ਪੁਰਾਣੀ ਮੰਨੀ ਜਾਂਦੀ ਹੈ, ਇਸ ਕਾਰਨ ਕਹਾਣੀ ਦਾ ਜਨਮ ਵੀ ਇਸੇ ਧਰਤੀ ਦੀ ਸੱਭਿਅਤਾ ਵਿੱਚੋਂ ਹੋਇਆ। ਲੋਕਾਂ ਦੇ ਦਿਲਾਂ ਦੀ ਧੜਕਣ ਸੁਣਨ-ਸੁਣਾਉਣ ਵਾਲਾ ਲੋਕ-ਪਸੰਦ ਮਾਧਿਅਮ ਕਹਾਣੀ ਹੈ।

**ਕਹਾਣੀ ਦੇ ਤੱਤ**

ਕਿਸੇ ਵੀ ਚੀਜ਼ ਦੇ ਨਿਰਮਾਣ ਵਿਚ ਕੁਝ ਤੱਤਾਂ ਦਾ ਯੋਗਦਾਨ ਹੁੰਦਾ ਹੈ। ਹਰ ਚੀਜ਼ ਕੁਝ ਤੱਤਾਂ ਦਾ ਸੁਮੇਲ ਹੁੰਦੀ ਹੈ। ਜਿਵੇਂ ਮਨੁੱਖੀ ਸਰੀਰ ਪੰਜ ਤੱਤਾਂ ਤੋਂ ਮਿਲ ਕੇ ਬਣਿਆ ਹੈ। ਇਨ੍ਹਾਂ ਤੱਤਾਂ ਤੋਂ ਬਿਨਾਂ ਮਨੁੱਖੀ ਸਰੀਰ ਦੀ ਕੋਈ ਹੋਂਦ ਨਹੀਂ। ਇਸੇ ਤਰ੍ਹਾਂ ਕਹਾਣੀ ਦੇ ਵੀ ਕੁਝ ਤੱਤ ਹਨ ਜਿਨ੍ਹਾਂ ਦੇ ਸੁਮੇਲ ਨਾਲ ਹੀ ਕਹਾਣੀ ਦਾ ਜਨਮ ਹੁੰਦਾ ਹੈ। ਇਨ੍ਹਾਂ ਤੱਤਾਂ ਤੋਂ ਬਿਨਾਂ ਕਹਾਣੀ ਦੀ ਕੋਈ ਹੋਂਦ ਨਹੀਂ, ਜੋ ਕਿ ਹੇਠ ਲਿਖੇ ਹਨ:

**ਵਿਸ਼ਾ**

ਜੀਵਨ ਦੀ ਹਰ ਵਸਤੂ ਕੁਝ ਤੱਤਾਂ ਦਾ ਸੁਮੇਲ ਹੁੰਦਾ ਹੈ। ਕਹਾਣੀ ਦੇ ਵੀ ਕੁਝ ਤੱਤ ਹਨ ਜਿਨ੍ਹਾਂ ਵਿੱਚੋਂ ਸਭ ਤੋਂ ਜ਼ਿਆਦਾ ਮਹੱਹਤਾ ਵਿਸ਼ੇ ਦੀ ਹੈ। ਵਿਸ਼ੇ ਤੇ ਵਿਚਾਰ ਦੋ ਪੱਖਾਂ ਤੋਂ ਕਰਨੀ ਹੈ- ਵਿਸ਼ੇ ਚੋਣ ਤੇ ਵਿਸ਼ੇ ਨਿਭਾਹ। ਵਿਸ਼ੇ ਚੋਣ ਪੱਖੋਂ ਕਹਾਣੀਕਾਰ ਲਈ ਕੋਈ ਸੀਮਾਂ ਨੀਯਤ ਨਹੀ। ਉਹ ਜੀਵਨ ਦੇ ਕਿਸੇ ਪਹਿਲੂ ਨੂੰ ਵੀ ਵਿਸ਼ੇ ਵਜੋਂ ਚੁਣ ਸਕਦਾ ਹੈ। ਪਰ ਹਰ ਕਹਾਣੀਕਾਰ ਆਪਣੀ ਕਹਾਣੀ ਨੂੰ ਸਮੇਂ ਦੀ ਹਾਨਣ ਬਣਾਉਣ ਲਈ ਬਦਲਦੇ ਸਮਾਜਿਕ ਤੇ ਰਾਜਨੀਤਿਕ ਹਾਲਾਤ ਮੁਤਾਬਕ ਵਿਸ਼ੇ-ਚੋਣ ਕਰਦਾ ਹੈ। ਜਿਵੇਂ 1947 ਦੀ ਵੰਡ ਸਮੇਂ ਮੁਲਕ ਦੋ ਹਿੱਸਿਆ ਵਿਚ ਵੰਡਿਆਂ ਗਿਆ ਸੀ। ਇਸ ਸਮੇਂ ਮਨੁੱਖਤਾ ਦਾ ਜੋ ਘੱਲੂਘਾਰਾ ਹੋਇਆ ਸ਼ਾਇਦ ਹੀ ਅਜਿਹਾ ਕੋਈ ਕਹਾਣੀਕਾਰ ਹੋਵੇ ਜਿਸ ਦੇ ਦਿਲ ਅਤੇ ਅੰਤਰ ਆਤਮਾ ਨੇ ਉਸ ਨੂੰ ਕਲਮ ਚੁੱਕਣ ਲਈ ਮਜਬੂਰ ਨਾ ਕੀਤਾ ਹੋਵੇ। ਕਿਉਂਕਿ ਇਸ ਵੰਡ ਦਾ ਸਭ ਤੋਂ ਵੱਧ ਅਸਰ ਪੰਜਾਬ ਤੇ ਪੰਜਾਬੀਆਂ ਉੱਤੇ ਹੀ ਪਿਆ ਸੀ।

ਅੱਜ ਜ਼ਿੰਦਗੀ ਗੁੰਝਲਦਾਰ ਤੇ ਬਹੁ ਪੱਖੀ ਬਣਦੀ ਜਾ ਰਹੀ ਹੈ ਇਸ ਲਈ ਕਹਾਣੀਆਂ ਦੇ ਵਿਸ਼ੇ ਵੀ ਬਦਲਦੀ ਸਥਿਤੀ ਅਨੁਸਾਰ ਚੁਣਨੇ ਪੈਂਦੇ ਹਨ। ਵਿਸ਼ਾ ਕਹਾਣੀ ਲਈ ਰੀੜ ਦੀ ਹੱਡੀ ਹੈ ਜਿਸ ਦੇ ਸਹਾਰੇ ਕਹਾਣੀ ਸੁੱਖੜ ਖੜੋ ਸਕਦੀ ਹੈ। ਵਿਸ਼ੇ ਨੂੰ ਨਰੋਆ ਤੇ ਅਰੋਗ ਹੋਣਾ ਚਾਹੀਦਾ ਹੈ ਤਾਂ ਕਿ ਜੀਵਨ ਦਾ ਸਿਰਜਨਾਤਮਕ ਪਹਿਲੂ ਪੇਸ਼ ਹੋ ਸਕੇ। ਲੇਖਕ ਨੂੰ ਆਮ ਤੌਰ ਤੇ ਵਿਸ਼ਾ ਪਹਿਲਾਂ ਅਸਥੂਲ ਰੂਪ ਵਿੱਚ ਸੁੱਝਦਾ ਹੈ ਜਿਸ ਦਾ ਸਥੂਲੀਕਰਨ ਰਚਨਾ ਰਾਹੀ ਕੀਤਾ ਜਾਂਦਾ ਹੈ। ਰਚਨਾ ਵਿਚ ਆ ਕੇ ਵਿਸ਼ਾ, ਵਿਸ਼ਾ ਵਸਤੂ ਬਣ ਜਾਂਦਾ ਹੈ। ਕਹਾਣੀ-ਵਿਧੀ ਤੇ ਕਹਾਣੀ-ਬਣਤਰ ਰਾਹੀਂ ਇਸ ਦੀ ਉਸਾਰੀ ਕੀਤੀ ਜਾਂਦੀ ਹੈ। ਕਹਾਣੀਕਾਰ ਦੀ ਕਲਾ- ਪਛਾਣ ਤੇ ਕਲਾ-ਨਿਪੰਨੁਤਾ ਵਿਸ਼ੇ-ਨਿਭਾਅ ਰਾਹੀ ਜਾਣੀ ਜਾਂਦੀ ਹੈ। ਅੱਜ ਦਾ ਕਹਾਣੀਕਾਰ ਤੀਬਰ ਸੰਵੇਦਨਸ਼ੀਲਤਾ ਦਾ ਮਾਲਕ ਹੈ ਜਿਸ ਕਾਰਨ ਉਹ ਆਪਣੀ ਕਹਾਣੀ ਦੇ ਵਿਸ਼ੇ-ਉਸਾਰੀ ਸੂਖਮ ਛੋਹਾਂ, ਢੁੱਕਵੇਂ ਪ੍ਰਤੀਕਾਂ ਅਤੇ ਸੰਕੇਤਕ ਸ਼ਬਦਾਵਲੀ ਰਾਹੀਂ ਕਰਦਾ ਹੈ। ਆਪਣੇ ਵਿਸ਼ੇ ਦੇ ਸਫਲ ਨਿਭਾਅ ਲਈ ਉਹ ਲੋੜੀਂਦਾ ਵਾਤਾਵਰਣ ਉਸਾਰਦਾ ਹੈ। ਸਿਆਣਾ ਕਹਾਣੀਕਾਰ ਨਿੱਜੀ ਅਨੁਭਵ ਤੋਂ ਵਿਸ਼ੇ-ਚੋਣ ਕਰਕੇ ਉਸ ਨੂੰ ਆਪਣੀ ਅਨੁਭੂਤੀ ਰਾਹੀਂ ਪੇਸ਼ ਕਰਦਾ ਹੈ। ਕਿਸੇ ਨਿੱਜੀ ਅਨੁਭਵ ਨੇ ਕਦੋਂ ਤੇ ਕਿਵੇਂ ਵਿਸ਼ੇ ਰੂਪ ਕਹਾਣੀ ਵਿਚ ਧਾਰਨਾ ਹੈ, ਇਸ ਬਾਰੇ ਕੋਈ ਸਮਾਂ ਜਾਂ ਸਥਿਤੀ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ। ਕੋਈ ਵੇਖੀ, ਸੁਣੀ ਗੱਲ ਲੇਖਕ ਦੀ ਮਾਨਸਿਕਤਾ ਵਿਚ ਬੀਜ ਵਾਂਗ ਪਹੁੰਚਦੀ ਹੈ। ਇਹ ਬੀਜ ਮਾਨਸਿਕਤਾ ਦੀ ਧਰਤੀ ਵਿੱਚੋਂ ਕਦੋਂ ਫੁੱਟ ਕੇ ਪੌਦੇ ਦਾ ਰੂਪ ਧਾਰਨ ਕਰੇਗਾ, ਪੌਦਾ ਬਣੇਗਾ ਵੀ ਕਿ ਨਹੀ, ਕੁਝ ਯਕੀਨ ਨਾਲ ਨਹੀਂ ਕਿਹਾ ਜਾ ਸਕਦਾ।

ਪਰ ਲੇਖਕ ਨੂੰ ਆਪਣੀ ਕੋਈ ਵੀ ਰਚਨਾ ਉਦੋਂ ਤੱਕ ਨਹੀ ਪ੍ਰਕਾਸ਼ਿਤ ਨਹੀ ਕਰਨੀ ਚਾਹੀਦੀ ਜਿੰਨਾ ਚਿਰ ਘੱਟੋ-ਘੱਟ ਉਸ ਦੀ ਆਪਣੀ ਤਸੱਲੀ ਨਾ ਹੋ ਜਾਵੇ। ਪਰ ਅੱਜ ਦਾ ਨਵਾਂ ਕਹਾਣੀਕਾਰ ਕਹਾਣੀ ਲਿਖਣ ਅਤੇ ਛਪਵਾਉਣ ਲਈ ਬਹੁਤ ਕਾਹਲ ਵਿਖਾ ਰਿਹਾ ਹੈ।

ਅੱਜ ਦਾ ਕਹਾਣੀਕਾਰ ਆਪਣੇ ਵਿਸ਼ੇ ਨੂੰ ਮਨੋਵਿਗਿਆਨਕ ਨਿਭਾਅ ਰਾਹੀ ਪੇਸ਼ ਕਰਦਾ ਹੈ। ਅੱਵਲ ਤਾਂ ਵਿਸ਼ਾ ਹੀ ਉਹ ਮਨੋਵਿਗਿਆਨਕ ਚੁਣਦਾ ਹੈ ਅਤੇ ਉਸ ਦੀ ਉਸਾਰੀ ਵੀ ਮਨੋਵਿਗਿਆਨਕ ਦ੍ਰਿਸ਼ਟੀ ਨਾਲ ਕਰਦਾ ਹੈ, ਪਰ ਜੇ ਵਿਸ਼ਾ ਮਨੋਵਿਗਿਆਨਕ ਨਾ ਵੀ ਹੋਵੇ ਤਾਂ ਵੀ ਉਹ ਉਸ ਦੀ ਪੇਸ਼ਕਾਰੀ ਸਮੇਂ ਉਸ ਦੇ ਮਨੋਵਿਗਿਆਨਕ ਪਹਿਲੂ ਨੂੰ ਭੁੱਲਦਾ ਨਹੀਂ। ਇਸ ਤਰ੍ਹਾਂ ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਵਿਸ਼ਾ ਕਹਾਣੀ ਦੀ ਪਹਿਲੀ ਤੇ ਮੁੱਢਲੀ ਲੋੜ ਹੈ ਜਿਸ ਨੂੰ ਕਹਾਣੀਕਾਰ ਆਪਣੇ ਦ੍ਰਿਸ਼ਟੀਕੋਣ ਰਾਹੀਂ ਵੱਖ-ਵੱਖ ਤਰੀਕਿਆਂ ਨਾਲ ਪੇਸ਼ ਕਰ ਸਕਦਾ ਹੈ।

**ਗੋਂਦ (ਪਲਾਟ)**

ਗੋਂਦ, ਗੂੰਦ ਵਾਂਗ ਕਹਾਣੀ ਦੇ ਵੱਖੋ-ਵੱਖਰੇ ਤੱਤਾਂ ਨੂੰ ਜੋੜਨ ਦਾ ਕੰਮ ਕਰਦੀ ਹੈ। ਇਹ ਉਹ ਸੂਈ ਹੈ ਜਿਹੜੀ ਵੱਖੋ-ਵੱਖਰੇ ਰੰਗਾਂ ਦੇ ਫੁੱਲਾਂ ਨੂੰ ਧਾਗੇ ਵਿਚ ਪਰੋ ਇੱਕ ਕਹਾਣੀ ਦਾ ਸੁੰਦਰ ਜਿਹਾ ਹਾਰ ਤਿਆਰ ਕਰਦੀ ਹੈ। ਕਹਾਣੀ ਵਿਚ ਗੋਂਦ ਦਾ ਕਿਸੇ ਨਾ ਕਿਸੇ ਰੂਪ ਵਿਚ ਹੋਣਾ ਅਤਿਅੰਤ ਜ਼ਰੂਰੀ ਹੈ। ਸ਼ੁਰੂ ਵਿਚ ਗੋਂਦ ਦੀ ਭਰਮਾਰ ਹੁੰਦੀ ਸੀ, ਜਿਸ ਕਾਰਨ ਉਨ੍ਹਾਂ ਕਹਾਣੀਆਂ ਨੂੰ ਨਾਵਲੀ- ਕਹਾਣੀਆਂ ਕਿਹਾ ਜਾਂਦਾ ਸੀ। ਅੱਜ ਦਾ ਕਹਾਣੀਕਾਰ ਆਪਣੀਆਂ ਸਾਰੀਆ ਘਟਨਾਵਾਂ ਨੂੰ ਸਰੀਰਕ ਰੂਪ ਵਿਚ ਵਾਪਰਦਿਆਂ ਨਹੀਂ ਵਿਖਾਉਂਦਾ ਸਗੋ ਕੁਝ ਨੂੰ ਪਾਤਰਾਂ ਦੇ ਮਨ ਵਿਚ ਉਨ੍ਹਾਂ ਦੇ ਵਾਪਰਨ ਨੂੰ ਚਿਤਾਰਦਾ ਹੈ। ਪਰ ਫਿਰ ਵੀ ਕਹਾਣੀ ਵਿਚ ਗੋਂਦ ਦੀ ਮਹੱਤਤਾ ਹਾਲਾਂ ਤੀਕ ਬਣੀ ਹੋਈ ਹੈ।

ਜੈਪਸਨ ਦਾ ਇਹ ਵਿਚਾਰ ਬਿਲਕੁਲ ਠੀਕ ਹੈ ਕਿ "ਗੋਂਦ ਤੋ ਬਿਨਾਂ ਕਹਾਣੀ ਦੀ ਕੋਈ ਹੋਂਦ ਨਹੀ।[5]" ਜਦ ਇਸਦਾ ਨਾਂ ਹੀ ਕਹਾਣੀ ਹੈ ਤਾਂ ਇਸ ਵਿਚ ਕਹਾਣੀ-ਅੰਸ਼ ਦਾ ਹੋਣਾ ਅਤਿਅੰਤ ਜ਼ਰੂਰੀ ਹੈ। ਇਹ ਕਹਾਣੀ ਅੰਸ਼ ਹੀ ਗੋਂਦ ਉਸਰਨ ਵਿਚ ਸਹਾਇਤਾ ਕਰਦਾ ਹੈ। ਕਹਾਣੀ ਨੂੰ ਰੋਚਕ ਤੇ ਬਲਵਾਨ ਬਣਾਉਣ ਲਈ ਘਟਨਾਵਾਂ ਦੀ ਕਾਂਟ-ਛਾਂਟ, ਉਹਨਾਂ ਦੀ ਯੋਜਨਾਬੰਦੀ, ਲਟਕਾਉ ਭਰਪੂਰਤਾ ਦਾ ਗੁਣ ਭਰਨ ਲਈ, ਕਹਾਣੀ ਦੀ ਚਾਲ ਬੰਨ੍ਹਣ ਲਈ ਇਸ ਦਾ ਸਹੀ ਆਦਿ, ਮੱਧ, ਅੰਤ ਕਰਨ ਲਈ ਹਰ ਜ਼ਰੂਰੀ ਉੱਦਮ ਦਾ ਵਿਚਾਰ ਤੇ ਉਸ ਦੀ ਵਰਤੋਂ ਕਰਨੀ ਚਾਹੀਦੀ ਹੈ। ਇਹ ਗੋਂਦਕਾਰੀ ਦੀ ਕਲਾ ਹੈ ਜੋ ਕਹਾਣੀ ਦੀ ਜਿੰਦਜਾਨ ਹੈ। ਵਸਤੂ-ਵਿਧਾਨ ਦਾ ਪਤਾ ਉਸ ਵਿਧੀ ਤੋਂ ਲੱਗਦਾ ਹੈ ਜਿਸ ਰਾਹੀ ਕਹਾਣੀ ਦੀ ਸਮੁੱਚੀ ਵਸਤੂ-ਸਮੱਗਰੀ ਨੂੰ ਆਪਸ ਵਿਚ ਕਲਾਤਮਕਤ ਢੰਗ ਨਾਲ ਜੋੜਨ ਦਾ ਅਮਲ ਪੂਰਾ ਕੀਤਾ ਜਾਂਦਾ ਹੈ। ਕਹਾਣੀਕਾਰ ਕੋਲ ਘਟਨਾਵਾਂ, ਸਥਿਤੀਆਂ, ਪਾਤਰਾਂ ਆਦਿ ਨੂੰ ਤਰਤੀਬ ਦੇਣ ਦੀ ਤਰਕੀਬ ਹੋਣੀ ਚਾਹੀਦੀ ਹੈ ਤਾਂ ਹੀ ਉਹ ਕਹਾਣੀ ਪਾਠਕਾਂ ਉੱਪਰ ਆਪਣਾ ਪ੍ਰਭਾਵ ਕਾਇਮ ਕਰਨ ਵਿਚ ਸਫਲ ਹੋ ਸਕਦੀ ਹੈ।

ਸੰਜਮ ਦੀ ਸਹੀ ਸਹਾਇਤਾ ਰਾਹੀਂ, ਗੋਂਦ ਨੂੰ ਕਹਾਣੀ ਦਾ ਆਕਾਰ ਸੀਮਤ ਰੱਖਣ ਲਈ ਮੱਦਦਗਾਰ ਬਣਾਇਆ ਜਾ ਸਕਦਾ ਹੈ। ਕਹਾਣੀਕਾਰ ਇੱਕ ਕਹਾਣੀ ਵਿਚ ਲੋੜਵੰਦੀ ਸਮੱਗਰੀ ਦੀ ਹੀ ਵਰਤੋਂ ਕਰਦਾ ਹੈ। ਸੰਜਮ ਦਾ ਖਿਆਲ ਰੱਖਣ ਦੇ ਬਾਵਜੂਦ ਕਹਾਣੀਕਾਰ ਦਾ ਇਹ ਫਰਜ਼ ਬਣਦਾ ਹੈ ਕਿ ਉਸ ਦੀ ਕਹਾਣੀ ਵਿਚਲੀ ਗੋਂਦ ਸੰਪੂਰਨਤਾ ਦਾ ਪ੍ਰਭਾਵ ਪਾਵੇ। ਪਾਠਕ ਇਹ ਮਹਿਸੂਸ ਕਰੇ ਕਿ ਦੱਸੀਆਂ ਘਟਨਾਵਾਂ ਸਥਿਤੀਆਂ ਤੋਂ ਵੱਧ ਜੇ ਕਹਾਣੀਕਾਰ ਕੁਝ ਹੋਰ ਦੱਸਦਾ ਤਾਂ ਇਸ ਕਹਾਣੀ ਨੇ ਪ੍ਰਭਾਵ ਪੱਖੋਂ ਫੁਸਫੁਸਾ ਹੋ ਜਾਣਾ ਸੀ। ਪ੍ਰਭਾਵ ਪੱਖੋਂ ਜੇ ਕਹਾਣੀ ਅੰਤ ਵਿਚ ਪਾਠਕ ਨੂੰ ਝੰਜੋੜਦੀ ਹੈ ਅਤੇ ਕੁਝ ਸੋਚਣ ਲਈ ਮਜਬੂਰ ਕਰਦੀ ਹੈ ਤਾਂ ਸਮਝੋ ਕਿ ਕਹਾਣੀਕਾਰ ਆਪਣੀ ਗੋਂਦ ਨੂੰ ਕਲਾਤਮਕਤਾ ਨਾਲ ਬੀੜਨ ਵਿਚ ਪੂਰੀ ਤਰ੍ਹਾਂ ਸਫਲ ਹੋਇਆ ਹੈ। ਰੋਚਿਕਤਾ ਭਾਵੇਂ ਕਹਾਣੀ ਦਾ ਇੱਕੋ ਇੱਕ

ਮਨੋਰਥ ਨਹੀਂ ਪਰ ਇਹ ਕਹਾਣੀ ਦਾ ਇੱਕ ਜ਼ਰੂਰੀ ਤੱਤ ਹੈ। ਕਹਾਣੀ ਦੇ ਅੰਤ ਤੱਕ ਸਿਆਣਾ ਕਹਾਣੀਕਾਰ ਆਪਣੇ ਅੰਤ ਨੂੰ ਪਾਠਕ ਪ੍ਰਤੀ ਪਤਾ ਨਹੀਂ ਲੱਗਣ ਦਿੰਦਾ। ਇਸ ਮੰਤਵ ਦੀ ਪ੍ਰਾਪਤੀ ਲਈ ਉਹ ਹੈਰਾਨਗੀ ਵਰਗੇ ਜ਼ਰੂਰੀ ਰੰਗ ਦੀ ਵਰਤੋਂ ਕਰਦਾ ਹੈ। ਕਦੀ ਕਦੀ ਉਹ ਕੁਝ ਵਾਪਰ ਜਾਂਦਾ ਹੈ ਜਿਸ ਦੀ ਪਾਠਕ ਨੂੰ ਆਸ ਨਹੀ ਹੁੰਦੀ। ਅਚਾਨਕਤਾ ਦੀ ਵਰਤੋ ਉਹ ਆਪਣੀ ਗੋਂਦ ਨੂੰ ਨਾਟਕਿਆਉਣ ਲਈ ਕਰਦਾ ਹੈ, ਕਿਉਂਕਿ ਉਹ ਭਲੀ-ਭਾਂਤ ਜਾਣਦਾ ਹੈ ਕਿ ਉਸ ਦੀ ਹਰ ਘਟਨਾ, ਸਥਿਤੀ ਅਤੇ ਉਸ ਦੇ ਸਾਰੇ ਪਾਤਰ ਵਾਸਤਵਿਕ ਜ਼ਿੰਦਗੀ ਦੇ ਨੇੜੇ-ਨੇੜੇ ਹੋਣੇ ਚਾਹੀਦੇ ਹਨ। ਗੋਂਦ ਦੀ ਅਗਲੀ ਮਿਲਣ ਵਾਲੀ ਖ਼ੂਬੀ ਉਸ ਵਿਚ ਮਿਲਣ ਵਾਲੀ ਲਗਾਤਾਰਤਾ ਹੈ। ਘਟਨਾਵਾਂ, ਸਥਿਤੀਆਂ, ਪਾਤਰ ਆਪਸ ਵਿਚ ਸੰਗਲੀ ਦੀਆਂ ਕੜੀਆਂ ਵਾਂਗ ਜੁੜੇ ਹੋਣੇ ਚਾਹੀਦੇ ਹਨ।

**ਪਾਤਰ-ਚਿਤਰਣ**

ਕਿਸੇ ਕਹਾਣੀਕਾਰ ਦੀ ਕਲਾ ਦਾ ਕਮਾਲ ਪਾਤਰ-ਚੋਣ ਵਿਚ ਨਹੀ, ਪਾਤਰ-ਚਿਤਰਣ ਵਿਚ ਵੇਖਿਆ ਜਾਂਦਾ ਹੈ। ਉਹ ਪਾਤਰ ਕਿਸੇ ਤਰ੍ਹਾਂ ਦੇ ਅਤੇ ਕਿਸੇ ਜੀਵਨ ਵਿੱਚੋਂ ਚੁਣੇ ਜਾਂਦੇ ਹਨ, ਪਰ ਉਨ੍ਹਾਂ ਪਾਤਰਾਂ ਦਾ ਪਾਠਕਾਂ ਉੱਪਰ ਪ੍ਰਭਾਵ ਨਰੋਆ ਅਤੇ ਸਿਰਜਨਾਤਮਕ ਪੈਣਾ ਚਾਹੀਦਾ ਹੈ। ਕਹਾਣੀਕਾਰ ਲਈ ਪਾਤਰ-ਚੋਣ ਦੀ ਕੋਈ ਮਨਾਹੀ ਨਹੀ। ਪੰਛੀ, ਜਾਨਵਰ, ਬੱਚੇ, ਬੁੱਢੇ, ਜਵਾਨ, ਤੀਵੀਂ, ਮਰਦ, ਦਰਖਤ, ਸੜਕਾਂ ਆਦਿ ਹਰ ਤਰ੍ਹਾਂ ਦੇ ਪਾਤਰ ਚੁਣੇ ਜਾ ਸਕਦੇ ਹਨ। ਪਰ ਪਾਤਰਾਂ ਦੀ ਗਿਣਤੀ ਇੱਕ ਕਹਾਣੀ ਵਿਚ ਬਹੁਤੀ ਨਹੀ ਹੋਣੀ ਚਾਹੀਦੀ। ਇੱਕ ਨੂੰ ਮੁੱਖ ਪਾਤਰ ਬਣਾਇਆ ਜਾਵੇ ਤੇ ਬਾਕੀਆਂ ਨੂੰ ਸਹਾਇਕ ਪਾਤਰ ਜਿਵੇਂ ਇੱਕ ਬਾਰਾਤ ਵਿਚ ਇੱਕ ਲਾੜਾ ਹੁੰਦਾ ਹੈ ਤੇ ਜਾਂਞੀ ਤਾਂ ਉਸ ਦੀ ਸਹਾਇਤਾ ਤੇ ਸਾਥ ਲਈ ਹੁੰਦੇ ਹਨ।

ਗੋਂਦ ਵਾਂਗ, ਪਾਤਰ ਦਾ ਵੀ ਕਹਾਣੀ ਵਿਚ ਬੜਾ ਮਹੱਤਵ ਹੈ। ਪਾਤਰ ਬਿਨਾਂ ਕੋਈ ਕਹਾਣੀ ਲਿਖੀ ਨਹੀ ਜਾ ਸਕਦੀ, ਕਿਉਂਕਿ ਹਰ ਕਹਾਣੀ ਨੇ ਕੋਈ ਨਾ ਕੋਈ ਜੀਵਨ ਤਾਂ ਪੇਸ਼ ਕਰਨਾ ਹੀ ਹੁੰਦਾ ਹੈ ਅਤੇ ਉਹ ਜੀਵਨ ਪਾਤਰ ਦੀ ਹੋਂਦ ਬਿਨਾਂ ਕਿਵੇਂ ਪੇਸ਼ ਕੀਤਾ ਜਾ ਸਕਦਾ ਹੈ। ਇਹ ਜ਼ਰੂਰੀ ਨਹੀ ਕਿ ਕਹਾਣੀ ਦਾ ਪਾਤਰ ਜਾਨਦਾਰ ਹੋਵੇ, ਬੇਜਾਨ ਜਾਪਣ ਵਾਲੀ ਵਸਤੂ ਨੂੰ ਵੀ ਜਾਨਦਾਰ ਬਣਾ ਕੇ ਪੇਸ਼ ਕੀਤਾ ਜਾ ਸਕਦਾ ਹੈ। ਉਸ ਦਾ ਮਨੁੱਖੀਕਰਣ ਕਰਕੇ ਉਸ ਨੂੰ ਜ਼ੁਬਾਨ, ਦਿਮਾਗ ਆਦਿ ਦਿਤਾ ਜਾ ਸਕਦਾ ਹੈ। ਜਾਨਵਰ ਪਾਤਰ ਗੱਲਾਂ ਵੀ ਕਰ ਸਕਦੇ ਹਨ। ਅੱਜ ਦਾ ਕਹਾਣੀਕਾਰ ਆਪਣੇ ਪਾਤਰਾਂ ਨੂੰ ਬਾਹਰੋਂ ਨਹੀਂ ਸਗੋਂ ਅੰਦਰੋ ਵਧੇਰੇ ਬਿਆਨ ਕਰਦਾ ਹੈ। ਮਨੁੱਖ ਨੂੰ ਅੰਦਰੋਂ ਪ੍ਰਗਟਾਉਣ ਲਈ ਕਹਾਣੀਕਾਰ ਮਨੋਵਿਗਿਆਨ ਦੀ ਬਹੁਤ ਸਹਾਇਤਾ ਲੈਂਦਾ ਹੈ। ਇਸ ਦਾ ਇੱਕ ਕਾਰਨ ਇਹ ਹੈ ਕਿ ਅੱਜ ਦਾ ਯੁੱਗ ਮਨੋਵਿਗਿਆਨ ਦਾ ਹੈ।

ਅੱਜ ਮਨੁੱਖ ਨੂੰ ਸਰੀਰਕ ਘੱਟ ਅਤੇ ਮਾਨਸਿਕ ਬੀਮਾਰੀਆਂ ਜ਼ਿਆਦਾ ਚੰਬੜੀਆਂ ਰਹਿੰਦੀਆਂ ਹਨ। ਅਜੋਕੇ ਮਨੁੱਖ ਦਾ ਮਨੋਵਿਸ਼ਲੇਸ਼ਣ ਮਨੋਵਿਗਿਆਨ ਦੀ ਸਹਾਇਤਾ ਨਾਲ ਹੀ ਕੀਤਾ ਜਾ ਸਕਦਾ ਹੈ। ਪਾਤਰ ਨੂੰ ਪ੍ਰਮੁੱਖ ਪਦਵੀ ਗਲਪ ਵਿਚ ਪ੍ਰਾਪਤ ਹੋਣ ਦਾ ਅਗਲਾ ਕਾਰਨ, ਪਾਠਕਾਂ ਦੇ ਸਾਹਿਤਕ ਸੰਵਾਦ ਵਿਚ ਤਬਦੀਲੀ ਅਤੇ ਬੇਹਤਰ ਬਣਨਾ ਹੈ। ਪਾਤਰਾਂ ਦਾ ਮਨੋਵਿਗਿਆਨਕ ਪ੍ਰਗਟਾਅ ਉਨ੍ਹਾਂ ਨੂੰ ਇੱਕ ਖਾਸ ਤਰ੍ਹਾਂ ਦਾ ਵਿਅਕਤਿਤਵ ਬਖਸ਼ਦਾ ਹੈ, ਜਿਹੜੀ ਵਿਸ਼ੇਸ਼ਤਾ ਉਨ੍ਹਾਂ ਨੂੰ ਇੱਕ ਦੂਜੇ ਤੋਂ ਨਿਖੇੜਦੀ ਹੈ। ਇਸ ਵਿਚ ਸਾਡੀ ਮੱਦਦ ਲੇਖਕ ਵਲੋਂ ਪੇਸ਼ ਕੀਤਾ ਗਿਆ ਪਾਤਰਾਂ

ਦਾ ਮਨੋਵਿਸ਼ਲੇਸ਼ਣ ਕਰਦਾ ਹੈ। ਇੱਕ ਕਹਾਣੀ ਵਿਚ ਹਰ ਪਾਤਰ ਦਾ ਆਮ ਤੌਰ ’ਤੇ ਇੱਕ ਤੇ ਪ੍ਰਮੁੱਖ ਪਹਿਲੂ ਹੀ ਪੇਸ਼ ਕੀਤਾ ਜਾ ਸਕਦਾ ਹੈ। ਹਾਂ ਨਾਵਲ ਇੱਕ ਪਾਤਰ ਦੇ ਕਈ ਪਹਿਲੂ ਉਜਾਗਰ ਕਰਦਾ ਹੈ। ਕਹਾਣੀ ਵਿਚ ਪਾਤਰ ਪਾਠਕ ਦੇ ਲੰਗੋਟੀਏ ਯਾਰ ਨਹੀਂ ਸਗੋਂ ਵਾਕਫਕਾਰ ਹੀ ਬਣਦੇ ਹਨ। ਕਹਾਣੀ ਵਿਚ ਪਾਠਕ, ਪਾਤਰ ਦੀ ਸੰਗਤ ਬਹੁਤੀ ਦੇਰ ਨਹੀਂ ਮਾਣ ਸਕਦਾ। ਨਵੀਂ ਕਹਾਣੀ ਅਤੇ ਸੁਚੇਤਨ ਕਹਾਣੀ ਨੇ ਪਾਤਰ-ਚਿਤਰਣ ਵਿਚ ਨਵੇਂ ਰੰਗ ਭਰੇ ਹਨ। ਨਵੀਂ ਕਹਾਣੀ ਦੇ ਲੇਖਕ ਆਪਣੇ ਪਾਤਰ ਦੀ ਮਾਨਸਿਕ ਦਸ਼ਾ ਅਤੇ ਵਿਅਕਤੀਗਤ ਸ਼ਖ਼ਸ਼ੀਅਤ ਨੂੰ ਮਨੋਵਿਸ਼ਲੇਸ਼ਣ ਰਾਹੀਂ ਸਮਝਣ ਦੀ ਕੋਸ਼ਿਸ਼ ਕਰਦੇ ਹਨ। ਪਰ ਸੁਚੇਤਨ ਕਹਾਣੀ ਦੇ ਲੇਖਕ ਪਾਤਰ ਦੀ ਵਿਅਕਤੀਗਤ ਸ਼ਖ਼ਸ਼ੀਅਤ ਨੂੰ ਚਿਤਰਨ ਉੱਪਰ ਵਧੇਰੇ ਜ਼ੋਰ ਦਿੰਦੇ ਹਨ ਅਤੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਸਮਝੌਤਾ ਕਰਨ ਦੀ ਇਜਾਜਤ ਨਹੀਂ ਦਿੰਦੇ।

**ਵਾਰਤਾਲਾਪ**

ਵਾਰਤਾਲਾਪ ਕਹਾਣੀ ਦਾ ਕੋਈ ਬਹੁਤਾ ਜ਼ਰੂਰੀ ਅੰਗ ਨਹੀ। ਇਸ ਤੋਂ ਬਿਨਾਂ ਵੀ ਚੰਗੀ ਤੇ ਸਫਲ ਕਹਾਣੀ ਲਿਖੀ ਜਾ ਸਕਦੀ ਹੈ। ਪਰ ਕਿਉਂਕਿ ਕਹਾਣੀ ਨੇ ਯਥਾਰਥਕ ਪ੍ਰਭਾਵ ਵੀ ਪਾਉਣਾ ਹੁੰਦਾ ਹੈ ਤੇ ਅਸੀਂ ਜ਼ਿੰਦਗੀ ਦਾ ਕਾਫੀ ਹਿੱਸਾ ਗੱਲਾਂ-ਬਾਤਾਂ ਰਾਹੀਂ ਗੁਜ਼ਾਰਦੇ ਹਾਂ, ਇਸ ਲਈ ਕਹਾਣੀ ਵਿਚ ਕੁਝ ਵਾਰਤਾਲਾਪਾਂ ਦਾ ਹੋਣਾ ਸੁਭਾਵਕ ਲੱਗਦਾ ਹੈ। ਸ਼ਾਇਦ ਹੀ ਕੋਈ ਅਜਿਹੀ ਕਹਾਣੀ ਹੋਵੇਗੀ ਜਿਸ ਦੇ ਸਾਰੇ ਪਾਤਰ ਗੂੰਗੇ ਹੋਣ। ਕਹਾਣੀ ਵਿਚ ਮਿਲਦਾ ਵਾਰਤਾਲਾਪ ਕੁਦਰਤੀ, ਯਥਾਰਥਕ, ਅਤੇ ਪਾਤਰਾਂ ਦੇ ਸੁਭਾਉ ਅਨੁਸਾਰ ਹੋਣਾ ਚਾਹੀਦਾ ਹੈ। ਕੁਦਰਤੀ ਵਾਰਤਾਲਾਪ ਦੇ ਮਾਮਲੇ ਵਿਚ ਪੰਜਾਬੀ ਇਸਤਰੀ-ਕਹਾਣੀਕਾਰ, ਮਰਦ ਕਹਾਣੀਕਾਰ ਨਾਲੋ ਕਿਤੇ ਅੱਗੇ ਹਨ।

ਪਰ ਸਫਲ ਤੇ ਢੁੱਕਵੇਂ ਵਾਰਤਾਲਾਪ ਲਿਖਣਾ ਬਹੁਤ ਮੁਸ਼ਕਲ ਕੰਮ ਹੈ। ਇਸ ਲਈ ਡੂੰਘਾ ਤੇ ਵਿਸ਼ਾਲ ਜੀਵਨ-ਅਨੁਭਵ, ਜੀਵਨ- ਸੰਘਰਸ਼ ਦੀ ਨੇੜਤਾ, ਮਨੁੱਖੀ ਸੁਭਾਵਾਂ ਨੂੰ ਅਧਿਐਨ ਕਰਨ ਦੀ ਬਾਰੀਕ ਸੂਝ ਅਤੇ ਬੋਲੀ ਉੱਤੇ ਪੂਰੇ ਅਧਿਕਾਰ ਦੀ ਲੋੜ ਹੈ। ਸਿਆਣਾ ਕਹਾਣੀਕਾਰ ਥੋੜ੍ਹੇ ਸ਼ਬਦਾਂ ਤੋਂ ਬਹੁਤ ਕੁਝ ਕਹਿਣ ਅਤੇ ਨਾਟਕੀ ਪ੍ਰਭਾਵ ਪਾਉਣ ਵਿਚ ਸਫਲ ਹੋ ਜਾਂਦਾ ਹੈ। ਵਾਰਤਾਲਾਪ ਲਈ ਵਰਤੀ ਜਾਣ ਵਾਲੀ ਸ਼ਬਦਾਵਲੀ ਉੱਤੇ ਕੋਈ ਬੰਦਸ਼ ਨਹੀਂ। ਹਾਂ ਇਸ ਨੂੰ ਪਾਤਰਾਂ ਦੇ ਸੁਭਾਵਾਂ, ਲਿਆਕਤ, ਪਦਵੀ, ਅਤੇ ਲੋੜ ਅਨੁਸਾਰ ਹੋਣਾ ਚਾਹੀਦਾ ਹੈ। ਇਹ ਕੇਂਦਰੀ ਬੋਲੀ ਵਿਚ ਵੀ ਹੋ ਸਕਦੀ ਹੈ ਤੇ ਕਿਸੇ ਉਪ ਬੋਲੀ ਰਾਹੀਂ ਵੀ। ਪਰ ਵਾਰਤਾਲਾਪੀ ਸ਼ਬਦਾਵਲੀ ਉੱਤੇ ਬੋਲਚਾਲ ਸ਼ਬਦਾਵਲੀ ਦਾ ਕੁਝ ਰੰਗ ਹੋਣਾ ਜ਼ਰੂਰੀ ਹੈ। ਜੇ ਵਾਰਤਾਲਾਪ ਕਿਸੇ ਉਪ ਬੋਲੀ ਵਿਚ ਹੈ, ਤਾਂ ਇਸ ਤਰ੍ਹਾਂ ਦੀ ਸ਼ਬਦਾਵਲੀ ਸਥਾਨਕ ਰੰਗ ਖਿਲੇਰਣ ਵਿੱਚ ਬਹੁਤ ਸਹਾਇਤਾ ਕਰਦੀ ਹੈ ਅਤੇ ਆਂਚਲਿਕਤਾ ਦੇ ਬਹੁਤ ਨੇੜੇ ਲੈ ਜਾਂਦੀ ਹੈ। ਸੇਖੋਂ, ਦੁੱਗਲ, ਗੁਰਦਿਆਲ ਸਿੰਘ, ਉੱਪਲ, ਬੰਚਿਤ ਕੌਰ ਆਦਿ ਇਸ ਰੰਗ ਦੇ ਕਹਾਣੀਕਾਰ ਹਨ।

**ਵਾਤਾਵਰਣ ਚਿਤਰਨ**

ਵਾਤਾਵਰਨ ਕਹਾਣੀ ਦਾ ਜ਼ਰੂਰੀ ਅਤੇ ਅਨਿੱਖੜਵਾ ਹਿੱਸਾ ਹੈ। ਕੋਈ ਕਹਾਣੀ ਵਾਤਾਵਰਨ ਦੇ ਬਿਨਾਂ ਨਹੀਂ ਲਿਖੀ ਜਾ ਸਕਦੀ। ਇਹ ਵੱਖਰੀ ਗੱਲ ਹੈ ਕਿ ਕਿਸੇ ਕਹਾਣੀ ਵਿਚ ਵਾਤਾਵਰਨ ਜ਼ਿਆਦਾ ਹੁੰਦਾ ਹੈ ਤੇ ਕਿਸੇ ਵਿਚ ਘੱਟ। ਕਿਸੇ ਤਰ੍ਹਾਂ ਦੇ ਜੀਵਨ ਦੀ ਵਾਤਾਵਰਨ ਬਿਨਾਂ ਕੋਈ ਹੋਂਦ ਨਹੀਂ ਅਤੇ ਹਰ ਕਹਾਣੀ ਵਿਚ ਕਿਸੇ ਨਾ ਕਿਸੇ ਤਰ੍ਹਾਂ

ਦੇ ਜੀਵਨ ਨੇ ਆਉਣਾ ਹੀ ਹੋਇਆ। ਪਾਤਰਾਂ ਨੂੰ ਇੱਕ ਖਾਸ ਮਾਹੌਲ ਵਿਚ ਵਿਚਰਨਾ ਹੀ ਪੈਂਦਾ ਹੈ। ਦੇਖਣਾ ਇਹ ਹੁੰਦਾ ਹੈ ਕਿ ਕਹਾਣੀ ਵਿਚਲੇ ਪਾਤਰ ਵਾਤਾਵਰਨ ਅਧੀਨ ਹਨ ਜਾਂ ਵਾਤਾਵਰਨ ਪਾਤਰਾਂ ਅਧੀਨ ਹੈ। ਜੇ ਪਾਤਰ ਵਾਤਾਵਰਨ ਅਧੀਨ ਹੋਵੇਗਾ ਤਾਂ ਉਹ ਵਾਤਾਵਰਨ ਪ੍ਰਧਾਨ ਕਹਾਣੀ ਬਣ ਜਾਏਗੀ। ਵਾਤਾਵਰਨ ਨੂੰ ਆਮ ਤੌਰ 'ਤੇ ਲੇਖਕ ਵਿਸ਼ੇ-ਨਿਭਾਹ ਅਤੇ ਪਾਤਰ ਉਸਾਰੀ ਲਈ ਵਰਤਦਾ ਹੈ।

ਹਰ ਕਹਾਣੀ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦਾ ਹੈ। ਇੰਜ ਇੱਕ ਤਰ੍ਹਾਂ ਜਾਪਣ ਵਾਲੇ ਵਾਤਾਵਰਨ ਵਿਚ ਵੀ ਵੱਖਰਾਪਣ ਪੈਦਾ ਹੋ ਜਾਂਦਾ ਹੈ। ਮਿਸਾਲ ਲਈ ਦੇਸ਼-ਵੰਡ ਅਤੇ ਇਸ ਨਾਲ ਸੰਬੰਧਿਤ ਧਾਰਮਿਕ ਫਸਾਦਾਂ ਬਾਰੇ, ਪੰਜਾਬੀ ਵਿਚ ਸੈਂਕੜੇ ਕਹਾਣੀਆਂ ਲਿਖੀਆਂ ਗਈਆਂ ਹਨ, ਪਰ ਹਰ ਕਹਾਣੀ ਦਾ ਵਾਤਾਵਰਨ ਵੱਖਰਾ ਹੈ। ਵਾਤਾਵਰਨ-ਉਸਾਰੀ ਵਿਚ ਵਾਰਤਾਲਾਪ ਵੀ ਬੜ੍ਹਾ ਜ਼ਰੂਰੀ ਹਿੱਸਾ ਪਾਉਂਦਾ ਹੈ। ਕਹਾਣੀ ਵਿਚ ਦ੍ਰਿਸ਼-ਚਿਤਰਣ ਰਾਹੀਂ ਵੀ ਵਾਤਾਵਰਨ ਉਸਾਰਿਆ ਜਾ ਸਕਦਾ ਹੈ। ਪਰ ਇਹ ਜ਼ਰੂਰੀ ਹੈ ਕਿ ਇਹ ਦ੍ਰਿਸ਼ ਚਿਤਰਨ, ਦ੍ਰਿਸ਼ ਚਿਤਰਨ ਲਈ ਨਹੀਂ, ਵਿਸ਼ੇ-ਉਸਾਰੀ ਲਈ ਵਰਤਿਆ ਜਾਏ।

ਕੁਝ ਪੰਜਾਬੀ ਕਹਾਣੀਕਾਰਾਂ ਨੇ ਵਾਤਾਵਰਨ-ਉਸਾਰੀ ਵਿਸਥਾਰਾਂ ਦੀ ਬਹੁਲਤਾ ਨਾਲ ਵੀ ਕੀਤੀ ਹੈ। ਇਸ ਤਰ੍ਹਾਂ ਦੇ ਕਹਾਣੀਕਾਰ ਹਨ: ਮਹਿੰਦਰ ਸਿੰਘ ਸਰਨਾ, ਪ੍ਰੇਮ ਪ੍ਰਕਾਸ਼। ਵਾਤਾਵਰਨ ਹਰ ਕਹਾਣੀ ਵਿਚ ਹਰ ਥਾਂ ਵਿਕਸਿਤ ਪ੍ਰਕਿਰਿਆ ਵਿਚ ਹੁੰਦਾ ਹੈ। ਇਹ ਕਹਾਣੀ ਦੇ ਮੁੱਢ ਨਾਲ ਸ਼ੁਰੂ ਹੁੰਦਾ ਹੈ ਅਤੇ ਕਹਾਣੀ ਦੇ ਅੰਤ ਵਿਚ ਖਤਮ। ਜਿਉਂ-ਜਿਉਂ ਕਹਾਣੀ ਦਾ ਵਿਸ਼ਾ ਉਸਰਦਾ ਹੈ ਜਾਂ ਪਾਤਰ ਚਿਤਰਨ ਹੁੰਦਾ ਹੈ, ਕਹਾਣੀ ਵਿਚ ਵਾਤਾਵਰਨ ਉਸ ਅਨੁਸਾਰ ਰੂਪ ਧਾਰਨ ਕਰ ਲੈਂਦਾ ਹੈ। ਇਹ ਜ਼ਰੂਰੀ ਨਹੀਂ ਕਿ ਕਹਾਣੀ ਦੇ ਮੁੱਢ ਦਾ ਵਾਤਾਵਰਨ ਅਤੇ ਕਹਾਣੀ ਦੇ ਅੰਤ ਵਿਚਲਾ ਵਾਤਾਵਰਨ ਇੱਕੋ ਰੰਗ ਦੇ ਹੋਣ। ਇਹ ਦੋਵੇਂ ਵਾਤਾਵਰਨ ਅੰਤਰ-ਸੰਬੰਧਿਤ ਅਤੇ ਅੰਤਰ-ਪੂਰਕ ਤਾਂ ਹੋਣਗੇ, ਪਰ ਦੋਹਾਂ ਦੇ ਰੰਗ ਵਿਸ਼ੇ-ਉਸਾਰੀ ਦੀ ਲੋੜ ਤੇ ਨਿਰਭਰ ਕਰਦੇ ਹਨ। 'ਸਭੇ ਸਾਂਝੀਵਾਲ ਸਦਇਨ' ਦਾ ਮੁੱਢਲਾ ਵਾਤਾਵਰਨ ਮਤਾਹਿਤੀ ਦਾ ਹੈ ਪਰ ਅਖੀਰ ਵਿਚ ਜਾ ਕਿ ਇਹ ਮਾਨਵੀ ਰੰਗ ਗ੍ਰਹਿਣ ਕਰ ਲੈਂਦਾ ਹੈ। ਵਿਸ਼ੇ ਅਨੁਸਾਰ ਵਾਤਾਵਰਨ ਰਾਜਨੀਤਿਕ, ਧਾਰਮਿਕ ਜਾਂ ਸਮਾਜਿਕ ਵੀ ਹੋ ਸਕਦਾ ਹੈ। 'ਮੈਂ ਜੀਵਤਾ ਮੈਂ ਜਾਗਤਾ' (ਮਹਿਕਾਂ) ਵਿਚ ਵਾਤਾਵਰਣ ਰਾਜਨੀਤਿਕ ਹੈ ਕਿ ਕਿਵੇਂ ਪਾਰਟੀ ਸਰਕਾਰਾਂ ਜਨਤਾ ਉੱਤੇ ਢਾਹੇ ਜ਼ੁਲਮਾਂ ਕਾਰਨ ਬਦਲ ਜਾਂਦੀਆਂ ਹਨ। ਵਾਤਾਵਰਣ ਦਾ ਸਬੰਧ ਸਥਾਨ, ਸਥਿਤੀ ਅਤੇ ਦੇਸ਼ ਨਾਲ ਹੁੰਦਾ ਹੈ। ਇਹ ਵਾਤਾਵਰਣ ਪੈਂਡੂ (ਸਾਂਝੀ ਕੰਧ, ਲੜਾਈ ਨਹੀਂ) ਵੀ ਹੋ ਸਕਦਾ ਹੈ ਤੇ ਸ਼ਹਿਰੀ ਵੀ। ਇਹ ਕਿਸੇ ਨਾ ਕਿਸੇ ਰੂਪ ਵਿਚ ਕਹਾਣੀ ਵਿਚ ਮੌਜੂਦ ਹੁੰਦਾ ਹੈ।

**ਭਾਸ਼ਾ ਸ਼ੈਲੀ**

ਭਾਸ਼ਾ ਉਸ ਮਿੱਟੀ ਦੀ ਤਰ੍ਹਾਂ ਹੈ ਜਿਸ ਨੂੰ ਘੁਮਿਆਰ ਆਪਣੀ ਲੋੜ, ਸਮੱਰਥਾ, ਕਾਬਲੀਅਤ ਤੇ ਨਿਪੁੰਨਤਾ ਅਨੁਸਾਰ ਵਰਤਦਾ ਹੈ। ਇੰਜ ਭਾਸ਼ਾ ਸਾਧਨ ਹੈ, ਸ਼ੈਲੀ ਉਸ ਦੀ ਪ੍ਰਾਪਤੀ ਹੈ। ਸ਼ਬਦ-ਭੰਡਾਰ ਉਹ ਮਸਾਲਾ ਹੈ ਜਿਸ ਦੀ ਲੋੜ ਅਨੁਸਾਰ ਚੋਣ ਕਰ ਕੇ ਲੇਖਕ ਕਾਰੀਗਰ ਆਪਣੀ ਰਚਨਾ ਦੀ ਇਮਾਰਤ ਖੜੀ ਕਰ ਲੈਂਦਾ ਹੈ। ਇਸ ਵਿਚ ਉਸ ਦੀ ਕਲਾ-ਰੂਹ ਭੜਕਦੀ ਹੈ।

ਡਾ. ਓਮ ਪ੍ਰਕਾਸ਼ ਸਿੰਗਲ ਦੇ ਸ਼ਬਦਾਂ ਵਿਚ "ਸਾਹਿਤ ਇੱਕ ਸ਼ਾਬਦਿਕ ਕਲਾ ਹੈ ਅਤੇ ਰਚਨਾ ਇੱਕ ਸ਼ਾਬਦਿਕ ਪ੍ਰਤੀਕ। ਹਰ ਰਚਨਾ ਇੱਕ ਕਥਾ ਅਤੇ ਅਭੀਵਿਅਕਤੀ ਦੀ ਇੱਕ ਕ੍ਰਮਬੱਧ ਇਕਾਈ ਹੈ।"[6]

ਪਰ ਸ਼ਬਦ-ਚੋਣ ਅਤੇ ਸ਼ਬਦ-ਵਰਤੋਂ ਵਿਚ ਬਹੁਤਾ ਹੱਥ ਸ਼ੈਲੀ ਦਾ ਹੁੰਦਾ ਹੈ। ਕਿਸੇ ਕਲਾਕਾਰ ਦੀ ਸ਼ਖਸ਼ੀਅਤ ਦਾ ਕਲਾਤਮਕ- ਪ੍ਰਗਟਾਅ ਉਸ ਦੀ ਸ਼ੈਲੀ ਹੈ। ਸ਼ੈਲੀ ਹੀ ਕਿਸੇ ਲੇਖਕ ਦੀ ਅਸਲੀ ਸ਼ਨਾਖਤ ਹੈ ਜਿਹੜੀ ਉਸ ਨੂੰ ਹੋਰਾਂ ਤੋ ਨਿਖੇੜਦੀ ਹੈ।

ਇਸੇ ਗੱਲ ਨੂੰ ਮੁੱਖ ਰੱਖ ਕੇ ਗੈਟੇ ਕਹਿੰਦਾ ਹੈ ਕਿ "ਸ਼ੈਲੀ ਕੋਈ ਕੋਟ ਨਹੀਂ ਜਿਸ ਨੂੰ ਦੂਜਾ ਪਾ ਲਏਗਾ, ਇਹ ਤਾਂ ਕਲਾਕਾਰ ਦੀ ਚਮੜੀ ਹੁੰਦੀ ਹੈ ਜਿਸ ਨੂੰ ਕੇਵਲ ਉਹ ਆਪ ਹੀ ਹੰਢਾਉਦਾ ਹੈ। ਸ਼ੈਲੀ ਰਚਨਾ ਦਾ ਅਜਿਹਾ ਤੱਤ ਹੈ ਜਿਸ ਦੀ ਨਕਲ ਨਹੀਂ ਕੀਤੀ ਜਾ ਸਕਦੀ।"[7]

ਬਰਨਾਰਡ ਸ਼ਾਅ ਕਹਿੰਦਾ ਹੈ ਕਿ "ਮੈਂ ਜ਼ਿੰਦਗੀ ਭਰ ਕਦੇ ਕਿਸੇ ਸ਼ੈਲੀ ਨੂੰ ਅਪਣਾਉਣ ਦਾ ਯਤਨ ਨਹੀਂ ਕੀਤਾ। ਸ਼ੈਲੀ ਉਹ ਲੈਅ ਹੈ ਜਿਹੜੀ ਆਪ-ਮੁਹਾਰੇ ਮੇਰੀ ਲਿਖਤ ਵਿਚ ਆ ਜਾਂਦੀ ਹੈ। ਜੇ ਕੋਈ ਲੇਖਕ ਸਹੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਆਪਣੀ ਗੱਲ ਕਹਿੰਦਾ ਹੈ ਤਾਂ ਸ਼ੈਲੀ ਆਪ ਹੀ ਆ ਜਾਵੇਗੀ, ਜੇ ਉਸ ਵਿਚ ਕੋਈ ਸ਼ੈਲੀ ਹੈ ਤਾਂ।"[8]

ਭਾਸ਼ਾ ਦੋ ਤਰ੍ਹਾਂ ਦੀ ਹੁੰਦੀ ਹੈ, ਇੱਕ ਬੋਲ-ਚਾਲ ਵਾਲੀ ਅਤੇ ਦੂਜੀ ਸਾਹਿਤਕ। ਕਹਾਣੀਕਾਰ ਆਪਣੀ ਸਮੱਰਥਾ ਅਤੇ ਲੋੜ ਅਨੁਸਾਰ ਆਪਣੇ ਪਾਤਰਾਂ ਦੇ ਵਾਰਤਾਲਾਪ ਲਈ ਬੋਲ-ਚਾਲ ਦੀ ਬੋਲੀ ਅਤੇ ਆਪਣੇ ਵਿਚਾਰਾਂ ਜਾਂ ਵਰਣਨ ਲਈ ਸਾਹਿਤਕ ਬੋਲੀ ਦੀ ਵਰਤੋਂ ਕਰਦਾ ਹੈ। ਇੰਜ ਉਹ ਯਥਾਰਥਕ ਪ੍ਰਭਾਵ ਪਾਉਣ ਲਈ ਕਰਦਾ ਹੈ, ਕਿਉਂਕਿ ਉਹ ਜਾਣਦਾ ਹੈ ਕਿ ਗੱਲਾਂ-ਬਾਤਾਂ ਵਿਚ ਲੋਕੀ ਵਧੇਰੇ ਬੋਲ-ਚਾਲ ਦੀ ਬੋਲੀ ਹੀ ਵਰਤਦੇ ਹਨ। ਕਹਾਣੀ ਵਿਚ ਸ਼ੈਲੀ ਦਾ ਪਹਿਲਾ ਕੰਮ ਹੈ ਰੋਚਿਕਤਾ ਲਿਆਉਣੀ ਹੈ ਤਾਂ ਕਿ ਪਾਠਕ ਨੂੰ ਉਹ ਕਹਾਣੀ ਪੜ੍ਹਨ ਲਈ ਪ੍ਰੇਰ ਸਕੇ। ਉਹ ਰੋਚਿਕਤਾ ਵੀ ਇੰਨੀ ਤੀਬਰਤਾ ਵਿੱਚ ਪ੍ਰਗਟ ਹੋ ਸਕੇ ਕਿ ਸਰ ਫਿਲਪ ਦੇ ਸ਼ਬਦਾਂ ਵਿਚ ਉਹ ਬੱਚਿਆਂ ਨੂੰ ਖੇਡ ਤੇ ਬੁੱਢਿਆਂ ਨੂੰ ਚੁੱਲ੍ਹੇ ਦੀ ਨਿੱਘ ਭੁਲਾ ਦੇਵੇ। ਕਹਾਣੀ ਹੋਰ ਕੁਝ ਬਣਨ ਤੋਂ ਪਹਿਲਾਂ ਕਹਾਣੀ ਜ਼ਰੂਰ ਰਹੇ। ਸ਼ੈਲੀ ਕਥਾਨਕ ਅਨੁਕੂਲ ਰੂਪ ਧਾਰਨ ਕਰ ਲੈਂਦੀ ਹੈ, ਕਿਉਂਕਿ ਇਹ ਕਹਾਣੀ ਦੀ ਆਤਮਾ ਨਾਲ ਜੁੜੀ ਹੁੰਦੀ ਹੈ। ਲੇਖਕ ਲੋੜ ਅਨੁਸਾਰ ਤਿੰਨ ਤਰ੍ਹਾਂ ਦੀਆਂ ਸ਼ੈਲੀਆਂ ਦੀ ਵਰਤੋਂ ਕਰਦਾ ਹੈ। ਕਹਿ ਸ਼ੈਲੀ, ਅੱਧ ਕਹਿ ਸ਼ੈਲੀ ਅਤੇ ਅਣ ਕਹਿ ਸ਼ੈਲੀ। ਅੱਜ ਦੇ ਕਹਾਣੀਕਾਰ ਅਣ ਕਹਿ ਸ਼ੈਲੀ ਦੀ ਵਰਤੋ ਜ਼ਿਆਦਾ ਕਰਦੇ ਹਨ ਕਿ ਕਿਉਂਕਿ ਅਣ ਕਹਿ ਸ਼ੈਲੀ ਵਿਚ ਪਾਠਕ ਨੂੰ ਹਰ ਗੱਲ ਸਿੱਧੇ -ਸਿੱਧੇ ਸਮਝਾਉਣੀ ਜ਼ਰੂਰੀ ਨਹੀਂ ਸਗੋ ਇਸ਼ਾਰਿਆਂ ਨਾਲ ਵੀ ਪਾਠਕ ਸਾਰੀ ਗੱਲ ਸਮਝ ਲੈਂਦਾ ਹੈ ਕਿਉਂਕਿ ਅੱਜ ਦਾ ਪਾਠਕ ਕਾਫੀ ਸੂਝਵਾਨ ਹੈ। ਭਾਸ਼ਾ ਦੋ ਤਰ੍ਹਾਂ ਦੀ ਹੁੰਦੀ ਹੈ। ਇੱਕ ਬੋਲਚਾਲ ਦੀ ਭਾਸ਼ਾ ਅਤੇ ਦੂਜੀ ਸਾਹਿਤਕ ਭਾਸ਼ਾ। ਕਹਾਣੀਕਾਰ ਆਪਣੀ ਸਮੱਰਥਾ ਅਤੇ ਲੋੜ ਅਨੁਸਾਰ ਆਪਣੇ ਪਾਤਰਾਂ ਦੇ ਵਾਰਤਾਲਾਪ ਲਈ ਬੋਲਚਾਲ ਦੀ ਬੋਲੀ ਅਤੇ ਆਪਣੇ ਵਿਚਾਰਾਂ ਜਾਂ ਵਰਣਨ ਲਈ ਸਾਹਿਤਕ ਬੋਲੀ ਦੀ ਵਰਤੋਂ ਕਰਦਾ ਹੈ।

**ਆਤਮ ਕਥਾਤਮਕ ਸ਼ੈਲੀ:** ਇੱਥੇ ਕਹਾਣੀਕਾਰ ਆਪਣੀ ਆਪ-ਬੀਤੀ ਜਾਂ ਸਵੈ-ਜੀਵਨਕ ਪ੍ਰਭਾਵ ਪਾਉਣ ਵਾਲੀ ਸ਼ੈਲੀ ਦੀ ਵਰਤੋਂ ਕਰਦਾ ਹੈ। ਇਹ ਵਧੇਰੇ ਪ੍ਰਮਾਣਿਕ ’ਤੇ ਸੱਚ ਦੇ ਨੇੜੇ ਲੱਗਦੀ ਹੈ ਜਿਸ ਕਾਰਣ ਪਾਠਕ ਦਾ ਵਿਸ਼ਵਾਸ਼ ਛੇਤੀ ਜਿੱਤ ਲੈਂਦੀ ਹੈ। ਇਹ ਆਮ ਤੌਰ ਤੇ ਸਾਰੀ ਦੀ ਸਾਰੀ ਕਹਾਣੀ ਉੱਤਮ ਪੁਰਖ ਵਿਚ ਹੁੰਦੀ ਹੈ।

**ਪ੍ਰਭਾਵਾਤਮਕ ਸ਼ੈਲੀ:** ਇਸ ਸ਼ੈਲੀ ਰਾਹੀਂ ਪਾਤਰਾਂ ਦਾ ਆਚਰਣ ਪ੍ਰਗਟਾਅ ਅਤੇ ਚਰਿੱਤਰ ਨਿਖਾਰ ਆਸਾਨੀ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਪੰਜਾਬੀ ਵਿਚ ਇਸ ਦੀ ਵਰਤੋਂ ਨਹੀਂ ਹੋਈ। ਇਹ ਸ਼ੈਲੀ ਪਾਤਰ-ਪ੍ਰਧਾਨ ਕਹਾਣੀ ਲਿਖਣ ਵਿਚ ਸਹਾਈ ਹੁੰਦੀ ਹੈ।

**ਡਾਇਰੀ ਸੈਲੀ:** ਇਸ ਸ਼ੈਲੀ ਅਨੁਸਾਰ ਤਾਜ਼ੇ ਤੇ ਪੁਰਾਣੇ ਦੋਹਾਂ ਤਰ੍ਹਾਂ ਦੇ ਅਨੁਭਵਾਂ ਨੂੰ ਯਾਦ ਰੱਖਣ ਵਜੋਂ ਲਿਖਿਆ ਜਾਂਦਾ ਹੈ। ਪਰ ਪੰਜਾਬੀ ਕਹਾਣੀ ਵਿਚ ਇਸ ਸ਼ੈਲੀ ਦੀ ਵਰਤੋਂ ਬਹੁਤ ਘੱਟ ਹੋਈ ਹੈ।

**ਨਾਟਕੀ ਕਹਾਣੀ:** ਇੱਥੇ ਵਾਰਤਾਲਾਪ ਦੀ ਜ਼ਿਆਦਾ ਵਰਤੋਂ ਕੀਤੀ ਜਾਂਦੀ ਹੈ ਅਤੇ ਵਧੇਰੇ ਕਰ ਕੇ ਵਾਰਤਾਲਾਪ ਰਾਹੀਂ ਹੀ ਅਚਾਨਕਚਕਤਾ, ਹੈਰਾਨਗੀ ਸੰਘਰਸ਼ ਆਦਿ ਨੂੰ ਉਘਾੜਿਆ ਜਾਂਦਾ ਹੈ।

**ਪ੍ਰਤੀਕਾਤਮਕ ਸ਼ੈਲੀ:** ਇਸ ਸ਼ੈਲੀ ਅਨੁਸਾਰ ਲਿਖੀ ਗਈ ਕਹਾਣੀ ਵਿਚ ਇੱਕ ਪ੍ਰਤੀਕ ਉਭਾਰਿਆ ਜਾਂਦਾ ਹੈ ਜੋ ਕਥਾਨਕ ਨੂੰ ਸਹੀ ਢੰਗ ਨਾਲ ਪੇਸ਼ ਕਰਨ ਵਿਚ ਬਹੁਤ ਸਹਾਇਤਾ ਕਰਦਾ ਹੈ। ਪੰਜਾਬੀ ਵਿਚ ਇਸ ਸ਼ੈਲੀ ਦੀ ਵਰਤੋਂ ਜ਼ਿਆਦਾ ਨਹੀਂ ਹੋਈ।

**ਕਾਵਿਕ ਸ਼ੈਲੀ:** ਇਸ ਸ਼ੈਲੀ ਦੀ ਵਰਤੋਂ ਪੰਜਾਬੀ ਕਹਾਣੀ ਵਿਚ ਬਹੁਤ ਜ਼ਿਆਦਾ ਹੋਈ ਹੈ ਕਿਉਂਕਿ ਪੰਜਾਬੀ ਸੁਭਾਉ ਅਸਲੀਅਤ ਵਿਚ ਭਾਵੁਕ ਜ਼ਿਆਦਾ ਹੁੰਦਾ ਹੈ। ਇੱਥੇ ਪਾਤਰਾਂ ਦੇ ਭਾਵਾਂ ਨੂੰ ਕਲਪਨਾ ਅਤਿਕਥਨੀ, ਨਜ਼ਾਕਤ, ਬਾਰੀਕੀ, ਕੋਮਲਤਾ ਆਦਿ ਨਾਲ ਉਭਾਰਿਆ ਜਾਂਦਾ ਹੈ।

**ਵਿਅੰਗਾਤਮਕ ਸ਼ੈਲੀ:** ਸਮਾਜ ਵਿਚ ਪ੍ਰਚਲਿਤ ਗਲਤ ਕੀਮਤਾਂ ਪ੍ਰਤੀ ਆਪਣੀ ਅਪ੍ਰਵਾਨਗੀ ਜ਼ਾਹਿਰ ਕਰਨ ਲਈ ਅਤੇ ਲੋਕਾਂ ਦੇ ਮਨਾਂ ਵਿਚ ਉਨ੍ਹਾਂ ਦੇ ਸੁਧਾਰ ਦੀ ਭਾਵਨਾ ਨੂੰ ਉਜਾਗਰ ਕਰਨ ਲਈ ਕਹਾਣੀਕਾਰ ਇਸ ਤਰ੍ਹਾਂ ਆਪਣੇ ਕਥਾਨਕ ਤੇ ਪਾਤਰਾਂ ਨੂੰ ਘੜਦਾ ਹੈ ਕਿ ਪਾਠਕ ਦੇ ਮਨ ਵਿਚ ਉਨ੍ਹਾਂ ਦੇ ਗਲਤ ਕੀਤੇ ਕਰਮਾਂ ਪ੍ਰਤੀ ਨਫਰਤ ਪੈਦਾ ਹੋ ਜਾਂਦੀ ਹੈ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਸ਼ੈਲੀ ਭਾਸ਼ਾ ਦੇ ਸ਼ਬਦਾਂ ਰਾਹੀਂ ਆਪਣੀ ਵਿਸ਼ੇ-ਲੋੜ ਅਨੁਸਾਰ ਪ੍ਰਗਟਾਵਾ ਗ੍ਰਹਿਣ ਕਰਦੀ ਹੈ। ਇਸ ਕਾਰਨ ਇਸ ਨੂੰ ਸਾਹਿਤ ਕਲਾ ਦੀ ਨੀਂਹ ਮੰਨਿਆ ਜਾਂਦਾ ਹੈ। ਇੱਕ ਕਹਾਣੀ ਵਿਚ ਵੱਖ-ਵੱਖ ਸ਼ੈਲੀਆਂ ਮਿਲ ਕੇ ਵੀ ਆ ਜਾਂਦੀਆਂ ਹਨ।

**ਉਦੇਸ਼**

ਉਦੇਸ਼ ਕਹਾਣੀ ਦਾ ਮੁੱਢਲਾ ਤੇ ਸਭ ਤੋਂ ਮਹੱਤਵਪੂਰਣ ਅੰਗ ਹੈ, ਜਿਹੜਾ ਸਰੀਰ ਵਿਚਲੀ ਆਤਮਾ ਵਾਂਗ ਕਹਾਣੀ ਵਿਚ ਹਰ ਥਾਂ ਪਸਰਿਆ ਹੁੰਦਾ ਹੈ। ਉਦੇਸ਼ ਦੀ ਧੜਕਣ ਕਹਾਣੀ ਦੇ ਹਰ ਅੰਗ ਵਿੱਚੋਂ ਸੁਣੀ ਜਾ ਸਕਦੀ ਹੈ ਭਾਵੇਂ ਉਹ ਗੋਂਦ ਹੈ, ਪਾਤਰ ਹਨ, ਵਾਰਤਾਲਾਪ ਹਨ, ਵਿਸ਼ਾ ਹੈ ਜਾਂ ਵਾਤਾਵਰਨ। ਇਨ੍ਹਾਂ ਸਾਰਿਆਂ ਅੰਗਾਂ ਦੀ ਘਾੜਤ, ਸਿਆਣਾ ਕਹਾਣੀਕਾਰ, ਬੜੀ ਸੂਝ ਸਮਝ ਨਾਲ ਆਪਣੇ ਚੁਣੇ ਉਦੇਸ਼ ਅਨੁਕੂਲ ਹੀ ਕਰਦਾ ਹੈ। ਉਦੇਸ਼-ਰਹਿਤ ਕੋਈ

ਰਚਨਾ ਨਹੀ ਹੁੰਦੀ। ਇਹ ਉਦੇਸ਼ ਹੀ ਹੈ ਜਿਹੜਾ ਕਹਾਣੀਕਾਰ ਨੂੰ ਰਚਨਾ-ਪ੍ਰੀਕਿਰਿਆ ਵਿਚ ਪੈਣ ਲਈ ਪ੍ਰੇਰਦਾ ਹੈ। ਪਰ ਉਦੇਸ਼ ਨੂੰ ਨਰੋਆ ਅਤੇ ਵਡਮੁੱਲਾ ਹੋਣਾ ਚਾਹੀਦਾ ਹੈ ਤਾਂ ਕਿ ਪਾਠਕ ਨੂੰ ਜੀਵਨ-ਸੇਧ ਦੇ ਸਕੇ। ਉਦੇਸ਼ ਘੜਨ ਵਿਚ ਲੇਖਕ ਦਾ ਦ੍ਰਿਸ਼ਟੀਕੋਣ ਸਹਾਇਕ ਹੁੰਦਾ ਹੈ।

ਜੇ ਲੇਖਕ ਦਾ ਦ੍ਰਿਸ਼ਟੀਕੋਣ ਪ੍ਰਗਤੀਵਾਦੀ ਜਾਂ ਪ੍ਰਗਤੀਸ਼ੀਲ ਹੈ ਤਾਂ ਉਸ ਦਾ ਚੁਣਿਆ ਅਤੇ ਰਚਨਾ ਰਾਹੀਂ ਘੜਿਆ ਉਦੇਸ਼ ਸਮਾਜ ਲਈ ਲਾਭਦਾਇਕ ਹੋਵੇਗਾ ਵਰਨਾ ਨਹੀਂ। ਵੇਖਣਾ ਇਹ ਹੁੰਦਾ ਹੈ ਕਿ ਰਚਨਾ ਰਾਹੀ ਪ੍ਰਗਟਾਇਆ ਗਿਆ ਉਦੇਸ਼ ਸਮੁੱਚੇ ਸਮਾਜ ਦੇ ਹਿੱਤ ਵਿਚ ਹੈ ਕਿ ਨਹੀ। ਇਸੇ ਕਾਰਨ ਅੱਜ ਕੱਲ੍ਹ 'ਕਲਾ ਕਲਾ ਲਈ' ਦੇ ਸਿਧਾਂਤ ਨੂੰ ਭੰਡ ਕੇ 'ਕਲਾ ਜੀਵਨ ਲਈ' ਦੇ ਸਿਧਾਂਤ ਨੂੰ ਅਪਣਾਇਆ ਗਿਆ ਹੈ। ਚੁਣੇ ਉਦੇਸ਼ ਅਤੇ ਰਚਨਾ ਰਾਹੀਂ ਮਿਲੀ ਪ੍ਰਾਪਤੀ ਵਿਚ ਆਮ ਤੌਰ 'ਤੇ ਫਰਕ ਰਹਿ ਜਾਂਦਾ ਹੈ। ਉਦੇਸ਼ ਦਾ ਮੁੱਢਲਾ ਰੂਪ ਅਸਥੂਲ ਹੁੰਦਾ ਹੈ ਜਿਸ ਦਾ ਸਥੂਲੀਕਰਣ ਕਹਾਣੀਕਾਰ ਰਚਨਾ ਦੇ ਵੱਖ-ਵੱਖ ਅੰਗਾਂ ਰਾਹੀਂ ਕਰਦਾ ਹੈ। ਜਿੱਥੇ ਉਦੇਸ਼ ਕਿਰਤ ਵਿਚ ਪੂਰਾ ਤੇ ਸਹੀ ਪ੍ਰਗਟਾਵਾ ਨਹੀਂ ਲੈ ਸਕਦਾ, ਉੱਥੇ ਕਹਾਣੀ ਘੱਟ ਪ੍ਰਭਾਵ ਪਾਉਂਦੀ ਹੈ, ਪਰ ਜਿੱਥੇ ਉਦੇਸ਼ ਨੂੰ ਢੁੱਕਵਾਂ ਤੇ ਫੱਬਵਾ ਪ੍ਰਗਟਾਵਾ ਪ੍ਰਾਪਤ ਹੋ ਜਾਵੇ, ਉੱਥੇ ਕਹਾਣੀ ਆਪਣੇ ਪੂਰਨ ਪ੍ਰਭਾਵ ਵਿਚ ਉਜਾਗਰ ਹੁੰਦੀ ਹੈ।

ਟਾਲਸਟਾਇ "ਕਹਾਣੀ ਦੇ ਪਿੰਡੇ ਵਿਚ ਪਸਰੀ ਇਸ ਉਦੇਸ਼-ਆਤਮਾ ਨੂੰ 'ਫੋਕਸ' ਸ਼ਬਦ ਰਾਹੀਂ ਪ੍ਰਗਟਾਂਉਦਾ ਹੈ। ਜਿਵੇਂ ਸਾਡੀ ਆਤਮਾ ਸਰੀਰ ਦੇ ਰੋਮ ਰੋਮ ਵਿਚ ਹਾਜ਼ਿਰ ਰਹਿੰਦੀ ਹੈ ਇਸੇ ਤਰ੍ਹਾਂ ਕਹਾਣੀ ਦਾ ਹਰ ਅੰਗ, ਹਰ ਸ਼ਬਦ, ਹਰ ਭਾਵਨਾ ਆਪਣੇ 'ਫੋਕਸ' ਨਾਲ ਹਮੇਸ਼ਾ ਅੰਤਰ ਸੰਬੰਧਿਤ ਰਹਿੰਦਾ ਹੈ।"[9]

ਐਲਥੂਸਰ ਅਨੁਸਾਰ "ਸਾਹਿਤ ਅਤੇ ਵਿਚਾਰਧਾਰਾ ਰਾਹੀਂ ਘੜਿਆ ਜਾਂ ਚੁਣਿਆ ਉਦੇਸ਼ ਆਪਸ ਵਿਚ ਬਰਾਬਰ ਨਹੀਂ ਹੁੰਦੇ। ਹਰ ਸਾਹਿਤਕ ਕਿਰਤ ਉਦੇਸ਼ ਦਾ ਭਾਗ ਵੀ ਹੈ ਅਤੇ ਇਸ ਦਾ ਕਲਾਤਾਮਕ ਰੂਪਾਂਤਰਣ ਵੀ। ਇਹ ਉਦੇਸ਼ ਨਾਲ ਸੰਬੰਧਿਤ ਹੋ ਕੇ ਵੀ ਇੱਕ ਵਿੱਥ ਦਾ ਸੰਕੇਤ ਕਰਦੀ ਹੈ, ਜੇ ਉਦੇਸ਼ ਪੂਰੀ ਤਰ੍ਹਾਂ ਉਸ ਵਿਚ ਸਮੋਇਆ ਨਾ ਹੋਵੇ।"[10]

ਦੁੱਗਲ ਨੇ ਆਪਣੀਆਂ ਬਹੁਤੀਆਂ ਕਹਾਣੀਆਂ ਵਿਚ ਸਮਾਜ ਦੀ ਤੰਗਦਿਲੀ ਅਤੇ ਕੰਜੂਸਪਣ ਉੱਤੇ ਵਿਅੰਗ ਕੀਤਾ ਹੈ ਜਿਸ ਵਿਚ ਉਹ ਸਮਾਜ ਦੀ ਉਸ ਸੋਚ ਨੂੰ ਉਘਾੜਦਾ ਹੈ ਜੋ ਸਾਲਾਂ ਦੀ ਸ਼ਰਾਫਤ ਤੇ ਪਾਕਦਾਮਨ ਜ਼ਿੰਦਗੀ ਦੇ ਮੁਕਾਬਲੇ ਤੇ ਇੱਕ ਥੋੜ੍ਹੇ ਚਿਰ ਲਈ ਕੀਤੀ ਅਣਪ੍ਰੰਪਰਕ ਹਰਕਤ ਨੂੰ ਵੀ ਮੁਆਫ਼ ਕਰਨ ਲਈ ਤਿਆਰ ਨਹੀਂ। ਉਹ ਜ਼ਿੰਦਗੀ ਦੀ ਨਕਾਰਾਤਮਕਤਾ ਉੱਤੇ ਤਿੱਖਾ ਵਿਅੰਗ ਕਰ ਰਿਹਾ ਹੈ। ਜੋ ਥੋੜ੍ਹੀ ਮਾਤਰਾ ਵਿਚ ਹੋ ਕੇ ਵੀ ਵੱਡੀ ਮਾਤਰਾ ਦੀ ਸਕਾਰਾਤਮਕਤਾ ਨੂੰ ਭਸਮ ਅਤੇ ਭ੍ਰਿਸ਼ਟ ਕਰਨ ਦੀ ਸਮੱਰਥਾ ਰੱਖਦੀ ਹੈ। ਉਦੇਸ਼ ਦਾ ਸਹੀ ਪ੍ਰਗਟਾਵਾ ਕਹਾਣੀਕਾਰ ਦੀ ਕਲਾ-ਸਮੱਰਥਾ, ਨੇਕ ਨੀਤੀ ਅਤੇ ਸ਼ਿਲਪ-ਨਿਪੁੰਨਤਾ 'ਤੇ ਨਿਰਭਰ ਕਰਦੀ ਹੈ। ਸੁਰਿੰਦਰ ਸਿੰਘ ਨਰੂਲਾ ਦਾ ਇਹ ਕਥਨ ਬਿਲਕੁਲ ਠੀਕ ਹੈ ਕਿ "ਚੰਗੀ ਨਿੱਕੀ ਕਹਾਣੀ ਨੂੰ ਠੋਸ ਕਲਾਤਮਕ ਦ੍ਰਿਸ਼ਟੀਕੋਣ ਤੋਂ ਬਗੈਰ ਨਹੀਂ ਲਿਖਿਆ ਜਾ ਸਕਦਾ।"[11]

**ਰੂਪ ਦੇ ਆਧਾਰ 'ਤੇ ਕਹਾਣੀ ਦਾ ਵਰਗੀਕਰਨ**

ਪਾਤਰ ਪ੍ਰਧਾਨ ਕਹਾਣੀ, ਵਾਯੂਮੰਡਲ ਪ੍ਰਧਾਨ ਕਹਾਣੀ,ਵਿਸ਼ਾ-ਪ੍ਰਧਾਨ ਕਹਾਣੀ, ਨਾਟਕ ਪ੍ਰਧਾਨ ਕਹਾਣੀ, ਸਵੈ-ਜੀਵਨਿਕ ਕਹਾਣੀ, ਪੱਤਰਾਤਮਕ ਅਤੇ ਆਂਚਲਿਕ ਕਹਾਣੀ।

**ਵਿਸ਼ੇ ਦੇ ਆਧਾਰ 'ਤੇ ਕਹਾਣੀ ਦਾ ਵਰਗੀਕਰਣ**

ਇਤਿਹਾਸਕ ਕਹਾਣੀ, ਪੌਰਾਣਿਕ ਕਹਾਣੀ, ਕਲਪਿਤ ਕਹਾਣੀ, ਜਾਸੂਸੀ ਕਹਾਣੀ, ਮਨੋਰੰਜਕ ਕਹਾਣੀ, ਰੋਮਾਂਟਿਕ ਕਹਾਣੀ, ਯਥਾਰਥਕ ਅਤੇ ਮਨੋਵਿਗਿਆਨਕ ਕਹਾਣੀ।

**ਭਾਵ/ਰਸ ਦੇ ਆਧਾਰ 'ਤੇ ਕਹਾਣੀ ਦਾ ਵਰਗੀਕਰਣ**

ਦੁਖਾਂਤਕ ਕਹਾਣੀ, ਸੁਖਾਂਤ-ਦੁਖਾਂਤਕ ਕਹਾਣੀ, ਸੁਖਾਂਤਕ ਕਹਾਣੀ, ਦੁਖਾਂਤ-ਸੁਖਾਂਤਕ ਕਹਾਣੀ, ਪ੍ਰਤੀਕਾਤਮਕ ਅਤੇ ਵਿਅੰਗਾਤਮਕ ਕਹਾਣੀ।

**ਕਹਾਣੀ ਦਾ ਵਾਦਾਂ ਅਨੁਸਾਰ ਵਰਗੀਕਰਣ**

ਪ੍ਰਚਾਰਵਾਦੀ ਕਹਾਣੀ, ਸਮਾਜਵਾਦੀ ਕਹਾਣੀ, ਪ੍ਰਭਾਵਵਾਦੀ ਕਹਾਣੀ, ਪ੍ਰਯੋਗਵਾਦੀ ਕਹਾਣੀ, ਆਧੁਨਿਕਤਾਵਾਦੀ ਕਹਾਣੀ, ਅਸਤਿਤਵਵਾਦੀ ਕਹਾਣੀ ਅਤੇ ਮਾਰਕਸਵਾਦੀ ਕਹਾਣੀ।

ਇਸ ਤਰ੍ਹਾਂ ਉਪਰੋਕਤ ਚਰਚਾ ਤੋਂ ਬਾਦ ਇਹ ਕਿਹਾ ਜਾ ਸਕਦਾ ਹੈ ਕਿ ਕਹਾਣੀ ਸਾਹਿਤ ਦਾ ਸਭ ਤੋਂ ਹਰਮਨ ਪਿਆਰਾ ਤੇ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਰੂਪ ਹੈ। ਹਰ ਯੁੱਗ ਦੇ ਮਨੁੱਖ ਨੇ ਕਹਾਣੀ ਦੀ ਮਹੱਤਤਾ ਅਤੇ ਉਪਯੋਗਤਾ ਨੂੰ ਮੁੱਖ ਰੱਖਦਿਆਂ ਇਸ ਨੂੰ ਆਪਣੀ ਲੋੜ ਅਨੁਸਾਰ ਢਾਲਿਆ ਹੈ। ਹਰ ਸਮਾਜ ਦੀ ਹਾਲਤ ਉਸ ਸਮੇਂ ਦੀਆਂ ਕਹਾਣੀਆਂ ਵਿਚ ਝਲਕਦੀ ਹੈ। ਅੱਜ ਦੇ ਮਨੁੱਖ ਨੇ ਵੀ ਕਹਾਣੀ ਨੂੰ ਸਮਕਾਲੀ ਸਥਿਤੀਆਂ ਅਨੁਸਾਰ ਢਾਲ ਲਿਆ ਹੈ। ਜਿਸ ਕਾਰਨ ਇਹ ਅੱਜ ਵੀ ਇਸ ਦੀ ਹਰਮਨ ਪਿਆਰਤਾ ਵਿਚ ਕੋਈ ਕਮੀ ਨਹੀਂ ਆਈ। ਆਧੁਨਿਕ ਸਮਾਜ ਦੀਆਂ ਗੁੰਝਲਤਾਵਾਂ ਅਤੇ ਸਮੱਸਿਆਵਾਂ ਦੀ ਝਲਕ ਕਹਾਣੀਆਂ ਵਿੱਚੋਂ ਝਲਕਦੀ ਹੈ। ਜਿਸ ਕਾਰਨ ਇਹ ਆਧੁਨਿਕ ਸਮੇਂ ਦੇ ਹਾਣ ਦੀ ਹੋ ਗਈ ਹੈ। ਬੱਚੇ, ਜਵਾਨ ਅਤੇ ਬਜ਼ੁਰਗ ਸਾਰੇ ਕਹਾਣੀ ਨੂੰ ਬੜੀ ਹੀ ਦਿਲਚਪਸੀ ਨਾਲ ਪੜ੍ਹਦੇ ਹਨ। ਇਸ ਦੇ ਪਾਠਕਾਂ ਦੀ ਗਿਣਤੀ ਵਿਚ ਕਦੇ ਕੋਈ ਕਮੀ ਨਹੀਂ ਆਈ। ਕਹਾਣੀ ਹਮੇਸ਼ਾ ਤੋਂ ਹੀ ਮਨੁੱਖ ਨੂੰ ਇੱਕ ਸਹੀ ਸੇਧ ਤੇ ਸੁਨੇਹਾ ਦਿੰਦੀ ਆਈ ਹੈ। ਕਹਾਣੀ ਸਾਹਿਤ ਦਾ ਇੱਕ ਅਜਿਹਾ ਰੂਪ ਹੈ ਜੋ ਕਿ ਛੋਟੇ ਆਕਾਰ ਦੀ ਹੋ ਵੀ ਸਮੁੰਦਰ ਵਾਂਗ ਡੂੰਘੇ ਅਰਥ ਸਮੋਈ ਬੈਠੀ ਹੈ। ਇਹ ਪਾਠਕਾਂ ਦਾ ਮੰਨੋਰੰਜਨ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਸਮੇਂ ਦੀ ਵੀ ਬੱਚਤ ਕਰਦੀ ਹੈ। ਇਸੇ ਲਈ ਤਾਂ ਪਾਠਕ ਨਾਵਲ ਨਾਲੋਂ ਕਹਾਣੀ ਪੜ੍ਹਨ ਵਿਚ ਆਪਣੀ ਜ਼ਿਆਦਾ ਰੁਚੀ ਦਿਖਾਉਂਦੇ ਹਨ। ਕਿਉਂਕਿ ਕਹਾਣੀ ਵਿਚ ਜਿੱਥੇ ਇੱਕ ਹੀ ਘਟਨਾ ਹੁੰਦੀ ਹੈ, ਉੱਥੇ ਨਾਵਲ ਵਿਚ ਬਹੁਤ ਸਾਰੀਆਂ ਘਟਨਾਵਾਂ ਸਮੋਈਆਂ ਹੁੰਦੀਆਂ ਹਨ ਜੋ ਕਿ ਪਾਠਕਾਂ ਨੂੰ ਉਲਝਾਈ ਰੱਖਦੀਆਂ ਹਨ। ਇਹੀ ਕਾਰਨ ਹੈ ਕਿ ਨਾਵਲ ਨਾਲੋਂ ਕਹਾਣੀ ਨੂੰ ਜ਼ਿਆਦਾ ਤਰਜ਼ੀਹ ਦਿੱਤੀ ਜਾਂਦੀ ਹੈ। ਕਹਾਣੀ ਦੇ ਵਿਚ ਗੁੰਝਲਤਾ ਬਿਲਕੁਲ ਨਹੀਂ ਹੁੰਦੀ ਜਿਸ ਕਾਰਨ ਪਾਠਕ ਇਸ ਨੂੰ ਆਸਾਨੀ ਨਾਲ ਸਮਝ ਸਕਦੇ ਹਨ।

ਜਿਸ ਤਰ੍ਹਾਂ ਹਰ ਚੀਜ਼ ਕੁਝ ਤੱਤਾਂ ਤੋਂ ਮਿਲ ਕੇ ਬਣੀ ਹੁੰਦੀ ਹੈ। ਉਸੇ ਤਰ੍ਹਾਂ ਕਹਾਣੀ ਦੇ ਨਿਰਮਾਣ ਵਿਚ ਵੀ ਉਪਰੋਕਤ ਤੱਤਾਂ ਦਾ ਯੋਗਦਾਨ ਹੈ। ਇਨ੍ਹਾਂ ਤੱਤਾਂ ਦੇ ਯੋਗਦਾਨ ਨਾਲ ਕਹਾਣੀ ਇੱਕ ਸੰਪੂਰਨ ਇਕਾਈ ਬਣਦੀ ਹੈ ਤੇ

ਪਾਠਕਾਂ ਤੇ ਆਪਣਾ ਗਹਿਰਾ ਪ੍ਰਭਾਵ ਛੱਡਦੀ ਹੈ। ਇਸ ਦੀ ਹਰਮਨ ਪਿਆਰਤਾ ਦਾ ਅੰਦਾਜਾ ਇਸੇ ਗੱਲ ਤੋਂ ਲੱਗ ਜਾਂਦਾ ਹੈ ਕਿ ਅੱਜ ਇਹ ਸੰਸਾਰ ਪੱਧਰ ਦੀ ਹਾਣੀ ਹੋ ਗਈ ਹੈ। ਕਹਾਣੀ ਦਾ ਘੇਰਾ ਇੰਨਾ ਵਿਸ਼ਾਲ ਹੋ ਗਿਆ ਹੈ। ਇਸ ਦੀਆਂ ਪ੍ਰਾਪਤੀਆਂ ਅੰਤਰ-ਰਾਸ਼ਟਰੀ ਪੱਧਰ ਤੇ ਪ੍ਰਵਾਨ ਹੋ ਗਈਆਂ ਹਨ। ਇਸ ਤਰ੍ਹਾਂ ਕਹਾਣੀ ਅੱਜ ਪੰਜਾਬੀ ਸਾਹਿਤ ਦਾ ਇੱਕ ਅੱਜ ਸਭ ਤੋਂ ਤਕੜਾ ਸਾਹਿਤਕ ਰੂਪ ਬਣ ਗਈ ਹੈ। ਕਾਲਜ਼ ਤੇ ਯੂਨੀਵਰਸਿਟੀ ਪੱਧਰ ਤੇ ਅੱਜ ਕਹਾਣੀ ਉੱਪਰ ਬਹੁਤ ਸਾਰੇ ਖੋਜ-ਕਾਰਜ ਹੋ ਰਹੇ ਹਨ। ਜਿਨ੍ਹਾਂ ਨਾਲ ਪੰਜਾਬੀ ਮਾਤ ਬੋਲੀ, ਪੰਜਾਬੀ ਸਾਹਿਤ ਤੇ ਕਹਾਣੀ ਨੂੰ ਇੱਕ ਨਵੀਂ ਪਛਾਣ ਮਿਲੀ ਹੈ।

## ਹਵਾਲੇ ਅਤੇ ਟਿੱਪਣੀਆਂ:-


1. ਸਿਮਰਨ ਧਾਲੀਵਾਲ, ਆਸ ਅਜੇ ਬਾਕੀ ਹੈ, ਅੰਤਿਮ ਪੰਨਾ

2. ਡਾ. ਜਸਵਿੰਦਰ ਸਿੰਘ, ਪੰਜਾਬੀ ਸੱਭਿਆਚਾਰ ਪਛਾਣ ਚਿੰਨ੍ਹ, ਪੰਨਾ 30

3. ਡਾ. ਸਵਿੰਦਰ ਸਿੰਘ ਉੱਪਲ, ਪੰਜਾਬੀ ਕਹਾਣੀ: ਸਰੂਪ, ਸਿਧਾਂਤ ਤੇ ਵਿਕਾਸ, ਪੰਨਾ 2

4. ਉਧਰਿਤ, ਉਹੀ ਪੰਨਾ।

5. ਡਾ. ਸਵਿੰਦਰ ਸਿੰਘ ਉੱਪਲ , ਪੰਜਾਬੀ ਕਹਾਣੀ: ਸਰੂਪ, ਸਿਧਾਂਤ ਤੇ ਵਿਕਾਸ, ਪੰਨਾ 105

6. ਉਧਰਿਤ, ਪੰਨਾ 116

7. ਉਧਰਿਤ, ਉਹੀ।

8. ਉਧਰਿਤ, ਉਹੀ।

9. ਉਹੀ, ਪੰਨਾ 123

10. ਉਹੀ।

11. ਉਹੀ, ਪੰਨਾ 124

12. ਡਾ. ਜੀਤ ਸਿੰਘ ਜੋਸ਼ੀ, ਲੋਕ ਕਲਾ ਅਤੇ ਸੱਭਿਆਚਾਰ ਮੁੱਢਲੀ ਜਾਣ ਪਛਾਣ, ਪੰਨਾ 257-260

13. ਉਹੀ, ਪੰਨਾ 266-270

14. ਡਾ. ਜਸਵਿੰਦਰ ਸਿੰਘ, ਪੰਜਾਬੀ ਸੱਭਿਆਚਾਰ ਪਛਾਣ ਚਿੰਨ੍ਹ, ਪੰਨਾ ਨੰਬਰ 29-30

15. ਉਹੀ, ਪੰਨਾ 31-35

16. ਉਹੀ, ਪੰਨਾ 35-40

17. ਡਾ. ਸਵਿੰਦਰ ਸਿੰਘ ਉੱਪਲ, ਪੰਜਾਬੀ ਕਹਾਣੀ ਦਾ ਸਿਧਾਂਤਕ ਪਰਿਪੇਖ, ਪੰਨਾ 1-3

18. ਉਹੀ, ਪੰਨਾ 99-103

16. ਉਹੀ, ਪੰਨਾ 104-107

17. ਉਹੀ, ਪੰਨਾ 108-109

18. ਉਹੀ, ਪੰਨਾ 111-112

19. ਉਹੀ, ਪੰਨਾ 113-115

20. ਉਹੀ, ਪੰਨਾ 116-117

21. ਉਹੀ, ਪੰਨਾ 120-121

22. ਉਹੀ, ਪੰਨਾ 122-123

23. ਉਹੀ, ਪੰਨਾ 129

24. ਉਹੀ, ਪੰਨਾ 133

25. ਉਹੀ, ਪੰਨਾ 135

26. ਉਹੀ, ਪੰਨਾ 138

27. ਉਹੀ, ਪੰਨਾ 141

28. ਉਹੀ, ਪੰਨਾ 145

29. ਉਹੀ, ਪੰਨਾ 149

30. ਉਹੀ, ਪੰਨਾ 154

31. ਉਹੀ, ਪੰਨਾ 160

32. ਉਹੀ, ਪੰਨਾ 165

33. ਉਹੀ, ਪੰਨਾ 172

34. ਉਹੀ, ਪੰਨਾ 175-178

35. ਉਹੀ, ਪੰਨਾ 181, 185, 192

36. ਉਹੀ, ਪੰਨਾ 203, 209, 212, 216, 219, 225

37. ਉਹੀ, ਪੰਨਾ 231, 234, 239, 242, 246, 251, 256

38. ਉਹੀ, ਪੰਨਾ 69

39. ਉਹੀ, ਪੰਨਾ 398

# ਅਧਿਆਇ ਪਹਿਲਾ

## ਸਿਮਰਨ ਧਾਲੀਵਾਲ ਦਾ ਜੀਵਨ, ਰਚਨਾ ਅਤੇ ਸਾਹਿਤਕ ਪਿਛੋਕੜ

ਅਜੋਕੀ ਪੰਜਾਬੀ ਕਹਾਣੀ ਸਿਰਜਣਾ ਦੇ ਖੇਤਰ ਵਿਚ ਨਵੀਂ ਪੀੜ੍ਹੀ ਦੇ ਜ਼ਿਕਰਯੋਗ ਲੇਖਕਾਂ ਵਿੱਚੋਂ ਸਿਮਰਨ ਧਾਲੀਵਾਲ ਦਾ ਨਾਂ ਮੂਹਰਲੀ ਕਤਾਰ ਵਿਚ ਆਉਂਦਾ ਹੈ। ਉਸ ਨੇ ਪਿਛਲੇ ਦਹਾਕੇ ਦੇ ਕਹਾਣੀਕਾਰਾਂ ਦੁਆਰਾ ਲਿਖੀਆਂ ਕਹਾਣੀਆਂ ਨੂੰ ਚੰਗੀ ਤਰ੍ਹਾਂ ਪੜ੍ਹਿਆ ਤੇ ਸਮਝਿਆ ਹੈ। ਇਸ ਨੌਜਵਾਨ ਲੇਖਕ ਦਾ ਜਨਮ 8 ਜਨਵਰੀ 1985 ਵਿਚ ਜ਼ਿਲ੍ਹਾ ਤਰਨਤਾਰਨ ਦੇ ਪੱਟੀ ਲਾਗਲੇ ਸਰਹੱਦੀ ਪਿੰਡ ਦੇ ਇੱਕ ਕਿਸਾਨੀ ਪਰਿਵਾਰ ਵਿਚ ਹੋਇਆ। ਆਪਣੀ ਮੁੱਢਲੀ ਪੜ੍ਹਾਈ ਉਨ੍ਹਾਂ ਨੇ ਆਪਣੇ ਜੱਦੀ ਪਿੰਡ ਪੱਟੀ ਦੇ ਸਰਕਾਰੀ ਸਕੂਲ ਤੋਂ ਹੀ ਪ੍ਰਾਪਤ ਕੀਤੀ। ਉਸ ਨੇ ਪੰਜਾਬੀ ਸਾਹਿਤ ਵਿਚ ਐਮ ਏ ਤਕ ਦੀ ਪੜ੍ਹਾਈ ਗੁਰੁ ਨਾਨਕ ਦੇਵ ਯੂਨੀਵਰਸਿਟੀ ਤੋਂ ਮੁਕੰਮਲ ਕੀਤੀ।

ਕਿੱਤੇ ਵਜੋਂ ਸਿਮਰਨ ਧਾਲੀਵਾਲ ਅਧਿਆਪਕ ਹੈ ਅਤੇ ਇਸ ਸਮੇਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਹੀ ਪੱਟੀ ਸ਼ਹਿਰ ਵਿਚਲੇ ਕੈਂਪਸ ਕਾਲਜ ਦੇ ਪੰਜਾਬੀ ਵਿਭਾਗ ਵਿਚ ਸਹਾਇਕ ਪ੍ਰੋਫੈਸਰ ਵਜੋਂ ਸੇਵਾਵਾਂ ਨਿਭਾ ਰਹੇ ਹਨ। ਇੱਥੇ ਉਹ ਆਪਣੇ ਵਿਦਿਆਰਥੀਆਂ ਨੂੰ ਪੰਜਾਬੀ ਵਿਸ਼ੇ ਦਾ ਗਿਆਨ ਵੰਡਦੇ ਹੋਏ ਪੰਜਾਬੀ ਮਾਂ-ਬੋਲੀ ਦੀ ਸੇਵਾ ਕਰ ਰਹੇ ਹਨ। ਸਾਹਿਤ-ਸਿਰਜਣਾ ਦੇ ਖੇਤਰ ਵਿਚ ਉਹ ਆਪਣੀਆਂ ਮੁੱਢਲੀਆਂ ਰਚਨਾਵਾਂ ਨਾਲ ਹੀ ਸੰਭਾਵਨਾਵਾਂ ਭਰਪੂਰ ਸਮੱਰਥ ਲੇਖਕ ਵਜੋਂ ਪਛਾਣਿਆ ਗਿਆ ਸੀ। ਪਾਤਰਾਂ ਦੇ ਧੁਰ ਅੰਦਰ ਦੀ ਕਲਾਤਮਕ ਪੇਸ਼ਕਾਰੀ ਕਰਦੀਆਂ ਉਸ ਦੀਆਂ ਕਹਾਣੀਆਂ ਨੇ ਪਾਠਕਾਂ ਤੇ ਆਲੋਚਕਾਂ ਦੋਵਾਂ ਦਾ ਧਿਆਨ ਵੀ ਖਿੱਚਿਆ ਅਤੇ ਪ੍ਰਸੰਸਾ ਵੀ ਖੱਟੀ ਹੈ।

### ਰਚਨਾਵਾਂ

ਜੇ ਧਾਲੀਵਾਲ ਦੀਆਂ ਰਚਨਾਵਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਦੀ ਅਣਥੱਕ ਮਿਹਨਤ ਤੇ ਲਗਨ ਦੇ ਸਦਕਾ 2012 ਵਿੱਚ ਉਨ੍ਹਾਂ ਦਾ ਪਹਿਲਾਂ ਕਹਾਣੀ ਸੰਗ੍ਰਹਿ 'ਆਸ ਅਜੇ ਬਾਕੀ ਹੈ' ਦੇ ਨਾਂ ਹੇਠ ਛਪਿਆ ਜੋ ਕਿ ਪਾਠਕਾਂ ਤੇ ਆਲੋਚਕਾਂ ਵੱਲੋਂ ਭਰਪੂਰ ਹੁੰਗਾਰਾ ਪ੍ਰਾਪਤ ਕਰਨ ਵਿੱਚ ਸਫਲ ਰਿਹਾ। 2015 ਵਿਚ ਹੀ 'ਆਸ ਅਜੇ ਬਾਕੀ ਹੈ' ਕਹਾਣੀ ਸੰਗ੍ਰਹਿ ਦਾ ਦੂਸਰਾ ਐਡੀਸ਼ਨ ਛਾਪਿਆ ਗਿਆ। ਇਨ੍ਹਾਂ ਕਹਾਣੀਆਂ ਨੇ ਇਹ ਸਾਬਿਤ ਕਰ ਦਿੱਤਾ ਕਿ ਸਿਮਰਨ ਕੋਲ ਅਜੋਕੇ ਸਮੇਂ ਅਤੇ ਜਟਿਲ ਜੀਵਨ-ਯਥਾਰਥ ਨੂੰ ਪ੍ਰਗਟਾਉਣ ਲਈ ਨਿਵੇਕਲਾ ਅਤੇ ਗਲਪੀ ਮੁਹਾਵਰਾ ਹੈ।

2015 ਵਿਚ ਹੀ ਉਨ੍ਹਾਂ ਦਾ ਦੂਸਰਾ ਕਹਾਣੀ-ਸੰਗ੍ਰਹਿ ਛਪਿਆ ਜਿਸ ਦਾ ਨਾਮ ਹੈ 'ਉਸ ਪਲ'। ਆਪਣੀ ਦੂਸਰੀ ਪੁਸਤਕ ਦੇ ਨਾਲ ਹੀ ਧਾਲੀਵਾਲ ਨੇ ਨੀਵੀਂ ਪੀੜ੍ਹੀ ਦੇ, ਉਸਾਰੂ ਸੋਚ ਵਾਲੇ, ਪ੍ਰਤਿਭਾਸ਼ੀਲ ਕਹਾਣੀਕਾਰ ਦੇ ਤੌਰ ਤੇ ਆਪਣੀ ਪਛਾਣ ਹੋਰ ਵੀ ਦ੍ਰਿੜ ਕਰਵਾਈ ਤੇ ਇਸ ਤੋਂ ਉਨ੍ਹਾਂ ਦੇ ਹੋਰ ਵੀ ਪ੍ਰੋਢ ਹੋਣ ਦਾ ਸਬੂਤ ਮਿਲਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਬਾਲ ਸਾਹਿਤ ਦੀ ਵੀ ਰਚਨਾ ਕੀਤੀ ਹੈ। ਸੱਤ ਪਰੀਆ, ਸਫੈਦ ਪਰੀ ਅਤੇ ਹਾਥੀ ਉਨ੍ਹਾਂ ਦੇ

ਬਾਲ ਕਹਾਣੀ ਸੰਗ੍ਰਹਿ ਹਨ ਜੋ ਕਿ ਬੱਚਿਆਂ ਨੂੰ ਪਸੰਦ ਆਏ ਹਨ। ਆਉਣ ਵਾਲੇ ਸਮੇਂ ਵਿਚ ਵੀ ਧਾਲੀਵਾਲ ਦੁਆਰਾ ਉੱਚ-ਕੋਟੀ ਦਾ ਸਾਹਿਤ ਰਚੇ ਜਾਣ ਦੀ ਆਸ ਹੈ।

## ਪੁਰਸਕਾਰ

ਭਾਰਤੀ ਸਾਹਿਤ ਅਕਾਦਮੀ ਨੇ ਯੁਵਾ ਪੁਰਸਕਾਰ ਦੇ ਕੇ ਉਸ ਦੀ ਪ੍ਰੋਢਤਾ ਨੂੰ ਸਵੀਕਾਰ ਤੇ ਪ੍ਰਮਾਣਿਤ ਕੀਤਾ ਹੈ। ਕਹਾਣੀਆਂ ਦੀ ਉਸ ਦੀ ਪਲੇਠੀ ਪੁਸਤਕ 'ਆਸ ਅਜੇ ਬਾਕੀ ਹੈ' ਉੱਤੇ ਸਿਮਰਨ ਧਾਲੀਵਾਲ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਮਾਣ-ਮੱਤਾ ਯੁਵਾ ਪੁਰਸਕਾਰ ਮਿਲਿਆ। ਉਸ ਤੋਂ ਬਾਅਦ ਤਾਂ ਬਹੁਤ ਸਾਰੇ ਸਾਹਿਤਕ ਅਦਾਰਿਆਂ ਨੇ ਉਨ੍ਹਾਂ ਨੂੰ ਅਨੇਕਾਂ ਪੁਰਸਕਾਰਾਂ ਦੇ ਨਾਲ ਸਨਮਾਨਿਤ ਕੀਤਾ ਹੈ। ਅਜੇ ਥੋੜ੍ਹੇ ਹੀ ਦਿਨ ਪਹਿਲਾਂ ਉਨ੍ਹਾਂ ਨੂੰ ਕਨੇਡਾ ਵਿਚ 'ਧਿਆਨ ਲਿਟਰੇਰੀ ਐਵਾਰਡ' ਨਾਲ ਵੀ ਸਨਮਾਨਿਤ ਕੀਤਾ ਗਿਆ ਹੈ।

'ਢਾਹਾਂ' ਟਰੱਸਟ ਵਲੋਂ ਉਸ ਦੇ ਦੂਸਰੇ ਕਹਾਣੀ ਸੰਗ੍ਰਹਿ 'ਉਸ ਪਲ' ਨੂੰ ਕੌਮਾਂਤਰੀ ਢਾਹਾਂ ਸਾਹਿਤ ਦਾ ਸਾਲ 2016 ਦਾ 5,000 ਕੈਨੇਡੀਅਨ ਡਾਲਰ ਦਾ ਦੂਜਾ ਇਨਾਮ ਦੇਣ ਦਾ ਐਲਾਨ ਕਰ ਕੇ ਉਸ ਨੂੰ ਨਵੀਂ ਪੀੜ੍ਹੀ ਦੇ ਕਹਾਣੀਕਾਰਾਂ ਦੀ ਮੂਹਰਲੀ ਕਤਾਰ ਵਿਚ ਖੜ੍ਹਾ ਕਰ ਦਿੱਤਾ ਹੈ। ਆਪਣੀਆਂ ਇਨ੍ਹਾਂ ਪੁਸਤਕਾਂ ਦੇ ਨਾਲ ਸਿਮਰਨ ਧਾਲੀਵਾਲ ਨੇ ਕਹਾਣੀਕਾਰ ਵਜੋਂ ਅਗਾਂਹ ਨਿੱਗਰ ਕਦਮ ਚੁੱਕੇ ਹਨ, ਜਿਨ੍ਹਾਂ ਦੇ ਭਵਿੱਖ ਵਿਚ ਹੋਰ ਮਜਬੂਤੀ ਗ੍ਰਹਿਣ ਕਰਨ ਦੀ ਪੱਕੀ ਉਮੀਦ ਹੈ। ਉਹ ਇੱਕ ਨਿਪੁੰਨ ਕਹਾਣੀਕਾਰ ਹਨ। ਉਸ ਦੀਆਂ ਕਹਾਣੀਆਂ ਲੋਕਧਾਰਾ ਦੇ ਮਹੱਤਵ ਤੋਂ ਲੈ ਕੇ ਜਾਤਪਾਤ ਦੇ ਕੋਹੜ, ਰਿਸ਼ਤਿਆਂ ਦੀ ਕਸ਼ੀਦਗੀ, ਬੰਦੇ ਅੰਦਰ ਲੁਕੇ ਬੰਦੇ ਦੀ ਨਕਾਬਕੁਸ਼ਾਈ, ਆਰਥਿਕ ਪਾੜੇ ਅਤੇ ਇਸਤਰੀ-ਪੁਰਸ਼ ਸੰਬੰਧਾਂ ਦੀ ਪੁਖ਼ਤਗੀ ਤੇ ਪਾਕੀਜ਼ਗੀ ਨੂੰ ਬੜੀ ਬਾਰੀਕੀ ਨਾਲ ਪੇਸ਼ ਕਰਦੀਆਂ ਹਨ। ਧਾਲੀਵਾਲ ਅੱਜ ਦੀ ਯੁਵਾ ਪੀੜ੍ਹੀ ਲਈ ਇੱਕ ਮਿਸਾਲ ਹਨ। 'ਮੈਂ ਹੁਣ ਝੂਠ ਨਹੀਂ ਬੋਲਦਾ' ਕਹਾਣੀ ਤਾਂ ਕਹਾਣੀ ਕਹਿਣ ਦੀ ਕਲਾਤਮਕ ਜੁਗਤ ਦਾ ਸਰਵੋਤਮ ਨਮੂਨਾ ਹਨ।

ਮੌਜੂਦਾ ਪ੍ਰਬੰਧ ਵਿਚ ਆਮ ਮਨੁੱਖ ਦੀ ਹੋਣੀ ਬਾਰੇ ਫ਼ਿਕਰਮੰਦ ਸਿਮਰਨ ਧਾਲੀਵਾਲ ਨੇ ਆਪਣੇ ਆਲੇ-ਦੁਆਲੇ ਵਿੱਚੋਂ ਹਕੀਕੀ ਪਾਤਰਾਂ ਨੂੰ ਲੈ ਕੇ ਉਨ੍ਹਾਂ ਨਾਲ ਵਾਪਰਦੀ ਤ੍ਰਾਸਦੀ ਨੂੰ ਬਹੁਤ ਕਲਾਤਮਕਤਾ ਨਾਲ ਕਹਾਣੀ ਵਿਚ ਗੁੰਦਿਆ ਹੈ। ਦਿਸਦੇ ਤੋਂ ਅਗਾਂਹ ਜਾ ਕੇ ਪਾਤਰਾਂ ਦੇ ਧੁਰ ਅੰਦਰਲੇ ਦਵੰਦ, ਸੰਤਾਪ, ਅਤੇ ਰਿਸ਼ਤਿਆਂ ਦੇ ਕੱਚ-ਸੱਚ ਨੂੰ ਕਲਾਤਮਕ ਪ੍ਰਗਟਾਅ ਦੇਣ ਵਿਚ ਸਿਮਰਨ ਧਾਲੀਵਾਲ ਦੀ ਕਲਮ ਬਹੁਤ ਕੁਸ਼ਲ ਹੈ। ਹਰ ਕਹਾਣੀ ਵਿੱਚੋਂ ਉਸ ਦੀ ਮਾਨਵਤਾਵਾਦੀ ਪਹੁੰਚ ਵੀ ਬਾਖੂਬੀ ਉਘੜਦੀ ਹੈ। ਉਸ ਦੀਆਂ ਕਹਾਣੀਆਂ ਵਿੱਚੋਂ ਕਹਾਣੀ ਕਹਿਣ ਦੀ ਉਸ ਦੀ ਕਮਾਲ ਦੀ ਯੋਗਤਾ ਤਾਂ ਸਾਖਿਆਤ ਹੁੰਦੀ ਹੈ, ਉਸ ਦੇ ਮਾਨਵਵਾਦੀ ਸਰੋਕਾਰ ਵੀ ਸਪੱਸ਼ਟ ਹੁੰਦੇ ਹਨ। ਉਸ ਦੀਆਂ ਕਹਾਣੀਆਂ ਵਿਚ ਪਾਠਕਾਂ ਲਈ ਕਥਾ ਰਸ ਵੀ ਹੈ ਤੇ ਜ਼ਿੰਦਗੀ ਦੀਆਂ ਸੱਚਾਈਆਂ ਵੀ। ਇਸੇ ਲਈ ਤਾਂ ਪ੍ਰੇਮ ਪ੍ਰਕਾਸ਼ ਅਤੇ ਬਲਦੇਵ ਸਿੰਘ ਧਾਲੀਵਾਲ ਵਰਗੇ ਉੱਘੇ ਲੇਖਕਾਂ ਨੇ ਸਿਮਰਨ ਧਾਲੀਵਾਲ ਦੀ ਲੇਖਣ ਕਲਾ ਦੀ ਪ੍ਰਸੰਸਾ ਕੀਤੀ ਹੈ।

## ਸਿਮਰਨ ਧਾਲੀਵਾਲ ਦਾ ਸਾਹਿਤਕ ਪਿਛੋਕੜ

ਧਾਲੀਵਾਲ ਦੇ ਸਾਹਿਤਕ ਪਿਛੋਕੜ ਦੀ ਗੱਲ ਕਰੀਏ ਤਾਂ ਲਿਖਣ ਦਾ ਸ਼ੋਂਕ ਉਨ੍ਹਾਂ ਨੂੰ ਬਚਪਨ ਤੋਂ ਹੀ ਸੀ ਪਰ ਉਨ੍ਹਾਂ ਦੇ ਪਰਿਵਾਰ ਵਿੱਚੋਂ ਹੋਰ ਕਿਸੇ ਨੂੰ ਵੀ ਲਿਖਣ ਦਾ ਸ਼ੋਂਕ ਨਹੀ ਸੀ। ਬਚਪਨ ਤੋਂ ਹੀ ਧਾਲੀਵਾਲ ਨੂੰ ਕਿਤਾਬਾਂ ਪੜ੍ਹਨ ਦਾ ਬਹੁਤ ਜ਼ਿਆਦਾ ਸ਼ੋਂਕ ਸੀ। ਖਾਸ ਤੌਰ ’ਤੇ ਕਹਾਣੀਆਂ ਦੀਆਂ ਕਿਤਾਬਾਂ ਨੂੰ ਤਾਂ ਉਹ ਬਹੁਤ ਉਤਸੁਕਤਾ ਦੇ ਨਾਲ ਪੜ੍ਹਦੇ। ਇਨ੍ਹਾਂ ਕਿਤਾਬਾਂ ਨੂੰ ਪੜ੍ਹਦੇ-ਪੜ੍ਹਦੇ ਹੀ ਉਨ੍ਹਾਂ ਦੇ ਮਨ ਵਿਚ ਵੀ ਲਿਖਣ ਦੀ ਇੱਛਾ ਨੇ ਜਨਮ ਲਿਆ। ਉਨ੍ਹਾਂ ਦੇ ਦਿਲ ਵਿਚ ਕੁਝ ਕਹਿਣ ਦੇ ਭਾਵ ਪੈਦਾ ਹੋਏ ਜਿਨ੍ਹਾਂ ਨੂੰ ਉਨ੍ਹਾਂ ਨੇ ਕਾਗਜ਼ ਉੱਪਰ ਉਤਾਰਨਾ ਸ਼ੁਰੂ ਕੀਤਾ। ਉਨ੍ਹਾਂ ਦੇ ਦਿਲ ਦੇ ਇਹੀ ਭਾਵ ਕਦ ਕਹਾਣੀਆਂ ਦਾ ਰੂਪ ਧਾਰਨ ਕਰ ਗਏ, ਇਹ ਉਨ੍ਹਾਂ ਨੂੰ ਵੀ ਪਤਾ ਨਾ ਲੱਗਾ। ਖਾਸ ਤੌਰ ਤੇ ਲੋਕ ਸਾਹਿਤ ਤੇ ਲੋਕ ਕਹਾਣੀਆਂ ਨਾਂ ਦੀ ਕਿਤਾਬ ਦੇ ਪ੍ਰਭਾਵ ਹੇਠ ਉਨ੍ਹਾਂ ਨੇ 2004 ਵਿਚ ਕਹਾਣੀ ਲਿਖਣਾ ਆਰੰਭ ਕੀਤਾ।

ਸਭ ਤੋਂ ਪਹਿਲਾਂ ਉਨ੍ਹਾਂ ਨੇ ਬਾਲ-ਸਾਹਿਤ ਨੂੰ ਰਚਨਾ ਆਰੰਭ ਕੀਤਾ। ਉਨ੍ਹਾਂ ਨੇ ਆਪਣੀ ਪਹਿਲੀ ਕਹਾਣੀ 2006 ਵਿਚ ਲਿਖੀ। ਪਹਿਲਾਂ-ਪਹਿਲ ਉਨ੍ਹਾਂ ਦੀਆਂ ਪਲੇਠੀਆਂ ਕਹਾਣੀਆਂ ਨੂੰ ‘ਸਿਰਜਣਾ’ ਵਰਗੇ ਮਿਆਰੀ ਰਸਾਲਿਆਂ ਨੇ ਉਚੇਚ ਨਾਲ ਛਾਪਣਾ ਸ਼ੁਰੂ ਕੀਤਾ। ਇਸ ਤਰ੍ਹਾਂ ਉਨ੍ਹਾਂ ਨੇ ਆਪਣੀ ਸਮੱਰਥਾ ਦਾ ਪ੍ਰਮਾਣ ਨਿਰੰਤਰ ਕਲਾਤਮਕ ਕਹਾਣੀਆਂ ਦੇ ਸਿਖਰ ਸਿਰਜ-ਸਿਰਜ ਕੇ ਦਿੱਤਾ। ਇੱਥੋਂ ਹੀ ਧਾਲੀਵਾਲ ਨੂੰ ਅੱਗੇ ਲਿਖਣ ਦਾ ਹੋਂਸਲਾ ਮਿਲਿਆ ਤੇ ਉਨ੍ਹਾਂ ਨੇ ਹੋਰ ਵੀ ਨੀਝ ਨਾਲ ਲਿਖਣਾ ਸ਼ੂਰੂ ਕੀਤਾ। ਇਸ ਤੋਂ ਬਾਅਦ ਉਨ੍ਹਾਂ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਜਿਵੇਂ-ਜਿਵੇਂ ਉਹ ਲਿਖਦੇ ਗਏ, ਤਿਵੇਂ-ਤਿਵੇਂ ਉਨ੍ਹਾਂ ਦੀ ਲਿਖਣ ਕਲਾ ਵੀ ਨਿੱਖਰਦੀ ਗਈ ਜਿਸ ਦਾ ਪ੍ਰਮਾਣ ਅਸੀਂ ਉਨ੍ਹਾਂ ਦੀਆਂ ਰਚਨਾਵਾਂ ਵਿਚ ਦੇਖ ਸਕਦੇ ਹਾਂ। ਸਿਮਰਨ ਦੀਆਂ ਸਾਰੀਆਂ ਹੀ ਕਹਾਣੀਆਂ ਮਨੁੱਖੀ ਮਨ ਦੀਆਂ ਡੂੰਘੀਆਂ ਤੇ ਪੇਚੀਦਾ ਤਹਿਆਂ ਨੂੰ ਫਰੋਲਦੀਆਂ ਹਨ। ਵੱਖ-ਵੱਖ ਤਰ੍ਹਾਂ ਦੇ ਹਾਲਾਤ ਮਨੁੱਖੀ ਮਾਨਸਿਕਤਾ ’ਤੇ ਕੀ ਅਸਰ ਪਾਉਂਦੇ ਹਨ, ਇਹੀ ਉਸ ਦੀਆਂ ਕਹਾਣੀਆਂ ਦਾ ਕੇਂਦਰੀ ਨੁਕਤਾ ਹੈ। ਉਸ ਦੇ ਪਾਤਰ ਆਲ਼ੇ-ਦੁਆਲ਼ੇ ਤੁਰਦੇ ਫਿਰਦੇ ਉਹੋ ਸਧਾਰਨ ਲੋਕ ਹਨ, ਜੋ ਹਾਲਾਤ ਹੱਥੋਂ ਸਤਾਏ ਜ਼ਹਿਰ ਵਰਗੀ ਜ਼ਿੰਦਗੀ ਜਿਊਂਦੇ ਹਨ। ਉਸ ਦੇ ਪਾਤਰ ਲੜਦੇ, ਹਾਰਦੇ, ਪਰ ਅੰਤ ਨੂੰ ਜਿੱਤਦੇ ਵੀ ਨੇ। ਉਸ ਦੀਆਂ ਕਹਾਣੀਆਂ ਦੇ ਵਿਸ਼ੇ ਸਧਾਰਨ ਬੰਦੇ ਦੇ ਸੁਪਨਿਆਂ ਤੋਂ ਲੈ ਕੇ ਵਿਸ਼ਵ ਪਿੰਡ ਦੇ ਪਸਾਰ ਤੀਕ ਫੈਲੇ ਹੋਏ ਹਨ। ਉਸ ਦੀਆਂ ਬਿਰਤਾਂਤਕ ਜੁਗਤਾਂ, ਪਾਤਰ ਉਸਾਰੀ ਵਿਧੀਆਂ ਤੇ ਭਾਸ਼ਾਈ ਸੰਜਮ ਉਸ ਨੂੰ ਵਿਲੱਖਣ ਕਹਾਣੀਕਾਰ ਬਣਾਉਂਦੇ ਹਨ। ਇਹ ਕਹਾਣੀਆਂ ਪੰਜਾਬੀ ਕਹਾਣੀ ਦੇ ਉੱਜਲੇ ਭਵਿੱਖ ਦੀ ਆਸ ਬੰਨ੍ਹਾਉਂਦੀਆਂ ਹਨ।

ਉਹ ਖੁਦ ਲਿਖਦੇ ਹਨ ਕਿ “ਹਰ ਬੰਦਾ ਆਪਣੇ ਆਪ ਵਿਚ ਇੱਕ ਕਹਾਣੀ ਹੈ। ਹਰ ਕਹਾਣੀ ਹਰ ਬੰਦੇ ਨਾਲ ਰਿਸ਼ਤਾ ਰੱਖਦੀ ਹੈ। ਜਾਂ ਫਿਰ ਇਹ ਕਹਿ ਲਓ ਹਰ ਬੰਦਾ ਤਮਾਮ ਉਮਰ ਹਜ਼ਾਰਾਂ ਕਹਾਣੀਆਂ ਬੁਣਦਾ ਹੈ। ਕੋਈ ਇਨ੍ਹਾਂ ਕਹਾਣੀਆਂ ਨੂੰ ਕਾਗਜ਼ ’ਤੇ ਉਤਾਰ ਲੈਂਦਾ ਹੈ ਤੇ ਕੋਈ ਮਨ ਦੇ ਕੈਨਵਸ ’ਤੇ।”[1] ਸਿਮਰਨ ਦੀਆਂ ਸਾਰੀਆਂ ਹੀ ਕਹਾਣੀਆਂ ਮਨੁੱਖੀ ਮਨ ਦੀਆਂ ਡੂੰਘੀਆਂ ਤੇ ਪੇਚੀਦਾ ਤਹਿਆਂ ਨੂੰ ਫਰੋਲਦੀਆਂ ਹਨ। ਵੱਖ-ਵੱਖ ਤਰ੍ਹਾਂ

ਦੇ ਹਾਲਾਤ ਮਨੁੱਖੀ ਮਾਨਸਿਕਤਾ ’ਤੇ ਕੀ ਅਸਰ ਪਾਉਂਦੇ ਹਨ ਇਸ ਦੀ ਪੇਸ਼ਕਾਰੀ ਉਨ੍ਹਾਂ ਦੀਆਂ ਕਹਾਣੀਆਂ ਵਿਚ ਮਿਲਦੀ ਹੈ।

ਆਪਣੀਆਂ ਕਹਾਣੀਆਂ ਦੇ ਸੰਬੰਧ ਵਿਚ ਉਹ ਅੱਗੇ ਲਿਖਦੇ ਹਨ “ ਇਨ੍ਹਾਂ ਕਹਾਣੀਆਂ ਵਿਚ ਪਿੰਡਾਂ ਦੀ ਗੱਲ ਹੈ।...ਤੇ ਵਿਸ਼ਵ ਪਿੰਡ ਦੀ ਵੀ। ਇਹ ਕਹਾਣੀਆਂ ਤੁਹਾਡੀ ਗੱਲ ਕਰਦੀਆਂ ਨੇ। ਮੇਰੀ ਗੱਲ ਕਰਦੀਆਂ ਨੇ। ਸਾਡੀ ਸਭ ਦੀ ਗੱਲ ਕਰਦੀਆਂ ਨੇ। ਇਹ ਕਹਾਣੀਆਂ ਪੜ੍ਹ ਕੇ, ਤੁਹਾਨੂੰ ਇਹ ਤੁਹਾਡੀਆਂ ਲੱਗਦੀਆਂ ਨੇ ਜਾਂ ਨਹੀਂ, ਇਹ ਤਾਂ ਮੈਂ ਨਹੀਂ ਕਹਿ ਸਕਦਾ। ਹਾਂ...ਪਰ ਹਜ਼ਾਰਾਂ ਦੇ ਵਿੱਚੋਂ ਕੋਈ ਇੱਕ ਤਾਂ ਹੋਏਗਾ, ਜੋ ਇਨ੍ਹਾਂ ਪਾਤਰਾਂ ਵਰਗਾ ਹੈ। ਜਿਸ ਦੀ ਕਹਾਣੀ, ਇਨ੍ਹਾਂ ਕਹਾਣੀਆਂ ਵਰਗੀ ਹੈ।...ਤੇ ਬੱਸ! ਇਹੀ ਮੇਰੀ ਪ੍ਰਾਪਤੀ ਹੋਏਗੀ।”[2]

ਉਨ੍ਹਾਂ ਦੇ ਜੀਵਨ ਤੇ ਰਚਨਾਵਾਂ ਸਬੰਧੀ ਗੱਲਬਾਤ ਕਰਨ ਲਈ ਟੈਲੀਫੋਨਿਕ (ਇੰਟਰਵਿਊ) ਕੀਤੀ ਗਈ, ਜਿਸ ਵਿਚ ਹੇਠ ਲਿਖੇ ਸਵਾਲ-ਜਵਾਬ ਕੀਤੇ ਗਏ:

1. ਆਪਣੇ ਜੀਵਨ ਬਾਰੇ ਚਾਨਣਾ ਪਾਓ?

   ਮੇਰਾ ਜਨਮ ਮਾਝੇ ਖਿੱਤੇ ਦੇ ਸ਼ਹਿਰ ਪੱਟੀ ਵਿਖੇ ਸਧਾਰਨ ਪਰਿਵਾਰ ਵਿਚ ਹੋਇਆ। ਅੱਜ-ਕੱਲ੍ਹ ਆਪਣੇ ਪਰਿਵਾਰ ਸਮੇਤ ਪੱਟੀ ਵਿਖੇ ਹੀ ਰਹਿ ਰਿਹਾ ਹਾਂ।

2. ਆਪਣੇ ਸਾਹਿਤਕ ਪਿਛੋਕੜ ਬਾਰੇ ਦੱਸੋ?

   ਮੇਰੇ ਪਰਿਵਾਰ ਵਿਚ ਕਿਸੇ ਦਾ ਵੀ ਸਾਹਿਤ ਨਾਲ ਕੋਈ ਸੰਬੰਧ ਨਹੀਂ ਸੀ। ਮੈਨੂੰ ਬਚਪਨ ਵਿਚ ਹੀ ਕਿਤਾਬਾਂ ਪੜ੍ਹਨ ਦੀ ਰੁਚੀ ਸੀ। ਸਾਹਿਤ ਪੜ੍ਹਦਿਆਂ ਹੀ ਮੇਰੇ ਮਨ ਵਿਚ ਸਾਹਿਤ ਸਿਰਜਨਾ ਦੇ ਬੀਜ ਪੁੰਗਰਨ ਲੱਗੇ। ਮੈਂ ਬਾਲ ਸਾਹਿਤ ਤੋਂ ਹੀ ਲਿਖਣ ਦੀ ਸ਼ੁਰੂਆਤ ਕੀਤੀ ਤੇ ਫਿਰ ਕਹਾਣੀ ਲਿਖਣ ਲੱਗਿਆ। ਹੁਣ ਤੱਕ ਦੋ ਕਹਾਣੀ ਸੰਗ੍ਰਹਿ ‘ਆਸ ਅਜੇ ਬਾਕੀ ਹੈ’ ਅਤੇ ‘ਉਸ ਪਲ’ ਛਪ ਚੁੱਕੇ ਹਨ। ਇਸ ਤੋਂ ਇਲਾਵਾ ਦੋ ਬਾਲ ਕਹਾਣੀ ਸੰਗ੍ਰਹਿ ‘ਸੱਤ ਪਰੀਆਂ’ ਅਤੇ ‘ਸਫੈਦ ਪਰੀ ਤੇ ਪੰਛੀ’ ਵੀ ਛਪ ਚੁੱਕੇ ਹਨ।

3. ਆਪਣੀਆਂ ਵਿਦਿਅਕ ਪ੍ਰਾਪਤੀਆਂ ਬਾਰੇ ਦੱਸੋ?

   ਮੈਂ ਪੰਜਾਬੀ ਸਾਹਿਤ ਵਿਚ ਆਪਣੀ ਪੜ੍ਹਾਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਪੂਰੀ ਕੀਤੀ ਅਤੇ ਅੱਜ-ਕੱਲ੍ਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਚੁੰਗ (ਤਰਨਤਾਰਨ) ਵਿਖੇ ਸਹਾਇਕ ਪ੍ਰੋਫੈਸਰ ਵਜੋਂ ਸੇਵਾਵਾਂ ਨਿਭਾ ਰਿਹਾ ਹਾਂ।

4. ਆਪਣੇ ਮਾਨ-ਸਨਮਾਨਾਂ ਬਾਰੇ ਦੱਸੋ?

   ਮੇਰੀ ਪਹਿਲੀ ਕਿਤਾਬ ‘ਆਸ ਅਜੇ ਬਾਕੀ ਹੈ’ ਨੂੰ ਭਾਰਤੀ ਸਾਹਿਤ ਅਕਾਦਮੀ ਵਲੋਂ ਕਹਾਣੀ ਦਾ ਯੁਵਾ ਸਾਹਿਤ ਪੁਰਸਕਾਰ ਦਿੱਤਾ ਗਿਆ। ਦੂਜੀ ਕਿਤਾਬ ‘ਉਸ ਪਲ’ ਨੂੰ 2016 ਦਾ ਢਾਹਾਂ ਸਾਹਿਤ ਇਨਾਮ (ਕੈਨੇਡਾ) ਮਿਲਿਆ ਹੋਇਆ ਹੈ।

5. ਤੁਸੀਂ ਕਹਾਣੀ ਲਿਖਣ ਤੋਂ ਪਹਿਲਾਂ ਕਿਹੜੇ-ਕਿਹੜੇ ਲੇਖਕਾਂ ਨੂੰ ਪੜ੍ਹਿਆ ਹੈ ਜਾਂ ਕਿਹੜੇ-ਕਿਹੜੇ ਲੇਖਕਾਂ ਦਾ ਪ੍ਰਭਾਵ ਕਬੂਲ ਕੀਤਾ ਹੈ?

ਮੈਂ ਪੰਜਾਬੀ, ਭਾਰਤੀ ਅਤੇ ਹੋਰਨਾਂ ਭਾਸ਼ਾਵਾਂ ਵਿਚ ਬਹੁਤਾ ਗਲਪ ਹੀ ਪੜ੍ਹਿਆ ਹੈ। ਪੰਜਾਬੀ ਵਿੱਚੋਂ ਕੁਲਵੰਤ ਵਿਰਕ ਅਤੇ ਵਰਿਆਮ ਸੰਧੂ ਦੀਆਂ ਕਹਾਣੀਆਂ ਤੋਂ ਬਹੁਤ ਕੁਝ ਸਿੱਖਿਆ। ਇਸੇ ਤਰ੍ਹਾਂ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਤੋਂ ਵੀ ਮੈਨੂੰ ਪ੍ਰੇਰਨਾ ਮਿਲੀ। ਹੋਰ ਬਹੁਤ ਸਾਰੇ ਨਾਮ ਇੱਥੇ ਲਏ ਜਾ ਸਕਦੇ ਹਨ। ਮੈਂ ਕਵਿਤਾ ਵੀ ਪੜ੍ਹਦਾ ਹਾਂ। ਮੈਨੂੰ ਕਵੀ ਬੇਹੱਦ ਚੰਗੇ ਲੱਗਦੇ ਹਨ।

6. ਆਧੁਨਿਕ ਰਿਸ਼ਤਾ ਪ੍ਰਣਾਲੀ ਵਿੱਚ ਕੀ ਫਰਕ ਆਇਆ ਹੈ?

ਆਧੁਨਿਕ ਸਮੇਂ ਵਿਚ ਰਿਸ਼ਤਿਆਂ ਦੀਆਂ ਸਮੀਕਰਨਾਂ ਬਦਲ ਰਹੀਆਂ ਹਨ। ਸੰਚਾਰ ਸਾਧਨਾਂ ਦੀ ਤੇਜ਼ੀ ਨੇ ਬੰਦੇ ਦਾ ਬੰਦੇ ਨਾਲੋਂ ਨਾਤਾ ਤੋੜ ਦਿੱਤਾ ਹੈ। ਇੱਕ ਛੱਤ ਹੇਠਾਂ ਹੁਣ ਬਹੁਤ ਸਾਰੇ ‘ਮਕਾਨ’ ਉਸਰ ਆਏ ਹਨ। ਹਰ ਇਨਸਾਨ ਦੀ ਆਪਣੀ-ਆਪਣੀ ਦੁਨੀਆਂ ਹੈ।

7. ਆਧੁਨਿਕ ਮਨੁੱਖ ਮਾਨਸਿਕ ਗੁੰਝਲਤਾਵਾਂ ਦਾ ਸ਼ਿਕਾਰ ਕਿਉਂ ਹੈ?

ਜ਼ਿੰਦਗੀ ਵਿਚ ਸਾਰਾ ਕੁਝ ਹੀ ਗੁੰਝਲਦਾਰ ਹੋ ਗਿਆ ਹੈ। ਵਕਤ ਦੀ ਤੇਜ਼ੀ ਨੇ ਇਨਸਾਨ ਅੰਦਰੋਂ ਉਸ ਦਾ ਸਹਿਜ ਖੋਹ ਲਿਆ ਹੈ। ਜਿਸ ਦੇ ਸਿੱਟੇ ਵਜੋਂ ਇਨਸਾਨ ਅੱਜ ਅਸਹਿਜ ਹੈ। ਉਹ ਮਾਨਸਿਕ ਦਵੰਦਾ ਦਾ ਸ਼ਿਕਾਰ ਹੈ। ਪਰ ਇਹ ਇੱਕ ਕਾਰਨ ਨਹੀਂ ਹੋਰ ਅਨੇਕ ਕਾਰਨ ਹਨ।

8. ਆਧੁਨਿਕ ਸਮੇਂ ਵਿਚ ਔਰਤ ਦੀ ਕੀ ਤ੍ਰਾਸਦੀ ਹੈ?

ਔਰਤ ਹਰੇਕ ਯੁੱਗ ਵਿਚ ਹੀ ਤ੍ਰਾਸਦੀ ਦਾ ਸ਼ਿਕਾਰ ਰਹੀ ਹੈ। ਬੱਸ ਵਕਤ ਬਦਲਣ ਨਾਲ ਇਸ ਦਾ ਰੰਗ ਰੂਪ ਰੰਗ ਬਦਲਿਆ ਹੈ। ਅਜੋਕੇ ਸਮੇਂ ਵਿਚ ਵੀ ਔਰਤ ਲਈ ਅਨੇਕ ਚੁਣੌਤੀਆਂ ਹਨ। ਔਰਤ ਨੂੰ ਵਸਤੂ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਮੀਡੀਆ ਔਰਤ ਨੂੰ ਕਿਸੇ ਪ੍ਰੋਡੈਕਟ ਵਾਂਗ ਬਣਾ ਰਿਹਾ ਹੈ।

9. ਮਨੁੱਖ ਵਿੱਚ ਬਜ਼ਾਰੂ ਰੁਚੀਆਂ ਪੈਦਾ ਹੋਣ ਦੇ ਕੀ ਕਾਰਨ ਹਨ?

ਵਕਤ ਬਦਲਣ ਨਾਲ ਹਰੇਕ ਆਦਮੀ ਚਕਾਚੌਂਧ ਦਾ ਸ਼ਿਕਾਰ ਹੈ। ਹਰੇਕ ਨੂੰ ਸਾਧਨ ਚਾਹੀਦੇ ਹਨ। ਹਰ ਕੋਈ ਪਦਾਰਥਕ ਵਸਤਾਂ ਇੱਕਠੀਆਂ ਕਰਨ ਦੀ ਦੌੜ ਵਿਚ ਹੈ। ਇਸੇ ਨੇ ਇਨਸਾਨ ਅੰਦਰ ਬਜ਼ਾਰੂ ਰੁਚੀਆਂ ਪੈਦਾ ਕੀਤੀਆਂ ਹਨ।

10. ਆਰਥਿਕਤਾ ਰਿਸ਼ਤਿਆਂ ਉੱਪਰ ਕੀ ਪ੍ਰਭਾਵ ਪਾਉਂਦੀ ਹੈ?

ਆਰਥਿਕਤਾ ਜ਼ਿੰਦਗੀ ਦਾ ਕੇਂਦਰੀ ਧੁਰਾ ਹੈ। ਪੈਸੇ ਦਾ ਲੋਭੀ ਹੋਣਾ ਤਾਂ ਬੁਰਾ ਹੈ ਪਰ ਪੈਸੇ ਬਿਨਾਂ ਜ਼ਿੰਦਗੀ ਨਹੀਂ ਤੁਰਦੀ। ਸੋ ਜੋ ਚੀਜ਼ ਜ਼ਿੰਦਗੀ ਵਿਚ ਇੰਨੀ ਜ਼ਰੂਰੀ ਹੋਵੇ ਉਹ ਜ਼ਿੰਦਗੀ ਉੱਪਰ ਚੰਗੇ ਮਾੜੇ ਅਸਰ ਜ਼ਰੂਰ ਪਾਏਗੀ। ਰਿਸ਼ਤਿਆਂ ਉੱਪਰ ਵੀ ਇਸ ਦਾ ਅਸਰ ਹੋਵੇਗਾ।

11. ਆਧੁਨਿਕ ਸਮੇਂ ਵਿਚ ਬਜ਼ੁਰਗਾਂ ਦੀ ਕੀ ਹੋਣੀ ਹੈ?

ਬਜ਼ੁਰਗ ਪੀੜੀ ਪਾੜ੍ਹੇ ਦਾ ਸ਼ਿਕਾਰ ਹਨ। ਨੌਜਵਾਨਾਂ ਦਾ ਜਿਊਣ ਢੰਗ ਹੋਰ ਹੈ ਤੇ ਬਜ਼ੁਰਗਾਂ ਦਾ ਹੋਰ। ਵਿਚਾਰਾਂ ਦੀ ਟੱਕਰ ਹੈ। ਉਸ ਦੇ ਸਿੱਟੇ ਵਜੋਂ ਬਜ਼ੁਰਗ ਦੁਖਾਂਤ ’ਚ ਨੇ।

12. ਜਿਨਸੀ-ਝੁਕਾਅ ਮਾਨਵੀ ਰਿਸ਼ਤਿਆਂ ਉੱਪਰ ਕੀ ਪ੍ਰਭਾਵ ਪਾਉਂਦੇ ਹਨ?

ਜਿਨਸੀ ਸੰਬੰਧ ਜ਼ਿੰਦਗੀ ਦਾ ਹਿੱਸਾ ਹਨ ਤੇ ਇਹ ਜ਼ਰੂਰੀ ਵੀ ਹਨ। ਇਹ ਓਨੀ ਕੁ ਜਗ੍ਹਾਂ ਤੇ ਰਹਿਣ ਜਿੰਨੀ ਇਸ ਦੀ ਜ਼ਰੂਰਤ ਹੈ। ਅਜੋਕੇ ਸਮੇਂ ਵਿਚ ਇਸ ਪਾਸੇ ਝੁਕਾਅ ਵੱਧ ਰਿਹਾ ਹੈ। ਜਿਸ ਦੇ ਅਨੇਕ ਕਾਰਨ ਹੋ ਸਕਦੇ ਹਨ। ਇਸ ਦੇ ਰਿਸ਼ਤਿਆਂ ਉੱਪਰ ਵੀ ਅਸਰ ਪੈ ਰਹੇ ਹਨ। ਰਿਸ਼ਤਿਆਂ ਵਿੱਚੋਂ ਪਾਕੀਜ਼ਗੀ ਖਤਮ ਹੋ ਰਹੀ ਹੈ। ਵਿਸ਼ਵਾਸ ਮੁੱਕ ਰਿਹਾ ਹੈ।

13. ਆਧੁਨਿਕ ਸਮੇਂ ਵਿਚ ਵੀ ਪਿਆਰ ਇੱਕ ਸੰਤਾਪ ਕਿਉਂ ਹੈ?

ਆਧੁਨਿਕ ਸਮੇਂ ਵਿਚ ਪਿਆਰ, ਮਹਿਜ ਵਕਤ ਕੱਟਣ ਦਾ ਸਾਧਨ ਬਣ ਗਿਆ ਹੈ। ਸੱਚੇ ਪਿਆਰ ਵਾਲੀ ਕੋਈ ਗੱਲ ਹੀ ਨਹੀਂ ਰਹੀ। ਇੱਥੇ ਪਿਆਰ ਸੰਤਾਪ ਭੋਗ ਰਿਹਾ ਹੈ।

14. ਮਾਨਵੀ ਕਦਰਾਂ-ਕੀਮਤਾਂ ਦੇ ਗੁੰਮ ਹੋਣ ਦੇ ਕੀ ਕਾਰਨ ਹਨ?

ਆਧੁਨਿਕ ਸਮੇਂ ਵਿਚ ਸਾਡਾ ਨਜ਼ਰੀਆਂ ਬਦਲ ਚੁੱਕਾ ਹੈ। ਮਨੁੱਖ ਖਪਤਵਾਦੀ ਹੋ ਚੁਕਿਆ ਹੈ। ਇਸ ਕਰ ਕੇ ਕਦਰਾਂ-ਕੀਮਤਾਂ ਗੁੰਮ ਹੋ ਰਹੀਆਂ ਹਨ।

15. ਮਨੁੱਖ ਵਿਚ ਜੀਣ ਦੀ ਬਜਾਏ ਮਰਨ ਦੀ ਰੁਚੀ ਕਿਉਂ ਭਾਰੂ ਹੋ ਰਹੀ ਹੈ?

ਨਿਰਾਸ਼ਾ ਦਾ ਸ਼ਿਕਾਰ ਮਨੁੱਖ ਜੀਣ ਤੋਂ ਦੂਰ ਹੋ ਰਿਹਾ ਹੈ। ਨਿਰਾਸ਼ਾ ਦੇ ਕਈ ਕਾਰਨ ਹਨ। ਜ਼ਿੰਦਗੀ ਇੰਨੀ ਤੇਜ਼ ਹੋ ਚੁੱਕੀ ਹੈ ਕਿ ਸਹਿਜ ਗੁਆਚ ਚੁੱਕਾ ਹੈ।

16. ਪੂੰਜੀਵਾਦੀ ਸਿਸਟਮ ਦਾ ਮਨੁੱਖੀ ਜੀਵਨ ਉੱਪਰ ਕੀ ਪ੍ਰਭਾਵ ਹੈ?

ਪੂੰਜੀਵਾਦ ਨੇ ਮਨੁੱਖ ਨੂੰ ਇਕੱਲਿਆਂ ਕਰ ਦਿੱਤਾ ਹੈ। ਇਨਸਾਨ ਸਾਧਨ ਇਕੱਠੇ ਕਰਨ ਦੀ ਦੌੜ ਵਿਚ ਲੱਗਾ ਹੋਇਆ ਹੈ। ਇਸ ਨਾਲ ਇਨਸਾਨ ਦਾ ਸਕੂਨ ਵੀ ਗੁਆਚ ਗਿਆ ਹੈ ਤੇ ਸਹਿਜ ਵੀ।

17. ਸਮਾਜਿਕ ਨਾਬਰਾਬਰੀ ਮਨੁੱਖ ਦੀ ਮਾਨਸਿਕ ਪੀੜ੍ਹਾ ਨੂੰ ਕਿਵੇਂ ਵਧਾਉਂਦੀ ਹੈ?

ਸਮਾਜਿਕ ਨਾਬਰਾਬਰੀ ਬੁਰੀ ਚੀਜ਼ ਹੈ। ਇਸ ਨਾਲ ਇਨਸਾਨ ਅੰਦਰੋਂ ਵਿਸ਼ਵਾਸ ਮਰਦਾ ਹੈ। ਸਮਾਜ ਵਿਚ ਸਾਰੇ ਬਰਾਬਰ ਹੋਣੇ ਚਾਹੀਦੇ ਹਨ।

18. ਵਿਸ਼ਵੀਕਰਨ ਦਾ ਆਧੁਨਿਕ ਮਨੁੱਖ ਉੱਪਰ ਕੀ ਪ੍ਰਭਾਵ ਹੈ?

ਵਿਸ਼ਵੀਕਰਨ ਨੇ ਇਨਸਾਨ ਨੂੰ ਇਕੱਲਿਆਂ ਕਰ ਦਿੱਤਾ ਹੈ ਜੋ ਬੇਹੱਦ ਖਤਰਨਾਕ ਹੈ।

19. ਤੁਸੀ ਅੱਜ ਦੀ ਨੌਜਵਾਨ ਪੀੜੀ ਨੂੰ ਕੀ ਸੰਦੇਸ਼ ਦੇਣਾ ਚਾਹੋਗੇ?

ਨੌਜਵਾਨਾਂ ਨੂੰ ਕਿਤਾਬਾਂ ਨਾਲ ਜੁੜਨਾ ਚਾਹੀਦਾ ਹੈ। ਰਿਸ਼ਤਿਆਂ ਦੀ ਕਦਰ ਕਰਨੀ ਚਾਹੀਦੀ ਹੈ। ਪੜ੍ਹ-ਲਿਖ ਕੇ ਜ਼ਿੰਦਗੀ ਨੂੰ ਸੋਹਣਾ ਬਣਾਉਣਾ ਚਾਹੀਦਾ ਹੈ।

ਇਸ ਤਰ੍ਹਾਂ ਸਿਮਰਨ ਧਾਲੀਵਾਲ ਦੇ ਜੀਵਨ, ਰਚਨਾਵਾਂ ਤੇ ਉਨ੍ਹਾਂ ਨੂੰ ਮਿਲਣ ਵਾਲੇ ਪੁਰਸਕਾਰਾਂ ਬਾਰੇ ਚਰਚਾ ਕਰਨ ਤੋਂ ਬਾਦ ਇਹ ਕਿਹਾ ਜਾ ਸਕਦਾ ਹੈ ਕਿ ਸੱਚਮੁੱਚ ਹੀ ਸਿਮਰਨ ਧਾਲੀਵਾਲ ਇੱਕ ਕਮਾਲ ਦੇ ਲੇਖਕ ਹਨ। ਬਚਪਨ ਤੋਂ ਹੀ ਉਨ੍ਹਾਂ ਨੂੰ ਕਹਾਣੀ ਪੜ੍ਹਨ ਤੇ ਲਿਖਣ ਦਾ ਸ਼ੌਂਕ ਸੀ। ਜਿਵੇਂ-ਜਿਵੇਂ ਉਹ ਵੱਡੇ ਹੁੰਦੇ ਗਏ, ਤਿਵੇਂ-ਤਿਵੇਂ ਹੀ ਉਨ੍ਹਾਂ ਦੀ ਇਹ ਰੁਚੀ ਵੱਧਦੀ ਗਈ। ਉਨ੍ਹਾਂ ਦੀਆਂ ਕਹਾਣੀਆਂ ਵਿੱਚੋਂ ਸਾਨੂੰ ਲੋਟੂ ਵਿਵਸਥਾ, ਆਰਥਿਕ ਹੀਣਤਾ

ਅਤੇ ਵਿਸ਼ਵੀਕਰਨ ਦੇ ਪ੍ਰਭਾਵ ਹੇਠ ਆਧੁਨਿਕ ਮਨੁੱਖ ਦੇ ਦਰਦ, ਇਕੱਲਤਾ, ਉਦਾਸੀ, ਅਧੂਰੇਪਨ ਦਾ ਗਿਆਨ ਹੁੰਦਾ ਹੈ। ਉਨ੍ਹਾਂ ਦੀਆਂ ਕਹਾਣੀਆਂ ਵਿਚ ਸਮਾਜ ਦਾ ਇੱਕ ਭਿਆਨਕ ਸੱਚ ਹੈ।

ਨਿਸ਼ਚੇ ਹੀ ਉਹ ਅੱਜ ਦੀ ਨੌਜਵਾਨ ਪੀੜ੍ਹੀ ਲਈ ਇੱਕ ਮਿਸਾਲ ਹਨ। ਕਿਉਂਕਿ ਜਿਸ ਉਮਰ ਵਿਚ ਅੱਜ ਦੀ ਨੌਜਵਾਨ ਪੀੜ੍ਹੀ ਨਸ਼ਿਆਂ ਦੇ ਦਰਿਆ ਵਿਚ ਰੁੜ੍ਹ ਕੇ ਆਪਣੀ ਜ਼ਿੰਦਗੀ ਆਪਣੇ ਹੱਥੀ ਉਜਾੜ ਰਹੀ ਹੈ। ਉੱਥੇ ਹੀ ਸਿਮਰਨ ਧਾਲੀਵਾਲ ਵਰਗਾ ਨੌਜਵਾਨ ਲੇਖਕ ਆਪਣੀ ਲੇਖਣ ਕਲਾ ਦੇ ਨਾਲ ਸਾਹਿਤ ਦੇ ਜਗਤ ਵਿਚ ਆਪਣਾ ਤੇ ਆਪਣੇ ਮਾਂ ਬਾਪ ਦਾ ਨਾਮ ਰੋਸ਼ਨ ਕਰ ਰਿਹਾ ਹੈ। ਸਿਰਫ ਪੰਜਾਬ ਹੀ ਨਹੀਂ ਸਗੋਂ ਪੰਜਾਬ ਤੋਂ ਬਾਹਰ ਵੀ ਉਸ ਦੀ ਪਛਾਣ ਬਣਦੀ ਜਾ ਰਹੀ ਹੈ। ਜਿਸ ਦਾ ਸਭ ਤੋਂ ਵੱਡਾ ਸਬੂਤ ਉਨ੍ਹਾਂ ਨੂੰ ਕਨੈਡਾ ਵਿਚ ਮਿਲਿਆ ਪੁਰਸਕਾਰ ਹੈ। ਇਸ ਤਰ੍ਹਾਂ ਸਿਮਰਨ ਧਾਲੀਵਾਲ ਇੱਕ ਸੁਲਝਿਆ ਹੋਇਆ ਲੇਖਕ ਹੈ ਤੇ ਉਹ ਨਿਸ਼ਚੇ ਹੀ ਆਉਣ ਵਾਲੇ ਲੇਖਕਾਂ ਕਈ ਇੱਕ ਮਿਸਾਲ ਹੈ।

## ਹਵਾਲੇ ਅਤੇ ਟਿੱਪਣੀਆਂ:-

1. ਸਿਮਰਨ ਧਾਲੀਵਾਲ, ਸਵੈ ਲੇਖਣ, ਉਸ ਪਲ, ਪੰਨਾ 8
2. ਉਹੀ।
3. ਸਿਮਰਨ ਧਾਲੀਵਾਲ, ਉਸ ਪਲ, ਅੰਤਿਮ ਪੰਨਾ।
4. ਸਿਮਰਨ ਧਾਲੀਵਾਲ, ਆਸ ਅਜੇ ਬਾਕੀ ਹੈ, ਪੰਨਾ 9
5. ਉਹੀ, ਅੰਤਿਮ ਪੰਨਾ।
6. ਉਹੀ।
7. ਪੰਜਾਬੀ ਜਾਗਰਣ, 25 ਸਤੰਬਰ 2016, ਪੰਨਾ 6
8. ਟੈਲੀਫੋਨਿਕ ਇੰਟਰਵਿਊ, 26 ਅਪ੍ਰੈਲ, 2017

# ਅਧਿਆਇ ਦੂਜਾ

## ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਦੀ ਤ੍ਰਾਸਦੀ

ਸਿਮਰਨ ਧਾਲੀਵਾਲ ਨੇ ਆਪਣੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਦੀ ਤ੍ਰਾਸਦੀ ਦੀ ਭਰਪੂਰ ਪੇਸ਼ਕਾਰੀ ਕੀਤੀ ਹੈ। ਉਸ ਦੀਆਂ ਕਹਾਣੀਆਂ ਦੇ ਪਾਤਰ ਮਾਨਸਿਕ ਗੁੰਝਲਤਾਵਾਂ ਦਾ ਸ਼ਿਕਾਰ ਹਨ। ਬੇਸ਼ੱਕ ਉਹ ਅਮੀਰ ਹਨ ਜਾਂ ਗਰੀਬ ਹਨ। ਹਰ ਕੋਈ ਕਿਸੇ ਨਾ ਕਿਸੇ ਦੁਬਿਧਾ ਵਿਚ ਫਸਿਆ ਹੋਇਆ ਹੈ। ਧਾਲੀਵਾਲ ਦੀਆਂ ਕਹਾਣੀਆਂ ਪਾਤਰਾਂ ਦੀ ਤ੍ਰਾਸਦੀ ਨੂੰ ਬਹੁਤ ਹੀ ਖੂਬਸੂਰਤ ਤਰੀਕੇ ਨਾਲ ਪੇਸ਼ ਕਰਦੀਆਂ ਹਨ। ਇਹ ਸਾਰੀਆਂ ਕਹਾਣੀਆਂ ਮਨੁੱਖੀ ਮਨ ਦੀਆਂ ਤਹਿਆਂ ਨੂੰ ਫਰੋਲਦੀਆਂ ਹਨ ।

ਵੱਖ-ਵੱਖ ਹਾਲਾਤਾਂ ਦੇ ਕਾਰਨ ਮਨੁੱਖੀ ਮਨ ਤੇ ਜੀਵਨ ਉੱਪਰ ਜੋ ਪ੍ਰਭਾਵ ਪੈਂਦਾ ਹੈ ਉਸ ਦੀ ਪੇਸ਼ਕਾਰੀ ਇਨ੍ਹਾਂ ਕਹਾਣੀਆਂ ਵਿੱਚ ਮਿਲਦੀ ਹੈ। ਇਹ ਤ੍ਰਾਸਦੀ ਵੱਖ-ਵੱਖ ਸਮੱਸਿਆਵਾਂ ਦੇ ਕਾਰਨ ਪੈਦਾ ਹੁੰਦੀ ਹੈ ਜਿਵੇਂ ਮਾੜੀ ਆਰਥਿਕਤਾ, ਜਿਨਸੀ-ਝੁਕਾਅ, ਬੇਰੁਜ਼ਗਾਰੀ, ਪੀੜ੍ਹੀ-ਪਾੜਾ, ਭ੍ਰਿਸ਼ਟਾਚਾਰ, ਜਾਤੀਵਾਦ, ਵਿਸ਼ਵੀਕਰਣ ਦਾ ਪ੍ਰਭਾਵ, ਪਿਆਰ-ਵਿਆਹ, ਰਿਸ਼ਤਾ-ਨਾਤਾ ਪ੍ਰਣਾਲੀ, ਸਮਲਿੰਗਕਤਾ ਆਦਿ। ਵੱਖ-ਵੱਖ ਪਰਿਸਥਿਤੀਆਂ ਮਨੁੱਖ ਉੱਪਰ ਆਪਣਾ ਕੀ ਪ੍ਰਭਾਵ ਪਾਉਂਦੀਆਂ ਹਨ ਇਹ ਹੀ ਇਨ੍ਹਾਂ ਕਹਾਣੀਆਂ ਦੇ ਵਿਚ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਹਰ ਕਹਾਣੀ ਤ੍ਰਾਸਦੀ ਦੀ ਇੱਕ ਉੱਤਮ ਉਦਾਹਰਨ ਹੈ। ਹਰ ਪਾਤਰ ਦੀ ਆਪਣੀ ਇੱਕ ਤ੍ਰਾਸਦੀ ਹੈ। ਤ੍ਰਾਸਦੀ ਦਾ ਸ਼ਿਕਾਰ ਮਨੁੱਖ ਕਿਵੇਂ ਆਪਣੀ ਜ਼ਿੰਦਗੀ ਬਸਰ ਕਰ ਰਿਹਾ ਹੈ ਇਸ ਦੀ ਪੇਸ਼ਕਾਰੀ ਧਾਲੀਵਾਲ ਦੀਆਂ ਕਹਾਣੀਆਂ ਵਿਚ ਮਿਲਦੀ ਹੈ।

### ਆਰਥਿਕ ਤ੍ਰਾਸਦੀ

ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵਿਚ ਪਾਤਰਾਂ ਦੀ ਸਭ ਤੋਂ ਵੱਧ ਆਰਥਿਕ ਤ੍ਰਾਸਦੀ ਦੇਖਣ ਨੂੰ ਮਿਲਦੀ ਹੈ। ਆਰਥਿਕਤਾ ਮਨੁੱਖੀ ਜੀਵਨ ਉੱਪਰ ਆਪਣਾ ਗਹਿਰਾ ਪ੍ਰਭਾਵ ਪਾਉਂਦੀ ਹੈ। ਮਾੜੀ ਆਰਥਿਕਤਾ ਦੇ ਨਤੀਜੇ ਇੰਨੇ ਜ਼ਿਆਦਾ ਭਿਆਨਕ ਹੁੰਦੇ ਹਨ ਕਿ ਜਿਊਂਦਾ-ਜਾਗਦਾ ਮਨੁੱਖ ਨਿਰਾਸ਼ਤਾ ਦੇ ਵਿਚ ਉਲਝ ਜਾਂਦਾ ਹੈ। ਉਸ ਨੂੰ ਆਪਣਾ ਜੀਵਨ ਵਿਅਰਥ ਲੱਗਦਾ ਹੈ ਤੇ ਜ਼ਿੰਦਗੀ ਨਾਲੋਂ ਮੌਤ ਚੰਗੀ ਲੱਗਣ ਲੱਗਦੀ ਹੈ। ਉਸ ਨੂੰ ਆਪਣਾ ਜੀਵਨ ਨਰਕ ਦੇ ਸਮਾਨ ਲੱਗਦਾ ਹੈ। ਇੱਥੋਂ ਤੱਕ ਕਿ ਮਾੜੀ ਆਰਥਿਕਤਾ ਦੇ ਸ਼ਿਕਾਰ ਵਿਅਕਤੀ ਨੂੰ ਆਪਣੀ ਜ਼ਮੀਰ ਨਾਲ ਸਮਝੋਤਾ ਕਰ ਕੇ ਉਹ ਫ਼ੈਸਲੇ ਲੈਣੇ ਪੈਂਦੇ ਹਨ ਜਿਹੜੇ ਕਿ ਉਹ ਨਹੀਂ ਲੈਣਾ ਚਾਹੁੰਦਾ। ਜਿਸ ਕਾਰਨ ਮਨੁੱਖ ਆਪਣੇ ਆਪ ਨੂੰ ਲਾਚਾਰ ਮਹਿਸੂਸ ਕਰਦਾ ਹੈ। 'ਆਸ ਅਜੇ ਬਾਕੀ ਹੈ' ਤੇ 'ਉਸ ਪਲ' ਦੋਵੇਂ ਕਹਾਣੀ ਸੰਗ੍ਰਹਿ ਆਰਥਿਕ ਤ੍ਰਾਸਦੀ ਦੀ ਤਸਵੀਰ ਪੇਸ਼ ਕਰ ਦੇ ਹਨ। 'ਘੁੰਮਣਘੇਰੀਆਂ', 'ਆਸ ਅਜੇ ਬਾਕੀ ਹੈ', 'ਹੁਣ ਮੈਂ ਝੂਠ ਨਹੀਂ ਬੋਲਦਾ', 'ਸਟਾਰਟਿੰਗ ਪੁਆਇੰਟ' ਅਤੇ 'ਜਿਨ੍ਹਾਂ ਦਾ ਕੋਈ ਘਰ ਨਹੀਂ ਹੁੰਦਾ' ਆਦਿ ਕਹਾਣੀਆਂ

ਆਰਥਿਕ ਤ੍ਰਾਸਦੀ ਦੀ ਉੱਤਮ ਉਦਾਹਰਨ ਹਨ। ਘੁੰਮਣਘੇਰੀਆਂ ਦੇ ਪਾਤਰ ਕਮਜ਼ੋਰ ਆਰਥਿਕਤਾ ਦੇ ਕਾਰਨ ਜਿੱਥੇ ਆਪਣੀਆਂ ਪਰੇਸ਼ਾਨੀਆਂ ਦੇ ਵਿਚ ਘਿਰੇ ਹੋਏ ਹਨ ਉੱਥੇ ਹੀ ਉਹ ਆਪਣੀ ਜ਼ਮੀਰ ਦੇ ਨਾਲ ਸਮਝੌਤਾ ਕਰ ਕੇ ਉਹ ਫੈਂਸਲੇ ਲੈਂਦੇ ਹਨ ਜਿਸ ਦੇ ਕਾਰਨ ਉਹ ਮਾਨਸਿਕ ਦਵੰਦ ਦਾ ਸ਼ਿਕਾਰ ਹੁੰਦੇ ਹਨ। ਕਹਾਣੀ ਦਾ ਪਾਤਰ ਜੈਲੀ ਗਰੀਬ ਜੱਟ ਦਾ ਪੁੱਤ ਹੈ ਪਰ ਪੜ੍ਹਿਆ-ਲਿਖਿਆ ਹੋਣ ਦੇ ਬਾਵਜੂਦ ਨੌਕਰੀ ਨਾ ਮਿਲਣ ਕਾਰਨ ਉਹ ਆਪਣੀ ਜ਼ਿੰਦਗੀ ਦੇ ਵਿਚ ਨਿਰਾਸ਼ ਹੈ। ਉਸ ਦੀ ਮਾੜੀ ਆਰਥਿਕਤਾ ਦੇ ਕਾਰਨ ਹੀ ਉਸ ਦੀ ਭੈਣ ਦਾ ਰਿਸ਼ਤਾ ਟੁੱਟ ਜਾਂਦਾ ਹੈ ਜਿਸ ਕਾਰਨ ਉਹ ਫਾਹਾ ਲੈ ਲੈਂਦੀ ਹੈ। ਆਰਥਿਕ ਨਾਬਰਾਬਰੀ, ਬੇਰੁਜਗਾਰੀ, ਭ੍ਰਿਸ਼ਟਾਚਾਰ, ਲੁੱਟ-ਖੋਹ ਦਾ ਸ਼ਿਕਾਰ ਜ਼ੈਲੀ ਅੰਦਰੋਂ ਟੁੱਟਿਆਂ ਤੇ ਜ਼ਿੰਦਗੀ ਵਿਚ ਹਾਰਿਆ ਹੋਇਆ ਮਹਿਸੂਸ ਕਰਦਾ ਹੈ। ਕਿਉਂਕਿ ਉਸ ਨੂੰ ਸਾਰੇ ਪਾਸੇ ਲੁੱਟ-ਖੋਹ ਤੇ ਭ੍ਰਿਸ਼ਟਾਚਾਰ ਦਾ ਬੁਣਿਆ ਜਾਲ ਹੀ ਦਿਖਾਈ ਦਿੰਦਾ ਹੈ। ਜਿਸ ਕਾਰਨ ਉਹ ਤ੍ਰਾਸਦੀ ਦਾ ਸਿਕਾਰ ਹੈ।

ਉਸ ਦੀ ਪਤਨੀ ਗੁਰਜੀਤ ਸਰਪੰਚ ਦੇ ਮੁੰਡੇ ਨਾਲ ਨਜਾਇਜ਼ ਸੰਬੰਧ ਬਣਾਉਂਦੀ ਹੈ ਕਿਉਂਕਿ ਉਸ ਦੀਆਂ ਆਰਥਿਕ ਲੋੜਾਂ ਦੀ ਪੂਰਤੀ ਕਰਨ ਵਿਚ ਉਸ ਦਾ ਪਤੀ ਜੈਲੀ ਲਾਚਾਰ ਹੈ। ਇੱਥੇ ਉਸ ਦੀ ਪਤਨੀ ਦੀ ਤ੍ਰਾਸਦੀ ਸਾਹਮਣੇ ਆਉਂਦੀ ਹੈ। ਜੈਲੀ ਦੇ ਪਿਤਾ ਨੂੰ ਆਪਣੀ ਨੂੰਹ ਦੇ ਸਰਪੰਚ ਦੇ ਮੁੰਡੇ ਨਾਲ ਨਜਾਇਜ਼ ਸੰਬੰਧਾਂ ਬਾਰੇ ਪਤਾ ਹੈ ਪਰ ਫੇਰ ਵੀ ਉਹ ਚੁੱਪ ਧਾਰੀ ਬੈਠਾ ਹੈ ਕਿਉਂਕਿ ਉਹ ਸਰਪੰਚ ਦਾ ਕਰਜ਼ਦਾਰ ਹੈ।

> "ਸਰਪੰਚ ਦਾ ਕਰਜ਼ ਜਿਵੇਂ ਵੱਧਦਾ ਹੀ ਤੁਰਿਆ ਜਾਂਦਾ। ਹਰ ਸਾਲ ਸਾਡੀ ਗਹਿਣੇ ਪਈ ਜ਼ਮੀਨ ਉਹਦੇ ਥੱਲੇ ਵੱਘਦੀ। ਬਾਪੂ ਹਰ ਸਾਲ ਜ਼ਮੀਨ ਛੁਡਾਉਣ ਦੀਆਂ ਸਕੀਮਾਂ ਬਣਾਉਂਦਾ। ਪਰ ਬਾਪੂ ਦੀ ਜੋੜ ਘਟਾਓ ਉਲਟੀ ਪੈ ਜਾਂਦੀ।"[1]

ਉਸ ਦੀ ਅੱਧੀ ਤੋਂ ਵੱਧ ਪੈਲੀ ਸਰਪੰਚ ਦੇ ਕੋਲ ਗਹਿਣੇ ਪਈ ਹੈ। ਇਸ ਲਈ ਉਹ ਆਪਣੇ ਜ਼ਮੀਰ ਨਾਲ ਸਮਝੌਤਾ ਕਰ ਕੇ ਅਨਜਾਣ ਬਣੀ ਬੈਠਾ ਹੈ। ਇੱਥੇ ਵੀ ਉਸ ਦੀ ਆਰਥਿਕ ਤ੍ਰਾਸਦੀ ਨਿੱਕਲ ਕੇ ਸਾਹਮਣੇ ਆਉਂਦੀ ਹੈ। ਪਰ ਜਦੋਂ ਜੈਲੀ ਨੂੰ ਇਹ ਸਭ ਪਤਾ ਲੱਗਦਾ ਹੈ ਤਾਂ ਉਹ ਸਰਪੰਚ ਦੇ ਮੁੰਡੇ ਦਾ ਕਤਲ ਕਰ ਕੇ ਇਸ ਦਾ ਬਦਲਾ ਲੈਂਦਾ ਹੈ। ਉਸ ਨੂੰ ਕਾਤਲ ਬਣਨਾ ਪੈਂਦਾ ਹੈ ਪਰ ਇਸ ਦੇ ਪਿੱਛੇ ਉਸ ਦੀ ਕਮਜ਼ੋਰ ਆਰਥਿਕਤਾ ਹੀ ਜ਼ਿੰਮੇਵਾਰ ਹੈ।

ਜੈਲੀ ਦੇ ਪਿਉ ਦੀ ਇਹ ਵੀ ਤ੍ਰਾਸਦੀ ਹੈ ਕਿ ਉਹ ਆਪਣੇ ਪੁੱਤਰ ਨੂੰ ਕੰਮ ਕਰਦੇ ਤੇ ਪੈਸਾ ਕਮਾਉਦੇ ਦੇਖਣਾ ਚਾਹੁੰਦਾ ਹੈ ਕਿਉਂਕਿ ਹਰ ਮਾਂ ਬਾਪ ਇਹੀ ਚਾਹੁੰਦਾ ਹੈ ਕਿ ਉਸ ਦਾ ਪੁੱਤਰ ਕਮਾਵੇ ਤੇ ਘਰ ਦੀ ਆਰਥਿਕਤਾ ਦੇ ਵਿਚ ਆਪਣਾ ਹਿੱਸਾ ਪਾਵੇ। ਪਰ ਉਸ ਦੀ ਇਹ ਇੱਛਾ ਅਧੂਰੀ ਰਹਿ ਜਾਂਦੀ ਹੈ ਕਿਉਂਕਿ ਪੜ੍ਹੇ ਲਿਖੇ ਜੈਲੀ ਨੂੰ ਨੌਕਰੀ ਨਹੀਂ ਮਿਲਦੀ। ਇਸੇ ਲਈ ਉਹ ਆਪਣੇ ਪੁੱਤਰ ਜੈਲੀ ਨੂੰ ਜਰਮਨ ਭੇਜਣ ਰਾਜੀਵ ਸੇਠੀ ਨਾਮ ਦੇ ਏਜੰਟ ਨੂੰ ਆਪਣੀ ਜ਼ਮੀਨ ਗਹਿਣੇ ਧਰ ਕੇ ਪੰਜ ਲੱਖ ਰੁਪਈਆ ਵੀ ਦਿੰਦਾ ਹੈ ਪਰ ਉਹ ਏਜੰਟ ਪੈਸੇ ਲੈ ਕੇ ਭੱਜ ਜਾਂਦਾ ਹੈ ਜਿਸ ਕਾਰਨ ਉਸ ਦਾ ਬਾਪੂ ਪਰੇਸ਼ਾਨ ਰਹਿਣ ਲੱਗਦਾ ਹੈ ਤੇ ਸ਼ਰਾਬ ਪੀ ਕੇ ਊਟ-ਪਟਾਂਗ ਗੱਲਾਂ ਕਰਦਾ ਹੈ।

> "ਦੇਖ ਜੈਲੀ! ਜ਼ਮੀਨ ਖਿਸਕੀ ਜਾਂਦੀ ਆਪਣੀ। ਕਿੱਲ ਗੱਡਦੇ ਕਿੱਲ......ਚਾਰਾਂ ਨੁੱਕਰਾਂ 'ਚ।"[2]

ਕਹਾਣੀ ਵਿਚ ਜੈਲੀ ਤਰਸ ਦਾ ਪਾਤਰ ਉਦੋਂ ਬਣਦਾ ਹੈ। ਜਦੋਂ ਸਰਪੰਚ ਚੋਰੀ ਦੇ ਝੂਠੇ ਕੇਸ ਵਿਚ ਉਸ ਨੂੰ ਪੁਲਿਸ ਕੋਲ ਫੜ੍ਹਾ ਦਿੰਦਾ ਹੈ। ਇਸ ਤੋਂ ਇਲਾਵਾ ਜਦੋਂ ਉਸ ਦੇ ਦੋਸਤ ਕਾਮਰੇਡ ਚੇਤਨ ਨੂੰ ਕਤਲ ਕੀਤਾ ਜਾਂਦਾ ਹੈ ਤਾਂ ਉਸ ਸਮੇਂ ਉਹ ਹੋਰ ਵੀ ਨਿਰਾਸ਼ਤਾ ਦੀ ਦਲਦਲ ਵਿਚ ਧੱਸ ਜਾਂਦਾ ਹੈ।

ਇਸੇ ਤਰ੍ਹਾਂ ਹੀ ਆਰਥਿਕ ਤ੍ਰਾਸਦੀ ਦੀ ਇੱਕ ਹੋਰ ਉਦਾਹਰਨ 'ਆਸ ਅਜੇ ਬਾਕੀ ਹੈ' ਅਤੇ 'ਸਟਾਰਟਿੰਗ ਪੁਆਇੰਟ' ਵਿਚ ਦੇਖਣ ਨੂੰ ਮਿਲਦੀ ਹੈ। ਜਿਨ੍ਹਾਂ ਦੇ ਨਾਇਕ ਗਰੀਬ ਜੱਟ ਦੇ ਪੁੱਤ ਅਤੇ ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਬੇਰੁਜ਼ਗਾਰੀ ਦਾ ਸੰਤਾਪ ਹੰਢਾਉਂਦੇ ਹਨ। ਉਨ੍ਹਾਂ ਦੇ ਜੀਵਨ ਦੀ ਇਹ ਤ੍ਰਾਸਦੀ ਹੈ ਕਿ ਮਾੜੀ ਆਰਥਿਕਤਾ ਅਤੇ ਨੌਕਰੀ ਨਾ ਮਿਲਣ ਦੇ ਕਾਰਨ ਉਨ੍ਹਾਂ ਨੂੰ ਸਰਕਾਰੀ ਨੌਕਰੀ ਕਰਦੀ ਆਪਣੀ-ਆਪਣੀ ਪਤਨੀ ਦੇ ਹੱਥੋਂ ਪੈਰ-ਪੈਰ ਤੇ ਜਲੀਲ ਹੋਣਾ ਪੈਂਦਾ ਹੈ। ਜਿਸ ਕਾਰਨ ਉਹ ਮਾਨਸਿਕ ਤ੍ਰਾਸਦੀ ਦੇ ਵੀ ਸ਼ਿਕਾਰ ਹਨ। ਜਿਸ ਤਰ੍ਹਾਂ 'ਆਸ ਅਜੇ ਬਾਕੀ ਹੈ' ਕਹਾਣੀ ਦਾ ਨਾਇਕ ਸਰਕਾਰੀ ਨੌਕਰੀ ਕਰਦੀ ਆਪਣੀ ਪਤਨੀ ਦੇ ਤਾਹਨੇ ਮਿਹਣਿਆਂ ਦਾ ਸ਼ਿਕਾਰ ਹੁੰਦਾ ਹੈ ਉਸੇ ਤਰ੍ਹਾਂ 'ਸਟਾਰਟਿੰਗ ਪੁਆਇੰਟ' ਕਹਾਣੀ ਦਾ ਨਾਇਕ ਵੀ ਆਪਣੀ ਸਰਕਾਰੀ ਨੌਕਰੀ ਕਰਦੀ ਪਤਨੀ ਦੇ ਮਿਹਣਿਆਂ ਦਾ ਸ਼ਿਕਾਰ ਹੈ।

ਪਰ ਇਨ੍ਹਾਂ ਦੋਹਾਂ ਕਹਾਣੀਆਂ ਦੇ ਨਾਇਕਾਂ ਵਿਚ ਸਿਰਫ ਇੱਕ ਫਰਕ ਹੈ। ਜਿੱਥੇ 'ਆਸ ਅਜੇ ਬਾਕੀ ਹੈ' ਕਹਾਣੀ ਦਾ ਨਾਇਕ ਆਪਣੇ ਜੀਵਨ ਤੋਂ ਨਿਰਾਸ਼ ਹੋ ਕੇ ਸੰਘਰਸ਼ ਕਰਨਾ ਛੱਡ ਦਿੰਦਾ ਹੈ ਤੇ ਇਹ ਆਸ ਕਰਦਾ ਹੈ ਕਿ ਜੋ ਉਹ ਨਹੀਂ ਕਰ ਸਕਿਆ ਉਹ ਉਸ ਦਾ ਪੁੱਤਰ ਕਰੇਗਾ।

> "ਕੋਈ ਨਾ ਮੇਰਾ ਪੁੱਤ ਹੈਗਾ ਨਾ। ਇਹ ਬਦਲੂ ਘਰ ਦੀ ਹੋਣੀ। ਵੱਡਾ ਅਫ਼ਸਰ ਬਣੂ, ਸਾਰੇ ਧੋਣੇ-ਧੋ ਦਿਊਂ।"[3]

ਪਰ 'ਸਟਾਟਿੰਗ ਪੁਆਇੰਟ' ਕਹਾਣੀ ਦਾ ਨਾਇਕ ਆਪਣੇ ਸੰਘਰਸ਼ ਨੂੰ ਨਹੀਂ ਛੱਡਦਾ ਸਗੋਂ ਉਹ ਆਪਣੇ ਜੀਵਨ ਨੂੰ ਇੱਕ ਨਵੇਂ ਸਿਰੇ ਤੋਂ ਸ਼ੁਰੂ ਕਰਨ ਵਿਚ ਯਕੀਨ ਰੱਖਦਾ ਹੈ ਤੇ ਉਮੀਦ ਕਰਦਾ ਹੈ ਕਿ ਇਕ ਦਿਨ ਉਸ ਨੂੰ ਮੰਜ਼ਿਲ ਜ਼ਰੂਰ ਮਿਲੇਗੀ ਤੇ ਉਹ ਆਪਣੇ ਉਦੇਸ਼ ਵਿਚ ਜ਼ਰੂਰ ਸਫਲ ਹੋਵੇਗਾ। ਉਸ ਨੂੰ ਵਾਰ-ਵਾਰ ਆਪਣੇ ਬਾਪ ਦੀ ਕਹੀ ਉਹ ਗੱਲ ਯਾਦ ਆਉਂਦੀ ਹੈ ਜਿਹੜੀ ਕਿ ਉਹ ਅਕਸਰ ਦੁਹਰਾਇਆ ਕਰਦੇ ਸਨ।

> "ਜ਼ਿੰਦਗੀ ਉਸੇ ਨੂੰ ਕਹਿੰਦੇ ਨੇ ਪੁੱਤਰਾਂ ਜੀਹਦੇ 'ਚ ਸਾਰਾ ਕੁਝ ਸਾਵਾਂ-ਪੱਧਰਾ ਨਾ ਹੋਵੇ। ਹਰ ਦਿਨ ਦੀ ਸ਼ੁਰੂਆਤ ਇੱਕ ਨਵੇਂ ਸਿਰੇ ਤੋਂ ਕਰੀਦੀ ਏ।...ਨਹੀਂ ਤਾਂ ਜਿਊਂਣਾ ਔਖਾ ਹੋ ਜਾਂਦਾ।"[4]

'ਕੇਂਦਰ-ਬਿੰਦੂ' ਕਹਾਣੀ ਵੀ ਆਰਥਿਕ ਤ੍ਰਾਸਦੀ ਦੀ ਹੀ ਇੱਕ ਉਦਾਹਰਨ ਹੈ। ਜਿਸ ਦਾ ਪਾਤਰ ਮਾੜੀ ਨਹੀਂ ਸਗੋਂ ਮਜਬੂਤ ਆਰਥਿਕਤਾ ਦਾ ਮਾਲਕ ਹੈ ਪਰ ਫੇਰ ਵੀ ਉਹ ਤ੍ਰਾਸਦੀ ਦਾ ਪਾਤਰ ਹੈ। ਉਸ ਦੀ ਤ੍ਰਾਸਦੀ ਦਾ ਕਾਰਨ ਉਸ ਦਾ ਪੁੱਤਰ ਬਿੰਦੂ ਹੈ ਜੋ ਕਿ ਉਸ ਨੂੰ ਬਿਨਾਂ ਦੱਸੇ ਅੱਧੀ ਤੋਂ ਵੱਧ ਜ਼ਮੀਨ ਸ਼ਾਪਿੰਗ ਮਾਲ ਬਣਾਉਣ ਵਾਲਿਆਂ ਨੂੰ ਵੇਚ ਦਿੰਦਾ ਹੈ। ਪਰ ਜਦੋਂ ਉਹ ਆਪਣੇ ਪੁੱਤਰ ਦੇ ਇਸ ਫੈਸਲੇ ਦਾ ਵਿਰੋਧ ਕਰਦਾ ਹੈ ਤਾਂ ਉਸ ਦਾ ਪੁੱਤਰ ਬਿੰਦੂ ਉਸ ਦਾ ਅਪਮਾਨ ਕਰਦਾ ਹੈ ਤੇ ਉਸ ਦੀ ਸੋਚ ਘਟੀਆ ਦੱਸਦਾ ਹੈ।

"ਬਾਪੂ ਰੋਟੀ ਖਾ ਕੇ ਢਿੱਡ ਤੇ ਹੱਥ ਫੇਰ ਲੈਣਾ ਹੀ ਬਹੁਤ ਕੁਝ ਨਹੀਂ ਹੁੰਦਾ। ਤਰੱਕੀ ਕਰਨ ਲਈ ਬਹੁਤ ਕੁਝ...।"[5]

ਉਸ ਦੀ ਤ੍ਰਾਸਦੀ ਉਸ ਸਮੇਂ ਆਪਣੇ ਸਿਖਰ 'ਤੇ ਪਹੁੰਚਦੀ ਹੈ ਜਦੋਂ ਉਸ ਦਾ ਪੁੱਤਰ ਤੇ ਉਸ ਦੀ ਨੂੰਹ ਬਾਕੀ ਬਚਦੀ ਜ਼ਮੀਨ ਹੜੱਪਣ ਲਈ ਮਿਲਖਾ ਸਿਹੁੰ ਨੂੰ ਦੁਪਹਿਰ ਦੇ ਖਾਣੇ ਵਿੱਚ ਜ਼ਹਿਰ ਮਿਲਾ ਕੇ ਮਾਰਨ ਦੀ ਕੋਸ਼ਿਸ਼ ਕਰਦੇ ਹਨ ਜਿਸ ਨੂੰ ਕਿ ਗਲਤੀ ਨਾਲ ਉਸ ਦਾ ਪਾਲਤੂ ਕੁੱਤਾ ਡੱਬੂ ਖਾ ਲੈਂਦਾ ਹੈ ਤੇ ਮਰ ਜਾਂਦਾ ਹੈ।

"ਪਰਸੋਂ ਦੀ ਗੱਲ ਹੈ। ਰੋਟੀ ਲੱਗਾ ਸੀ ਮੈਂ ਖਾਣ। ਬੁਰਕੀ ਤੋੜੀ ਹੀ ਕਿ ਬਾਹਰੋਂ ਨੰਬਰਦਾਰ ਨੇ ਹਾਕ ਮਾਰ ਮਾਰ ਲਈ। ਜਦ ਮੈਂ ਗੱਲ ਕਰਕੇ ਮੁੜਿਆ ਤਾਂ ਦੇਖਿਆ......ਮੰਜੇ ਹੇਠ ਡੱਬੂ ਵਿਚਾਰਾ ਢੇਰੀ ਹੋਇਆ ਪਿਆ ਸੀ। ਮੂੰਹ 'ਚੋਂ ਝੱਗ ਨਿਕਲੇ। ਦਹੀਂ ਨਾਲ ਲਿਬੜਿਆ ਉਹਦਾ ਮੂੰਹ ਦੇਖ ਕੇ ਸਾਰੀ ਗੱਲ ਸਮਝ ਗਿਆ ਸੀ ਮੈਂ। ਜਨਾਬ ਉਹ ਥਾਲੀ 'ਚ ਮੂੰਹ ਨਾ ਮਾਰਦਾ ਤਾਂ ਉਹ ਰੋਟੀ ਮੈਂ ਖਾਣੀ ਸੀ ਤੇ......।"[6]

ਇਸ ਤਰ੍ਹਾਂ ਇਹ ਕਹਾਣੀ ਬਾਕੀ ਕਹਾਣੀਆਂ ਦੇ ਨਾਲੋਂ ਥੋੜੀ ਅਲੱਗ ਹੈ। ਜਿੱਥੇ ਬਾਕੀ ਕਹਾਣੀਆਂ ਦੇ ਪਾਤਰ ਆਪਣੀ ਮਾੜੀ ਆਰਥਿਕਤਾ ਦੇ ਕਾਰਨ ਤ੍ਰਾਸਦੀ ਦਾ ਸ਼ਿਕਾਰ ਹਨ ਉੱਥੇ ਹੀ ਇਸ ਕਹਾਣੀ ਦੇ ਪਾਤਰ ਦੀ ਤ੍ਰਾਸਦੀ ਦਾ ਕਾਰਨ ਹੀ ਉਸ ਦੀ ਜ਼ਮੀਨ ਹੈ। ਉਸ ਦੇ ਕੋਲ ਉਪਜਾਊ ਜ਼ਮੀਨ ਤੇ ਆਰਥਿਕ ਤੌਰ ਤੇ ਮਜਬੂਤ ਹੋਣ ਦੇ ਕਾਰਨ ਹੀ ਇਸ ਸਾਰੀ ਜ਼ਮੀਨ ਨੂੰ ਹੜੱਪਣ ਲਈ ਉਸ ਦਾ ਪੁੱਤਰ ਆਪਣੀ ਪੂਰੀ ਤਾਕਤ ਲਗਾਉਂਦਾ ਹੈ ਤੇ ਉਸ ਨੂੰ ਦੱਸੇ ਬਿਨਾਂ ਅੱਧੀ ਤੋਂ ਵੱਧ ਉਪਜਾਊ ਜ਼ਮੀਨ ਨੂੰ ਪੈਸੇ ਦੇ ਲਾਲਚ ਵਿਚ ਆ ਕੇ ਵੇਚ ਦਿੰਦਾ ਹੈ। ਇੱਥੇ ਹੀ ਬਸ ਨਹੀਂ ਸਗੋਂ ਆਪਣੇ ਬਾਪ ਨੂੰ ਮਾਰਨ ਦੀ ਵੀ ਨਾਕਾਮ ਕੋਸ਼ਿਸ਼ ਕਰਦਾ ਹੈ। ਸਿੱਟੇ ਵਜੋਂ ਉਸ ਦਾ ਬਾਪ ਉਸ ਦੇ ਖਿਲਾਫ ਕਾਨੂੰਨੀ ਕਾਰਵਾਈ ਕਰਨ ਦੀ ਠਾਣ ਲੈਂਦਾ ਹੈ।

"ਬਿੰਦੂ ਕਹਿੰਦਾ ਸੀ ਤੇਰੇ ਚਾਲਾਂ ਨਹੀਂ ਸਮਝ ਨਹੀਂ ਆਉਣੀਆਂ ਇਸ ਨਵੇਂ ਯੁੱਗ ਦੀਆਂ। ਪਰ ਸਭ ਸਮਝ ਗਿਆ ਮੈਂ।"[7]

ਇਹ ਕਹਾਣੀ ਸਾਡੇ ਸਾਹਮਣੇ ਇੱਕ ਵੱਡਾ ਸਵਾਲ ਖੜ੍ਹਾ ਕਰਦੀ ਹੈ ਕਿ ਕੀ ਪੈਸਾ ਰਿਸ਼ਤਿਆਂ ਤੋਂ ਵੱਧ ਕੇ ਹੈ। ਪੈਸੇ ਨੇ ਬੱਚਿਆਂ ਨੂੰ ਆਪਣੇ ਮਾਂ ਬਾਪ ਦਾ ਹੀ ਵੈਰੀ ਬਣਾ ਕੇ ਰੱਖ ਦਿੱਤਾ ਹੈ। ਪੈਸੇ ਲਈ ਤੇ ਜ਼ਮੀਨ ਲਈ ਉਹ ਆਪਣੇ ਮਾਂ ਬਾਪ ਦਾ ਖੂਨ ਕਰਨ ਤੋਂ ਵੀ ਗੁਰੇਜ ਨਹੀਂ ਕਰਦੇ। ਜਿਸ ਮਾਂ ਬਾਪ ਨੇ ਇਹ ਜੱਗ ਦਿਖਾਇਆ ਉਸ ਨੂੰ ਹੀ ਇਸ ਜਹਾਨ ਤੋਂ ਤੋਰਨ ਤੋਂ ਔਲਾਦ ਬਿਲਕੁਲ ਵੀ ਗੁਰੇਜ਼ ਨਹੀਂ ਕਰ ਰਹੀ।

ਇਸੇ ਤਰ੍ਹਾਂ 'ਹੁਣ ਮੈਂ ਝੂਠ ਨਹੀਂ ਬੋਲਦਾ' ਕਹਾਣੀ ਵੀ ਮਾੜੀ ਆਰਥਿਕਤਾ ਦੀ ਤਸਵੀਰ ਪੇਸ਼ ਕਰਦੀ ਹੈ। ਜਿਸ ਦਾ ਪਾਤਰ ਆਪਣੇ ਬਚਪਨ ਦੀ ਉਹ ਤਸਵੀਰ ਪੇਸ਼ ਕਰਦਾ ਹੈ ਜਦੋਂ ਉਸ ਨੂੰ ਆਪਣੇ ਪਿਤਾ ਦੀ ਗਰੀਬੀ ਤੇ ਛੋਟੀ ਜਾਤ ਦੇ ਕਾਰਨ ਲੋਕਾਂ ਦੇ ਤਾਹਨੇ-ਮਿਹਣਿਆਂ ਦਾ ਸ਼ਿਕਾਰ ਹੋਣਾ ਪੈਂਦਾ ਸੀ। ਲੋਕ ਉਸ ਦੇ ਪਿਤਾ ਦਾ ਮਜ਼ਾਕ ਉਡਾਇਆ ਕਰਦੇ ਸਨ। ਜਿਸ ਕਾਰਨ ਉਸ ਨੂੰ ਆਪਣੇ ਆਪ ਤੇ, ਆਪਣੀ ਗਰੀਬੀ ਅਤੇ ਛੋਟੀ ਜਾਤ ਦੇ ਉੱਪਰ ਬਹੁਤ ਗੁੱਸਾ ਆਉਂਦਾ ਸੀ।

ਪਰ ਅੱਜ ਜਦ ਉਹ ਖ਼ੁਦ ਇੱਕ ਵੱਡਾ ਆਦਮੀ ਬਣ ਗਿਆ ਹੈ ਤਾਂ ਉਹ ਵੀ ਉਨ੍ਹਾਂ ਲੋਕਾਂ ਨਾਲ ਉਹੋ ਜਿਹਾ ਹੀ ਵਿਵਹਾਰ ਕਰਦਾ ਹੈ ਜਿਹੋ-ਜਿਹਾ ਉਹ ਲੋਕ ਉਸ ਦੇ ਬਾਪ ਨਾਲ ਕਰਦੇ ਸਨ। ਇੱਥੇ ਉਸ ਦੇ ਬਚਪਨ ਵਿਚ ਮਾੜੀ ਆਰਥਿਕਤਾ ਦੇ ਕਾਰਨ ਜੁੜੇ ਹੋਏ ਮਾੜੇ ਅਨੁਭਵ ਉਸ ਨੂੰ ਉਹੋ ਜਿਹਾ ਹੀ ਸਲੂਕ ਕਰਨ ਲਈ ਮਜ਼ਬੂਰ ਕਰਦੇ ਹਨ। ਉਹ ਆਪਣੇ ਮਰ ਚੁੱਕੇ ਬਾਪ ਨੂੰ ਯਾਦ ਕਰ ਕੇ ਦੁਖੀ ਹੁੰਦਾ ਹੈ ਕਿਉਂਕਿ ਉਸ ਦੇ ਜਿਊਂਦੇ ਜੀਅ ਉਹ ਉਸ ਨੂੰ ਕੋਈ ਖ਼ੁਸ਼ੀ ਨਾ ਦੇ ਸਕਿਆ।

> "ਕਾਸ਼ ਕਿਤੇ ਅੱਜ ਬਾਪੂ ਜਿਊਂਦਾ ਹੁੰਦਾ। ਸਾਰੀ ਉਮਰ ਉਹਨੂੰ 'ਸੇਮੀ-ਸੇਮੀ' ਕਹਿਣ ਵਾਲੇ ਅੱਜ 'ਸਰਦਾਰ ਜੀ-ਸਰਦਾਰ ਜੀ' ਨਾ ਕਰਦੇ ਤਾਂ ਗੱਲ ਕਰਦੇ। ਬਾਪੂ ਸੀ ਨੀਵੀਂ ਜਾਤ ਦਾ। ਮੈਂ ਜੰਮਿਆਂ ਨੀਵੀਂ ਜਾਤ ਵਾਲੇ ਘਰ। ਪਰ ਅੱਜ ਕਿੱਥੇ ਖੜ੍ਹਾਂ ਮੈਂ?"[8]

'ਜਿਹਨਾਂ ਦਾ ਕੋਈ ਘਰ ਹੁੰਦਾ' ਕਹਾਣੀ ਵਿਚ ਤ੍ਰਾਸਦੀ ਆਰਥਿਕ ਨਾਬਰਾਬਰੀ, ਅਨਿਆਂ, ਗਰੀਬ ਕਿਸਾਨੀ ਵਰਗ ਦੀ ਤ੍ਰਾਸਦੀ, ਬੇਰੁਜਗਾਰੀ, ਮਾੜੀ ਜ਼ਮੀਨ ਦੇ ਕਾਰਨ ਆੜ੍ਹਤੀਆਂ ਤੇ ਬੈਂਕ ਵਾਲਿਆਂ ਦੁਆਰਾ ਕੀਤੀ ਜਾਂਦੀ ਲੁੱਟ-ਖਸੁੱਟ ਦੇ ਕਾਰਨ ਪੈਦਾ ਹੁੰਦੀ ਹੈ ਜਿਸ ਕਾਰਨ ਕਹਾਣੀ ਦਾ ਨਾਇਕ ਮਾਨਸਿਕ ਸੰਤਾਪ ਭੋਗਦਾ ਹੈ। ਵੱਡੀ ਭੈਣ ਦੇ ਵਿਆਹ ਤੇ ਬੈਂਕ ਤੋਂ ਲਿਆ ਕਰਜ਼ਾ ਵਾਪਿਸ ਨਾ ਹੋਣ ਤੇ ਉਹ ਨਮੋਸ਼ੀ ਮਹਿਸੂਸ ਕਰਦਾ ਹੈ ਜਿਸ ਕਾਰਨ ਉਸ ਵਿਚ ਜਿਊਂਣ ਦੀ ਬਜਾਏ ਮਰਨ ਦੀ ਇੱਛਾ ਪੈਦਾ ਹੁੰਦੀ ਹੈ। ਕਹਾਣੀ ਦਾ ਨਾਇਕ ਗਰੀਬ ਕਿਸਾਨ ਦਾ ਪੁੱਤਰ ਹੈ। ਘਰ ਦੀ ਜ਼ਮੀਨ ਗਹਿਣੇ ਰੱਖ ਕੇ ਉਹ ਪੜ੍ਹਦਾ ਹੈ ਤੇ ਡਿਗਰੀ ਲੈਂਦਾ ਹੈ ਪਰ ਉਸਦੀ ਬੇਰੁਜ਼ਗਾਰੀ ਉਸ ਵਿਚ ਹੀਣ ਭਾਵ ਪੈਦਾ ਕਰ ਦਿੰਦੀ ਹੈ। ਘਰ ਦੀ ਗਰੀਬੀ ਤੇ ਮਾੜੀ ਜ਼ਮੀਨ ਦੇ ਕਾਰਨ ਹੀ ਉਸ ਦਾ ਵਿਆਹ ਨਹੀਂ ਹੁੰਦਾ ਜਿਸ ਕਾਰਨ ਉਸ ਦੇ ਮਾਂ-ਬਾਪ ਉਸ ਦੇ ਵਿਆਹ ਦੀ ਇੱਛਾ ਦਿਲ ਵਿਚ ਦੱਬੀ ਮਰ ਜਾਂਦੇ ਹਨ। ਉਸ ਦੇ ਦੋਸਤ ਭਾਗੀ ਦੇ ਬਿਨਾਂ ਹੋਰ ਕੋਈ ਉਸ ਦਾ ਨਹੀਂ ਰਹਿੰਦਾ ਪਰ ਛੇਤੀ ਹੀ ਭਾਗੀ ਦੀ ਮੌਤ ਦੇ ਨਾਲ ਹੀ ਉਸ ਦੀ ਜੀਣ ਦੀ ਵੀ ਇੱਛਾ ਖਤਮ ਹੁੰਦੀ ਹੈ ਜੋ ਕਿ ਕਹਾਣੀ ਵਿਚ ਤ੍ਰਾਸਦੀ ਲੈ ਕੇ ਆਉਂਦੀ ਹੈ।

ਇਸ ਤਰ੍ਹਾਂ ਧਾਲੀਵਾਲ ਦੀਆਂ ਕਹਾਣੀਆਂ ਵਿਚ ਆਰਥਿਕ ਤ੍ਰਾਸਦੀ ਖੁੱਲ ਕੇ ਸਾਹਮਣੇ ਆਉਂਦੀ ਹੈ। ਜਿਹੜੀ ਕਿ ਆਰਥਿਕ ਤੇ ਸਮਾਜਿਕ ਨਾਬਰਾਬਰੀ, ਲੁੱਟ-ਖਸੁੱਟ, ਜਾਤ-ਪਾਤ, ਬੇਰੁਜ਼ਗਾਰੀ ਆਦਿ ਨਾਲ ਜੁੜੀ ਹੋਈ ਹੈ।

## ਮਾਨਸਿਕ ਤ੍ਰਾਸਦੀ

ਧਾਲੀਵਾਲ ਦੀਆਂ ਕਹਾਣੀਆਂ ਵਿਚ ਸਿਰਫ ਆਰਥਿਕ ਹੀ ਨਹੀਂ ਸਗੋਂ ਮਾਨਸਿਕ ਤ੍ਰਾਸਦੀ ਦੀ ਵੀ ਪੇਸ਼ਕਾਰੀ ਹੈ। ਉਸ ਦੀਆਂ ਕਹਾਣੀਆਂ ਦੇ ਪਾਤਰ ਪਰੇਸ਼ਾਨੀਆਂ ਦੇ ਕਾਰਨ ਮਾਨਸਿਕ ਤ੍ਰਾਸਦੀ ਦਾ ਸ਼ਿਕਾਰ ਹਨ। ਇਹ ਸਾਰੇ ਪਾਤਰ ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਮਾਨਸਿਕ ਗੁੰਝਲਤਾਵਾਂ ਦੇ ਸ਼ਿਕਾਰ ਹਨ ਤੇ ਆਪਣੀ ਜ਼ਿੰਦਗੀ ਤੋਂ ਨਿਰਾਸ਼ ਹਨ। ਉਨ੍ਹਾਂ ਦੀ ਇਹ ਮਾਨਸਿਕ ਭਟਕਣਾ ਇੰਨੀ ਜ਼ਿਆਦਾ ਪ੍ਰਬਲ ਹੈ ਕਿ ਕਈ ਵਾਰ ਤਾਂ ਉਨ੍ਹਾਂ ਉੱਪਰ ਜੀਣ ਨਾਲੋਂ ਮਰਨ ਦੀ ਇੱਛਾ ਭਾਰੂ ਪੈਂਦੀ ਹੈ। ਉਨ੍ਹਾਂ ਦੀ ਇਹ ਮਾਨਸਿਕ ਤ੍ਰਾਸਦੀ ਜਿਨਸੀ-ਝੁਕਾਅ ਦੇ ਕਾਰਨ

ਜ਼ਿਆਦਾ ਪੈਦਾ ਹੁੰਦੀ ਹੈ। ਉਨ੍ਹਾਂ ਦੀਆਂ ਕਾਮੁਕ ਰੁਚੀਆਂ ਉਨ੍ਹਾਂ ਨੂੰ ਅਜਿਹੇ ਮੋੜ ਤੇ ਲਿਆ ਕੇ ਖੜ੍ਹਾ ਕਰਦੀਆ ਹਨ ਜਿੱਥੇ ਉਨ੍ਹਾਂ ਨੂੰ ਕੋਈ ਸਹੀ ਰਸਤਾ ਨਜ਼ਰ ਨਹੀਂ ਆਉਂਦਾ।

ਉਹ ਮਹਿਸੂਸ ਕਰਦੇ ਹਨ ਕਿ ਉਹ ਆਪਣੇ ਆਪ ਨੂੰ ਤੇ ਆਪਣੇ ਸਕੇ ਸੰਬੰਧੀਆਂ ਨੂੰ ਧੋਖਾ ਦੇ ਰਹੇ ਹਨ। ਮਾਨਸਿਕ ਤ੍ਰਾਸਦੀ ਦੀ ਅਜਿਹੀ ਹੀ ਪੇਸ਼ਕਾਰੀ ਕਰਨ ਵਾਲੀਆਂ ਕਹਾਣੀਆਂ ਹਨ 'ਮੈਂ ਨਾਟਕ ਤੇ ਜ਼ਿੰਦਗੀ', 'ਪੱਟੀ ਤੋਂ ਪਟਿਆਲਾ ਵਾਇਆ ਬੁੱਘੀਪੁਰਾ' ਅਤੇ 'ਰੂਪ ਤੂੰ ਨਾ ਜਾਹ'। ਇਨ੍ਹਾਂ ਕਹਾਣੀਆਂ ਦੇ ਪਾਤਰ ਆਪਣੇ ਜਿਨਸੀ-ਝੁਕਾਵਾਂ ਤੇ ਕਾਮੁਕ ਰੁਚੀਆਂ ਦੇ ਕਾਰਨ ਮਾਨਸਿਕ ਪੀੜ੍ਹਾ ਹੰਢਾਉਂਦੇ ਹਨ ਜਿਸ ਨਾਲ ਉਨ੍ਹਾਂ ਦੀ ਹਾਲਤ ਤਰਸਯੋਗ ਹੋ ਜਾਂਦੀ ਹੈ ਤੇ ਉਹ ਪਾਠਕਾਂ ਦੀ ਦਇਆ ਦੇ ਪਾਤਰ ਬਣਦੇ ਹਨ। 'ਮੈਂ ਨਾਟਕ ਤੇ ਜ਼ਿੰਦਗੀ' ਅਤੇ 'ਪੱਟੀ ਤੋਂ ਪਟਿਆਲਾ ਵਾਇਆ ਬੁੱਘੀਪੁਰਾ' ਅਜਿਹੀ ਹੀ ਸਥਿਤੀ ਨੂੰ ਪੇਸ਼ ਕਰਦੀਆਂ ਹਨ। ਇਨ੍ਹਾਂ ਦੋਹਾਂ ਕਹਾਣੀਆਂ ਦੇ ਨਾਇਕ ਤੇ ਨਾਇਕਾ ਦੀ ਮਾਨਸਿਕ ਤ੍ਰਾਸਦੀ ਲਗਪਗ ਇੱਕੋ ਜਿਹੀ ਹੀ ਹੈ। ਜਿੱਥੇ ਮੈਂ 'ਨਾਟਕ ਤੇ ਜ਼ਿੰਦਗੀ' ਕਹਾਣੀ ਦੀ ਨਾਇਕਾ ਨਵਜੀਤ ਆਪਣੇ ਪਤੀ ਦੀ ਬੇਵਫ਼ਾਈ ਦੇ ਕਾਰਨ ਤੇ ਮਾਂ ਬਣਨ ਦੇ ਸੁੱਖ ਤੋਂ ਅਧੂਰੀ ਰਹਿਣ ਦੇ ਕਾਰਨ ਪਰੇਸ਼ਾਨ ਹੈ। ਉੱਥੇ ਹੀ 'ਪੱਟੀ ਤੋਂ ਪਟਿਆਾਲਾ ਵਾਇਆ ਬੁੱਘੀਪੁਰਾ' ਕਹਾਣੀ ਦਾ ਨਾਇਕ ਦਲੇਰ ਸਿੰਘ ਆਪਣੀ ਪਤਨੀ ਦੀ ਬੇਵਫ਼ਾਈ ਤੇ ਉਸ ਨੂੰ ਮਾਂ ਬਣਨ ਦਾ ਸੁੱਖ ਦੇਣ ਦੇ ਕਾਬਿਲ ਨਾ ਹੋਣ ਕਾਰਨ ਮਾਨਸਿਕ ਤ੍ਰਾਸਦੀ ਦਾ ਸ਼ਿਕਾਰ ਹੁੰਦਾ ਹੈ।

ਜਿੱਥੇ ਪਹਿਲੀ ਕਹਾਣੀ ਵਿਚ ਨਾਇਕਾ ਨਵਜੀਤ ਡਾ. ਗੈਰੀ ਨਾਂ ਦੇ ਪਰਾਏ ਮਰਦ ਵੱਲ ਆਕਰਸ਼ਿਤ ਹੋ ਕੇ ਉਸ ਨਾਲ ਸਰੀਰਕ ਸੰਬੰਧ ਬਣਾਉਂਦੀ ਅਤੇ ਉਸ ਦੇ ਬੱਚੇ ਦੀ ਮਾਂ ਬਣਨ ਵਾਲੀ ਹੈ। ਉਹ ਆਪਣੇ ਪਤੀ ਨੂੰ ਇਹ ਗੱਲ ਦੱਸਣ ਵਿਚ ਅਸਮੱਰਥ ਹੈ। ਪਰ ਨਾਲ ਹੀ ਉਸ ਨੂੰ ਲੱਗਦਾ ਹੈ ਕਿ ਉਹ ਆਪਣੇ ਪਤੀ ਨੂੰ ਧੋਖਾ ਦੇ ਰਹੀ ਹੈ।

> "ਅੱਜ ਕਰਵਾਚੌਥ ਹੈ। ਪਰ ਮੈਂ ਵਰਤ ਕਿਸ ਲਈ ਰੱਖ ਰਹੀ ਹਾਂ ਗੈਰੀ ਲਈ? ਜਾਂ ਫਿਰ ਨਰਿੰਦਰ ਲਈ?"[9]

ਉੱਥੇ ਹੀ 'ਪੱਟੀ ਤੋਂ ਪਟਿਆਲਾ ਵਾਇਆ ਬੁੱਘੀਪੁਰਾ' ਕਹਾਣੀ ਦਾ ਨਾਇਕ ਦੀ ਪਤਨੀ ਵੀ ਗਰਭਵਤੀ ਹੈ ਪਰ ਇਹ ਬੱਚਾ ਉਸ ਦੇ ਪਤੀ ਦਾ ਨਹੀਂ ਸਗੋਂ ਕਿਸੇ ਹੋਰ ਦਾ ਹੈ। ਇਹ ਗੱਲ ਨਾਇਕ ਦਲੇਰ ਸਿੰਘ ਜਾਣਦਾ ਹੈ। ਉਹ ਆਪਣੀ ਪਤਨੀ ਦੀ ਬੇਵਫਾਈ ਤੇ ਝੂਠ ਤੋਂ ਦੁਖੀ ਹੋ ਕੇ ਮਾਨਸਿਕ ਪੀੜ੍ਹਾ ਹੰਢਾਉਂਦਾ ਹੈ। ਪਰ ਉਹ ਆਪਣੀ ਪਤਨੀ ਨੂੰ ਸਮਝਾਉਣ ਦੇ ਅਸਮੱਰਥ ਹੈ। ਕਿਉਂਕਿ ਉਹ ਮਰਦ ਪ੍ਰਧਾਨ ਸਮਾਜ ਦਾ ਨਾਗਰਿਕ ਹੈ ਉਸ ਨੂੰ ਪਤਾ ਹੈ ਕਿ ਜੇ ਉਹ ਆਪਣੀ ਪਤਨੀ ਨੂੰ ਆਪਣੇ ਬਾਪ ਬਣਨ ਦੇ ਨਾਕਾਬਿਲ ਹੋਣ ਬਾਰੇ ਦੱਸੇਗਾ ਤਾਂ ਉਸ ਦੀ ਮਰਦਾਨਗੀ ਤੇ ਇਹ ਇੱਕ ਵੱਡਾ ਕਲੰਕ ਹੋਵੇਗਾ। ਉਸ ਦੀ ਪਤਨੀ ਤੇ ਸਮਾਜ ਉਸ ਦਾ ਮਜ਼ਾਕ ਉਡਾਏਗਾ ਜਿਸ ਕਾਰਨ ਉਹ ਚਾਹ ਕੇ ਵੀ ਆਪਣੀ ਪਤਨੀ ਨੂੰ ਸੱਚ ਨਹੀਂ ਦੱਸ ਸਕਦਾ।

ਇਸੇ ਕਾਰਨ ਉਹ ਮਾਨਸਿਕ ਗੁੰਝਲਤਾ ਵਿਚ ਫਸਿਆ ਹੋਇਆ ਹੈ। ਕਿਉਂਕਿ ਨਾ ਤਾਂ ਉਹ ਆਪਣਾ ਸੱਚ ਕਿਸੇ ਨੂੰ ਦੱਸ ਸਕਦਾ ਹੈ ਤੇ ਨਾ ਹੀ ਆਪਣੀ ਪਤਨੀ ਦੇ ਪੇਟ ਵਿਚ ਪਲ ਰਹੇ ਕਿਸੇ ਹੋਰ ਦੇ ਬੱਚੇ ਨੂੰ ਅਪਣਾ ਸਕਦਾ ਹੈ। ਇਹ ਦੋਵੇਂ ਕਹਾਣੀਆਂ ਮਾਨਸਿਕ ਤ੍ਰਾਸਦੀ ਦੀ ਯਥਾਰਥਕ ਤਸਵੀਰ ਪੇਸ਼ ਕਰਦੀਆਂ ਹਨ। ਕਿਉਂਕਿ ਇਨ੍ਹਾਂ

ਕਹਾਣੀਆਂ ਦੇ ਪਾਤਰ ਇਹ ਸੋਚਦੇ ਹਨ ਕਿ ਉਹ ਆਪਣੇ-ਆਪਣੇ ਜੀਵਨ ਸਾਥੀ ਨੂੰ ਸੱਚ ਨਾ ਦੱਸ ਦੇ ਧੋਖਾ ਦੇ ਰਹੇ ਹਨ ਜਿਸ ਕਾਰਨ ਉਹ ਸੱਚ ਛੁਪਾ ਕੇ ਖੁਦ ਮਾਨਸਿਕ ਦੁੱਖ ਹੰਢਾ ਰਹੇ ਹਨ।

> "ਮੈਂ ਕਈ ਦਿਨ ਮਾਨਸਿਕ ਗੁੰਝਲ ਵਿੱਚ ਫਸਿਆ ਰਿਹਾ। ਕੋਈ ਰਾਹ ਨਹੀਂ ਸੀ ਲੱਭਦਾ ਮੈਨੂੰ। ਸੱਚ ਬੋਲਣ ਦੀ ਹਿੰਮਤ ਨਹੀਂ ਸੀ ਪੈਂਦੀ।......ਤੇ ਸੱਚ ਬੋਲਦਾ ਵੀ ਕੀ?"[10]

ਪਾਤਰਾਂ ਦੀ ਮਾਨਸਿਕ ਤ੍ਰਾਸਦੀ ਦੀ ਪੇਸ਼ਕਾਰੀ ਇੱਕ ਹੋਰ ਕਹਾਣੀ 'ਰੂਪ ਤੂੰ ਨਾ ਜਾਹ' ਕਹਾਣੀ ਵਿਚ ਦੇਖਣ ਨੂੰ ਮਿਲਦੀ ਹੈ। ਪਰ ਇਸ ਕਹਾਣੀ ਵਿਚ ਤ੍ਰਾਸਦੀ ਸਰੀਰਕ ਲੋੜਾਂ ਦੇ ਅਧੂਰੇ ਰਹਿ ਜਾਣ ਦੇ ਕਾਰਨ ਸਮਲਿੰਗੀ ਰੁਚੀਆਂ ਪੈਦਾ ਹੋਣ ਦੇ ਕਾਰਨ ਉਤਪੰਨ ਹੁੰਦੀ ਹੈ। ਜਦੋਂ ਕਹਾਣੀ ਦੀ ਨਾਇਕਾ ਔਰਤ-ਮਰਦ ਦੇ ਵਿਚਕਾਰਲੇ ਅੰਤਰ ਨੂੰ ਸਮਝੇ ਬਿਨਾਂ ਦੂਸਰੀ ਔਰਤ ਦੇ ਨਾਲ ਵਿਆਹ ਕਰਾਉਣ ਦੀ ਆਪਣੀ ਇੱਛਾ ਜ਼ਾਹਿਰ ਕਰਦੀ ਹੈ। ਕਹਾਣੀ ਦੀ ਨਾਇਕਾ ਪ੍ਰਭ ਦੀ ਤ੍ਰਾਸਦੀ ਉਸ ਦੇ ਸਮਲਿੰਗੀ ਝੁਕਾਅ ਦੇ ਕਾਰਨ ਪੈਦਾ ਹੁੰਦੀ ਹੈ। ਉਸ ਦੇ ਸਮਲਿੰਗੀ ਝੁਕਾਅ ਦਾ ਕਾਰਨ ਉਸ ਦੀ ਆਪਣੇ ਪਤੀ ਤੋਂ ਦੂਰੀ ਹੈ। ਉਸ ਦਾ ਪਤੀ ਉਸ ਨੂੰ ਇੰਡੀਆ ਛੱਡ ਕੇ ਵਲਾਇਤ ਜਾਂਦਾ ਹੈ ਤੇ ਉਸ ਨੂੰ ਆਪਣੇ ਕੋਲ ਨਹੀਂ ਬੁਲਾਉਂਦਾ।

> "ਮਜਬੂਰੀ ਨੂੰ ਸਮਝੀ ਪ੍ਰਭ। ਇਟਜ ਵੈਰੀ ਅਰਜੈਂਟ। ਕੰਮਕਾਰ ਤਾਂ ਸੰਭਾਲਣਾ ਵੀ ਜ਼ਰੂਰੀ ਹੈ। ਬਲੀਵ ਮੀ......ਮੇਰਾ ਤਾਂ ਖੁਦ ਜਾਣ ਨੂੰ ਦਿਲ ਨਹੀਂ ਕਰਦਾ। ਪਰ...।"[11]

ਇੱਥੇ ਪ੍ਰਭ ਦੀ ਸਰੀਰਕ ਭੁੱਖ ਅਧੂਰੀ ਰਹਿ ਜਾਂਦੀ ਹੈ ਤੇ ਇਸ ਦੇ ਪੂਰਾ ਨਾ ਹੋਣ ਦੇ ਕਾਰਨ ਉਹ ਤੜਪਦੀ ਹੈ। ਡਿਪ੍ਰੈਸ਼ਨ ਦਾ ਸ਼ਿਕਾਰ ਹੋ ਕੇ ਆਪਣੇ ਗੁਆਂਢ ਵਿਚ ਰਹਿਣ ਵਾਲੀ ਰੂਪ ਨਾਮ ਦੀ ਕੁੜੀ ਵੱਲ ਖਿੱਚੀ ਜਾਂਦੀ ਹੈ ਜੋ ਕਿ ਉਸ ਦੀ ਦੇਖਭਾਲ ਕਰਦੀ ਹੈ। ਪਰ ਉਸ ਦੀ ਤ੍ਰਾਸਦੀ ਉਸ ਸਮੇਂ ਸਿਖਰ ਤੇ ਪਹੁੰਚਦੀ ਹੈ ਜਦੋਂ ਰੂਪ ਦਾ ਰਿਸ਼ਤਾ ਤੈਅ ਹੁੰਦਾ ਹੈ ਤੇ ਨਾਇਕਾ ਦੀ ਹਾਲਤ ਪਾਗਲਾਂ ਵਰਗੀ ਹੋ ਜਾਂਦੀ ਹੈ ਤੇ ਉਹ ਸਮਾਜਿਕ ਨਿਯਮਾਂ ਦੇ ਖਿਲਾਫ਼ ਜਾ ਕੇ ਰੂਪ ਦੇ ਨਾਲ ਵਿਆਹ ਕਰਾਉਣ ਦੀ ਇੱਛਾ ਜ਼ਾਹਿਰ ਕਰਦੀ ਹੈ।

> "ਮੈਂ ਕਰਾਊਂ ਤੇਰੇ ਨਾਲ ਵਿਆਹ। ਆਪਾ ਆਪਣੀ ਦੁਨੀਆਂ ਵਸਾਵਾਂਗੇ।"[12]

ਮਾਨਸਿਕ ਤ੍ਰਾਸਦੀ ਦੀ ਸਭ ਤੋਂ ਉੱਤਮ ਉਦਾਹਰਨ 'ਉਸ ਪਲ' ਕਹਾਣੀ ਹੈ। ਕਿਉਂਕਿ ਇਸ ਕਹਾਣੀ ਦੀ ਨਾਇਕਾ ਇੱਕ ਪੜ੍ਹੀ-ਲਿਖੀ, ਕਮਾਊ, ਸ਼ਾਦੀਸ਼ੁਦਾ, ਮਾਂ ਤੇ ਇੱਕ ਸੂਝਵਾਨ ਔਰਤ ਹੈ। ਉਸ ਕੋਲ ਉਹ ਸਭ ਕੁਝ ਹੈ ਜੋ ਕਿ ਇੱਕ ਚੰਗੀ ਜ਼ਿੰਦਗੀ ਜੀਣ ਲਈ ਜ਼ਰੂਰੀ ਹੈ ਪਰ ਫੇਰ ਵੀ ਉਹ ਆਪਣੀ ਜ਼ਿੰਦਗੀ ਤੋਂ ਸੰਤੁਸ਼ਟ ਨਹੀਂ ਹੈ। ਇਸੇ ਸੰਤੁਸ਼ਟਤਾ ਦੀ ਭਾਲ ਵਿਚ ਉਹ ਦੂਸਰੇ ਮਰਦ ਨਾਲ ਰਿਸ਼ਤਾ ਜੋੜਦੀ ਹੈ। ਜਿਸ ਦੇ ਨਤੀਜੇ ਵਜੋਂ ਉਹ ਦੋਰਾਹੇ ਉੱਤੇ ਆ ਖੜ੍ਹਦੀ ਹੈ। ਕਿਉਂਕਿ ਉਸ ਦਾ ਪ੍ਰੇਮੀ ਉਸ ਨਾਲ ਵਿਆਹ ਕਰਾਉਣਾ ਚਾਹੁੰਦਾ ਹੈ ਜਿਸ ਕਾਰਨ ਉਹ ਗੁੰਝਲਤਾ ਦੀ ਸ਼ਿਕਾਰ ਹੈ।

> "ਜਾਇਜ਼-ਨਾ ਜਾਇਜ਼ ਦੀ ਕਸ਼ਮਕਸ਼ ਵਿਚ ਉਲਝੀ ਰਹਿੰਦੀ ਹਾਂ ਮੈਂ ਅੱਜ ਕੱਲ੍ਹ। ਕਦ ਕਵਿਤਾ ਬੋਲਦੀ ਹੈ ਕਦ ਰਾਵੀ, ਪਤਾ ਨਹੀਂ ਲੱਗਦਾ ਮੈਨੂੰ। ਕਦੇ ਦੋਨੋਂ ਹੀ ਚੁੱਪ ਰਹਿੰਦੀਆਂ ਨੇ...ਫਿਰ ਵੀ

ਸ਼ੋਰ ਮੱਚ ਉੱਠਦਾ ਹੈ ਮੇਰੇ ਅੰਦਰ। ਚੁੱਪ ਦਾ ਇਹ ਰਿਧਮ ਬੈਚੇਨ ਕਰੀ ਰੱਖਦਾ ਹੈ ਮੈਨੂੰ। ਖ਼ੁਦ ਨਾਲ ਹੀ ਉਲਝੀ ਰਹਿੰਦੀ ਹਾਂ ਮੈਂ।"[13]

ਇਸ ਤਰ੍ਹਾਂ ਇੱਕ ਪਤਨੀ ਤੇ ਇੱਕ ਮਾਂ ਹੋਣ ਦੇ ਕਾਰਨ ਉਹ ਸੋਚਦੀ ਹੈ ਕਿ ਉਹ ਆਪਣੇ ਪਤੀ ਤੇ ਪੁੱਤਰ ਦੋਹਾਂ ਨੂੰ ਹੀ ਧੋਖਾ ਦੇ ਰਹੀ ਹੈ। ਕਦੀ ਉਹ ਆਪਣੇ ਪਤੀ ਵੱਲ ਖਿੱਚੀ ਚਲੀ ਜਾਂਦੀ ਹੈ ਤੇ ਕਦੀ ਆਪਣੇ ਪਤੀ ਵੱਲ। ਪਰ ਉਹ ਸਹੀ ਫੈਸਲਾ ਨਹੀਂ ਲੈ ਪਾ ਰਹੀ। ਇਸੇ ਲਈ ਉਹ ਮਾਨਸਿਕ ਸੰਤਾਪ ਭੋਗ ਰਹੀ ਹੈ।

## ਸਰੀਰਕ ਤ੍ਰਾਸਦੀ

ਸਰੀਰਕ ਤ੍ਰਾਸਦੀ ਦੀ ਜੇ ਗੱਲ ਕਰੀਏ ਤਾਂ 'ਮੈਂ ਅਜੇ ਜਿਊਣਾ ਚਾਹੁੰਦਾ ਹਾਂ' ਕਹਾਣੀ ਇਸ ਦੀ ਖੂਬਸੂਰਤ ਉਦਾਹਰਨ ਹੈ। ਇਸ ਕਹਾਣੀ ਦਾ ਨਾਇਕ ਏਡਜ਼ ਵਰਗੇ ਭਿਆਨਕ ਰੋਗ ਦਾ ਸ਼ਿਕਾਰ ਹੋ ਕੇ ਸਰੀਰਕ ਤੇ ਮਾਨਸਿਕ ਦੋਹਾਂ ਤਰ੍ਹਾਂ ਦਾ ਹੀ ਸੰਤਾਪ ਹੰਢਾਉਂਦਾ ਹੈ। ਉਸ ਦੀ ਤ੍ਰਾਸਦੀ ਹੈ ਕਿ ਉਹ ਆਪਣੇ ਬਾਪ ਤੇ ਦਾਦੀ ਦੇ ਬੁਢਾਪੇ ਦਾ ਇਕਲੌਤਾ ਸਹਾਰਾ ਹੈ। ਜਿਸ ਕਾਰਨ ਉਹ ਆਪਣੇ ਬਾਪ ਤੇ ਦਾਦੀ ਬਾਰੇ ਸੋਚ ਕੇ ਪਰੇਸ਼ਾਨ ਹੈ ਕਿ ਉਸ ਦੇ ਮਰਨ ਤੋਂ ਬਾਅਦ ਉਨ੍ਹਾਂ ਦਾ ਕੀ ਹੋਵੇਗਾ। ਇਸੇ ਪਰੇਸ਼ਾਨੀ ਅਧੀਨ ਉਹ ਉਨ੍ਹਾਂ ਦੇ ਜਲਦੀ ਮਰਨ ਦੀ ਵੀ ਕਲਪਨਾ ਕਰਦਾ ਹੈ ਤਾਂ ਕਿ ਉਹ ਵੀ ਆਰਾਮ ਨਾਲ ਮਰ ਸਕੇ।

"ਜੇ ਕਿਤੇ ਰੱਬ ਦੋਹਾਂ ਨੂੰ...। ਮੈਂ ਸਕੂਨ ਨਾਲ ਮਰ ਸਕਾਗਾਂ ਸ਼ਾਇਦ।"[14]

## ਅਧੂਰੇ ਪਿਆਰ ਦੇ ਕਾਰਨ ਪੈਦਾ ਹੋਈ ਤ੍ਰਾਸਦੀ

ਧਾਲੀਵਾਲ ਦੇ ਕਹਾਣੀ-ਸੰਗ੍ਰਹਿ ਵਿਚ ਕੁਝ ਕੁ ਕਹਾਣੀਆਂ ਅਜਿਹੀਆਂ ਵੀ ਹਨ ਜਿਹੜੀਆਂ ਕਿ ਇਕਤਰਫਾ ਪਿਆਰ ਜਾਂ ਪਿਆਰ ਦੇ ਅਧੂਰੇ ਰਹਿ ਜਾਣ ਦੇ ਕਾਰਨ ਪੈਦਾ ਹੋਈ ਤ੍ਰਾਸਦੀ ਨੂੰ ਪੇਸ਼ ਕਰਦੀਆਂ ਹਨ। ਪਿਆਰ ਇੱਕ ਖੂਬਸੂਰਤ ਅਹਿਸਾਸ ਹੈ। ਪਰ ਇਸ ਦਾ ਅਧੂਰਾ ਰਹਿ ਜਾਣਾ ਹਮੇਸ਼ਾ ਹੀ ਦੁਖਦਾਈ ਹੁੰਦਾ ਹੈ। ਪਿਆਰ ਦੇ ਅਧੂਰੇ ਰਹਿ ਜਾਣ ਦੇ ਕਾਰਨ ਜ਼ਿੰਦਗੀ ਦੇ ਵਿਚ ਨੀਰਸਤਾ ਪੈਦਾ ਹੁੰਦੀ ਹੈ ਜੋ ਕਿ ਅੰਦਰੋਂ ਹੀ ਅੰਦਰ ਮਨੁੱਖ ਨੂੰ ਘੁਣ ਵਾਂਗ ਖਾ ਜਾਂਦੀ ਹੈ। ਪਿਆਰ ਦੇ ਵਿਚ ਅਸਫਲ ਮਨੁੱਖ ਆਪਣੀ ਜੀਵਨ ਲੀਲ੍ਹਾ ਖਤਮ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦਾ। 'ਲਾਲ ਚੂੜੀਆਂ', 'ਅਧੂਰੀ ਕਹਾਣੀ' ਤੇ ਉਹ ਅਤੇ 'ਲਕੀਰ ਦੇ ਉਸ ਪਾਰ' ਅਜਿਹੀਆਂ ਹੀ ਕਹਾਣੀਆਂ ਹਨ। 'ਲਾਲ ਚੂੜੀਆਂ' ਦੀ ਨਾਇਕਾ ਨਾਮੋ ਦੀ ਤ੍ਰਾਸਦੀ ਉਸ ਦੇ ਪਿਆਰ ਦੇ ਅਧੂਰੇ ਰਹਿ ਜਾਣ ਦੇ ਕਾਰਨ ਤੇ ਕਿਸੇ ਹੋਰ ਮਰਦ ਨਾਲ ਵਿਆਹ ਹੋ ਜਾਣ ਦੇ ਕਾਰਨ ਪੈਦਾ ਹੁੰਦੀ ਹੈ। ਇੱਥੇ ਹੀ ਬਸ ਨਹੀਂ ਜਿਸ ਮਰਦ ਨਾਲ ਉਸ ਦਾ ਵਿਆਹ ਹੁੰਦਾ ਹੈ ਉਸ ਦੇ ਕਿਸੇ ਹੋਰ ਔਰਤ ਨਾਲ ਸਰੀਰਕ ਸੰਬੰਧ ਹੁੰਦੇ ਹਨ ਜਿਸ ਕਾਰਨ ਉਹ ਨਾਮੋ ਨਾਲ ਘਟੀਆ ਸਲੂਕ ਕਰਦਾ ਹੈ। ਪਰ ਉਹ ਆਪਣੀ ਪੋਤੀ ਦੇ ਪਿਆਰ ਨੂੰ ਅਪਣਾ ਕੇ ਉਸ ਨੂੰ ਆਪਣੇ ਪ੍ਰੇਮੀ ਨਾਲ ਘਰੋਂ ਦੌੜਨ ਵਿਚ ਮਦਦ ਕਰਕੇ ਇੱਕ ਤਰ੍ਹਾਂ ਨਾਲ ਮਾਨਸਿਕ ਸੰਤੁਸ਼ਟੀ ਮਹਿਸੂਸ ਕਰਦੀ ਹੈ। ਉਸ ਨੂੰ ਲੱਗਦਾ ਹੈ ਕਿ ਆਪਣੀ ਪੋਤੀ ਨੂੰ ਉਸ ਦੇ ਪਿਆਰ ਨਾਲ ਮਿਲਾ ਕੇ ਉਸ ਨੇ ਸਮਾਜ ਤੋਂ ਆਪਣਾ ਬਦਲਾ ਲੈ ਲਿਆ ਹੈ ਜਿਸ ਨੇ ਕਿ ਉਸ ਨੂੰ ਆਪਣੇ ਪ੍ਰੇਮੀ ਤੋਂ ਦੂਰ ਕਰ ਦਿੱਤਾ ਸੀ।

"ਜਿਸ ਲਛਮਣ ਰੇਖਾ ਨੂੰ ਮੈਂ ਨਾ ਟੱਪ ਸਕੀ। ਉਸ ਨੂੰ ਸਨੇਹਾ ਪਾਰ ਕਰ ਗਈ ਸੀ।"[15]

ਇਸੇ ਤਰ੍ਹਾਂ 'ਅਧੂਰੀ ਕਹਾਣੀ ਤੇ ਉਹ' ਕਹਾਣੀ ਵਿਚ ਤ੍ਰਾਸਦੀ ਇਕਤਰਫੇ ਪਿਆਰ ਅਤੇ ਉਸ ਦੇ ਅਧੂਰੇ ਰਹਿ ਜਾਣ ਕਾਰਨ ਪੈਦਾ ਹੁੰਦੀ ਹੈ। ਕਹਾਣੀ ਦਾ ਮੁੱਖ ਪਾਤਰ ਸਵਿੰਦਰਪਾਲ ਸਿੰਘ ਉਰਫ ਸਵੀ ਆਪਣੇ ਕਾਲਜ਼ ਦੇ ਦਿਨਾਂ ਤੋਂ ਹੀ ਜੈਸਮੀਨ ਨੂੰ ਪਿਆਰ ਕਰਦਾ ਹੈ ਜੋ ਕਿ ਉਸ ਦੇ ਨਾਲ ਹੀ ਪੜ੍ਹਦੀ ਹੈ। ਪਰ ਉਹ ਕਦੀ ਆਪਣੇ ਪਿਆਰ ਦਾ ਇਜ਼ਹਾਰ ਨਹੀਂ ਕਰ ਪਾਉਂਦਾ। ਕਾਲਜ਼ ਤੋਂ ਬਾਅਦ ਜੈਸਮੀਨ ਆਸਟ੍ਰੇਲੀਆਂ ਚਲੀ ਜਾਂਦੀ ਹੈ। ਤਿੰਨ

ਸਾਲ ਬਾਦ ਉਹ ਵਿਆਹ ਕਰਾਉਣ ਲਈ ਇੰਡੀਆ ਆਉਂਦੀ ਹੈ ਤੇ ਆਪਣੇ ਵਿਆਹ ਦਾ ਕਾਰਡ ਸਵੀ ਨੂੰ ਭੇਜਦੀ ਹੈ। ਜਿਸ ਕਾਰਨ ਸਵੀ ਨੂੰ ਝਟਕਾ ਲੱਗਦਾ ਹੈ। ਉਸ ਨੂੰ ਇੰਞ ਲੱਗਦਾ ਹੈ ਜਿਵੇਂ ਉਸ ਦੀ ਇਹ ਕਹਾਣੀ ਅਧੂਰੀ ਰਹਿ ਗਈ ਹੋਵੇ।

"ਮੈਰਿਜ ਕਾਰਡ ਦੇਖਿਆ......ਬੱਸ ਦਿਮਾਗ ਘੁੰਮੀ ਜਾ ਰਿਹਾ ਹੈ।"[16]

ਇੰਜ ਲੱਗਦਾ ਜਿਵੇਂ ਧਰਤੀ ਡੋਲ ਰਹੀ ਹੋਵੇ। ਮੇਰੇ ਕਹਾਣੀ ਸੰਗ੍ਰਹਿ ਦੇ ਪਹਿਲੇ ਸਫੇ 'ਤੇ ਲਿਖੀ ਲਾਈਨ-

"ਜੈਸਮੀਨ ਦੇ ਨਾਂ ਜਿਸ ਨੂੰ ਮੈਂ ਦਿਲ ਦੀਆਂ ਗਹਿਰਾਈਆਂ 'ਚੋਂ ਪਿਆਰ ਕਰਦਾ ਹਾਂ।"[17]

"ਫਿੱਕੀ ਪੈ ਗਈ ਜਾਪਦੀ ਹੈ।"[18]

'ਲਕੀਰ ਦੇ ਉਸ ਪਾਰ' ਕਹਾਣੀ ਇੱਕ ਅਜਿਹੀ ਆਧੁਨਿਕ ਲੜਕੀ ਆਰਤੀ ਦੀ ਤ੍ਰਾਸਦੀ ਨੂੰ ਪੇਸ਼ ਕਰਦੀ ਹੈ ਜੋ ਕਿ ਪੜ੍ਹੀ-ਲਿਖੀ ਹੈ ਤੇ ਫੈਸ਼ਨ ਦੇ ਖੇਤਰ ਵਿਚ ਆਪਣਾ ਨਾਮ ਕਮਾਉਣ ਲਈ ਆਪਣੇ ਮਾਂ-ਬਾਪ ਦੀ ਇੱਛਾ ਦੇ ਵਿਰੱਧ ਜਾ ਕੇ ਮੁੰਬਈ ਵਰਗੇ ਵੱਡੇ ਮਹਾਂਨਗਰ ਵਿਚ ਆਉਂਦੀ ਹੈ ਤੇ ਰਾਹੁਲ ਨਾਮ ਦੇ ਮੁੰਡੇ ਨਾਲ ਬਿਨਾਂ ਵਿਆਹ ਕੀਤੇ ਰਹਿੰਦੀ ਹੈ। ਉਸ ਦੀ ਇਹ ਤ੍ਰਾਸਦੀ ਹੈ ਕਿ ਉਹ ਰਾਹੁਲ ਨੂੰ ਪਿਆਰ ਕਰਦੀ ਹੈ ਤੇ ਉਸ ਨਾਲ ਵਿਆਹ ਕਰਾਉਣਾ ਚਾਹੁੰਦੀ ਹੈ ਪਰ ਨੀਰਜ ਇੱਕ ਅਜਿਹਾ ਮਰਦ ਹੈ ਜਿਹੜਾ ਕਿ ਸਿਰਫ ਉਸ ਨੂੰ ਭੋਗਣਾ ਹੀ ਚਾਹੁੰਦਾ ਹੈ ਤੇ ਉਸ ਨਾਲ ਵਿਆਹ ਨਹੀਂ ਕਰਾਉਣਾ ਚਾਹੁੰਦਾ। ਤ੍ਰਾਸਦੀ ਉਸ ਸਮੇਂ ਆਪਣੇ ਸਿਖਰ ਤੇ ਪਹੁੰਚਦੀ ਹੈ ਜਦੋਂ ਉਹ ਕੀਰਤੀ ਨੂੰ ਦੂਜੇ ਮਰਦਾਂ ਨਾਲ ਸਬੰਧ ਬਣਾ ਕੇ ਆਪਣੀ ਜ਼ਿੰਦਗੀ ਨੂੰ ਐਸ਼ਪ੍ਰਸਤੀ ਨਾਲ ਮਾਨਣ ਲਈ ਕਹਿੰਦਾ ਹੈ ਤੇ ਵਿਆਹ ਤੋਂ ਇਨਕਾਰ ਕਰਦਾ ਹੈ। ਜਿਸ ਕਾਰਨ ਆਰਤੀ ਟੁੱਟ ਜਾਂਦੀ ਹੈ ਤੇ ਉਸ ਦਾ ਦਿਲ ਕਰਦਾ ਹੈ ਕਿ ਉਹ ਆਪਣੇ ਉਸ ਛੋਟੇ ਜਿਹੇ ਸ਼ਹਿਰ ਵਿਚ ਵਾਪਿਸ ਮੁੜ ਜਾਵੇ।

"ਦਿਲ ਕਰਦਾ ਹੈ ਮੁੜ ਉਹੀ ਕੀਰਤੀ ਬਣ ਜਾਣ ਨੂੰ। ਉਸੇ ਸ਼ਹਿਰ ਮੁੜ ਜਾਣ ਨੂੰ। ਜਿੱਥੇ ਪਰਿਭਾਸ਼ਾ ਹੀ ਕੁਝ ਹੋਰ ਸੀ ਔਰਤ ਹੋਣ ਦੀ।"[19]

## ਵਿਸ਼ਵੀਕਰਨ ਦੇ ਕਾਰਨ ਪੈਦਾ ਹੋਈ ਤ੍ਰਾਸਦੀ

ਲੋਕ ਕਹਾਣੀ ਦਾ ਅੰਤ ਕਹਾਣੀ ਵਿਚ ਤ੍ਰਾਸਦੀ ਪੀੜ੍ਹੀ-ਪਾੜੇ ਅਤੇ ਆਧੁਨਿਕਤਾ ਦੇ ਪ੍ਰਭਾਵ ਹੇਠ ਮਾਨਵੀ ਰਿਸ਼ਤਿਆਂ ਦੇ ਖਤਮ ਹੋਣ ਦੇ ਕਾਰਨ ਪੈਦਾ ਹੁੰਦੀ ਹੈ। ਇਸ ਕਹਾਣੀ ਦਾ ਪਾਤਰ ਮਾਸਟਰ ਪਿਆਰਾ ਸਿੰਘ ਦੀ ਤ੍ਰਾਸਦੀ ਦਾ ਕਾਰਨ ਮਾਨਵੀ ਕਦਰਾਂ-ਕੀਮਤਾਂ ਦੇ ਗੁੰਮ ਹੋ ਜਾਣ ਨਾਲ ਪੈਦਾ ਹੁੰਦਾ ਹੈ। ਆਧੁਨਿਕਤਾ ਅਤੇ ਤਕਨਾਲੋਜੀ ਦੇ ਕਾਰਨ ਮਨੁੱਖੀ ਰਿਸ਼ਤਿਆਂ ਦੇ ਹੋ ਰਹੇ ਘਾਣ ਦੇ ਕਾਰਨ ਉਹ ਦੁਖੀ ਹੈ। ਉਸ ਨੂੰ ਇਹ ਦੇਖ ਕੇ ਦੁੱਖ ਹੁੰਦਾ ਹੈ ਕਿ ਤਕਨਾਲੋਜੀ ਨੇ ਬੱਚਿਆਂ ਦਾ ਬਚਪਨ ਖੋਹ ਲਿਆ ਹੈ। ਜਦੋਂ ਉਹ ਆਪਣੇ ਪੋਤੇ ਨੂੰ ਮੋਬਾਇਲ ਫੋਨ ਉੱਪਰ ਟਿੱਕ-ਟਿੱਕ ਕਰਦੇ ਦੇਖਦਾ ਹੈ ਤਾਂ ਉਸ ਨੂੰ ਆਪਣਾ ਬਚਪਨ ਯਾਦ ਆਉਂਦਾ ਹੈ ਕਿ ਕਿਵੇਂ ਬਚਪਨ ਵਿਚ

ਉਹ ਆਪਣੀ ਦਾਦੀ ਮਾਂ ਕੋਲੋ ਕਹਾਣੀਆਂ ਸੁਣਿਆ ਕਰਦਾ ਸੀ। ਉਹ ਆਪਣੀ ਦਾਦੀ ਨੂੰ ਬਹੁਤ ਪਿਆਰ ਕਰਦਾ ਸੀ।

> "ਬੜੀ ਚੰਗੀ ਸੀ ਮੇਰੀ ਦਾਦੀ। ਮੇਰਾ ਬੜਾ ਮੋਹ ਕਰਦੀ। ਮੈਂ ਜਦੋਂ ਸਕੂਲ ਜਾਂਦਾ, ਦਾਦੀ ਮੈਨੂੰ ਚੁਆਨੀ ਦਿੰਦੀ ਤੇ ਕਹਿੰਦੀ, ਲੈ ਫੜ ਤਾਰੀ ਦੀ ਹੱਟੀਓਂ ਮੁਰਮਰਾ ਲੈ ਕੇ ਖਾ ਲਈਂ।"[20]

ਪਰ ਹੁਣ ਜਦੋਂ ਉਹ ਪੁਰਾਣੇ ਸਮੇਂ ਗੱਲਾਂ ਨੂੰ ਯਾਦ ਕਰਦਾ ਹੋਇਆ ਆਪਣੇ ਨੂੰਹ-ਪੁੱਤ ਤੇ ਪੋਤੇ ਨੂੰ ਆਪਣੇ ਬਚਪਨ ਦੀਆਂ ਗੱਲਾਂ ਸੁਣਾਉਂਦਾ ਹੈ ਤੇ ਆਧੁਨਿਕਤਾ ਦੀ ਮਾਰ ਹੇਠ ਮੋਬਾਇਲ ਫੋਨ ਨੂੰ ਸਿਹਤ ਲਈ ਮਾੜਾ ਦੱਸਦਾ ਹੈ ਤਾਂ ਉਹ ਉਸ ਦੀ ਸੋਚ ਨੂੰ ਬੈਕਵਰਡ ਦੱਸਦੇ ਹੋਏ ਉਸ ਨੂੰ ਪਾਗਲ ਕਹਿੰਦੇ ਹਨ। ਉਸ ਨੂੰ ਦੁੱਖ ਹੈ ਕਿ ਉਸ ਦਾ ਪੋਤਾ ਉਸ ਦੇ ਵਾਂਗ ਉਸ ਕੋਲੋਂ ਕਹਾਣੀਆਂ ਨਹੀਂ ਸੁਣਦਾ ਸਗੋ ਮੋਬਾਇਲ ਤੇ ਟੀ.ਵੀ ਨੂੰ ਆਪਣੇ ਮੰਨੋਰੰਜਨ ਦਾ ਸਾਧਨ ਸਮਝਦਾ ਹੈ। ਉਸ ਨੂੰ ਆਪਣਾ ਪਿੰਡ, ਆਪਣਾ ਮੁਹੱਲਾ ਯਾਦ ਆਉਂਦਾ ਹੈ। ਉਹ ਹੱਟੀ ਯਾਦ ਆਉਂਦੀ ਹੈ ਜਿੱਥੇ ਬਚਪਨ ਵਿਚ ਉਹ ਮੁਰਮੁਰੇ ਲੈ ਕੇ ਖਾਇਆ ਕਰਦਾ ਸੀ। ਦਾਣੇ ਭੁੰਨਣ ਵਾਲੀ ਸੀਤੋ ਮਾਈ ਯਾਦ ਆਉਂਦੀ ਹੈ। ਉਸ ਨੂੰ ਆਪਣੇ ਵਿਆਹ ਦੇ ਦਿਨ ਵੀ ਯਾਦ ਆਉਂਦੇ ਹਨ ਕਿ ਕਿਵੇਂ ਉਸ ਦੇ ਵਿਆਹ ਵਿੱਚ ਉਸ ਦੇ ਬਾਪੂ ਦੇ ਪੈਰ ਜ਼ਮੀਨ ਤੇ ਨਹੀਂ ਸਨ ਲੱਗਦੇ।

> "ਮੈਨੂੰ ਮੇਰੇ ਵਿਆਹ ਦੇ ਦਿਨ ਚੇਤੇ ਆ ਗਏ। ਕਿੰਨੀ ਖੁਸ਼ੀ ਸੀ ਘਰ ਵਿਚ। ਕੁੜੀਆਂ-ਬੁੜੀਆਂ ਘੋੜੀਆਂ ਗਾ ਰਹੀਆਂ ਸਨ। ਮੇਰੇ ਬਾਪੂ ਦੇ ਪੈਰ ਨਹੀਂ ਸਨ ਭੁੰਜੇ ਲੱਗਦੇ। ਉਹ ਇੱਧਰ-ਉੱਧਰ ਦੌੜਿਆ ਫਿਰਦਾ।"[21]

ਉਹ ਆਧੁਨਿਕ ਵਿਆਹਾਂ ਵਿਚ ਚੱਲਣ ਵਾਲੇ ਡੀ.ਜੇ ਸਿਸਟਮ ਤੋਂ ਵੀ ਬਹੁਤ ਦੁਖੀ ਹੈ। ਤਰੱਕੀ ਦੇ ਨਾਮ ਤੇ ਮਨੁੱਖ ਹੀ ਮਨੁੱਖ ਦਾ ਸ਼ੋਸ਼ਣ ਕਰ ਰਿਹਾ ਹੈ। ਉਹ ਇਸ ਤਰੱਕੀ ਨੂੰ ਵਿਕਾਸ ਨਹੀਂ ਸਗੋਂ ਵਿਨਾਸ਼ ਸਮਝਦਾ ਹੈ।

> "ਸਾਰਾ ਜਹਾਨ ਫੁੱਲ ਸਪੀਡਾਂ ਤੇ ਦੌੜਦਾ ਪਿਆ। ਇਹ ਤਰੱਕੀ ਵੀ ਹੈ। ਪਰ ਤਰੱਕੀ ਜੇ ਗਰੀਬਾਂ ਤੋਂ ਰੋਟੀ ਖੋ ਲਵੇ ਉਹ ਵਿਨਾਸ਼ ਹੁੰਦਾ।"[22]

ਕਹਾਣੀ ਦਾ ਨਾਇਕ ਵਿਸ਼ਵੀਕਰਨ ਨੂੰ ਮਨੁੱਖਤਾ ਲਈ ਇੱਕ ਬਹੁਤ ਵੱਡਾ ਖਤਰਾ ਸਮਝਦਾ ਹੈ। ਵਿਸ਼ਵੀਕਰਨ ਨੇ ਹੱਥੀ ਕੰਮ ਕਰਨ ਵਾਲਿਆਂ ਨੂੰ ਬਹੁਤ ਹੀ ਡੂੰਘੀ ਸੱਟ ਮਾਰੀ ਹੈ। ਮਸ਼ੀਨੀਕਰਨ ਨੇ ਉਨ੍ਹਾਂ ਦੇ ਧੰਦੇ ਚੌਪਟ ਕਰ ਦਿੱਤੇ ਹਨ ਤੇ ਉਹ ਸੜਕ ਤੇ ਆ ਗਏ ਹਨ। ਪਰ ਕਿਸੇ ਨੂੰ ਵੀ ਉਨ੍ਹਾਂ ਗਰੀਬ ਕਾਮਿਆਂ ਦੀ ਕੋਈ ਫਿਕਰ ਹੀ ਨਹੀਂ। ਕਿੰਨਾ ਕਾਰੋਬਾਰੀ ਜਿਹਾ ਵਿਹਾਰ ਹੋ ਗਿਆ ਸਭ ਦਾ। ਮਸ਼ੀਨਾਂ ਨੇ ਜਿੱਥੇ ਹੱਥੀ ਕੰਮ ਕਰਨ ਵਾਲਿਆਂ ਤੋਂ ਉਨ੍ਹਾਂ ਦਾ ਰੋਜ਼ਗਾਰ ਖੋਹਿਆ ਉੱਥੇ ਹੀ ਉਨ੍ਹਾਂ ਦੀਆਂ ਖੁਸ਼ੀਆਂ ਤੇ ਦਿਲ ਦੀਆਂ ਉਮੰਗਾ ਵੀ ਖੋਹ ਲਈਆਂ।

> "ਮਸ਼ੀਨਾਂ ਇੰਜ ਹੀ ਖਾਂਦੀਆਂ ਨੇ ਹੱਥੀ ਕਾਰ ਕਰਨ ਵਾਲਿਆਂ ਨੂੰ। ਪਰ ਇਹੀ ਬਦਲਾਵ ਹੈ। ਜ਼ਿੰਦਗੀ ਪਿਛਾਂਹ ਨੂੰ ਨਹੀਂ ਤੁਰਦੀ।"[23]

ਇਸ ਤਰ੍ਹਾਂ ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵਿਚ ਤ੍ਰਾਸਦੀ ਦੀ ਇੱਕ ਯਥਾਰਥਕ ਤਸਵੀਰ ਪੇਸ਼ ਕੀਤੀ ਗਈ ਹੈ। ਜਿਸ ਨੂੰ ਦੇਖ ਕੇ ਅਜਿਹਾ ਲੱਗਦਾ ਹੈ ਜਿਵੇਂ ਕਹਾਣੀਆਂ ਦੇ ਪਾਤਰ ਸੱਚਮੁੱਚ ਹੀ ਸਾਡੇ ਸਾਹਮਣੇ ਵਿਚਰ ਰਹੇ ਹੋਣ। ਉਨ੍ਹਾਂ ਦੀ ਪੀੜ੍ਹਾ ਸਾਨੂੰ ਆਪਣੀ ਪੀੜ੍ਹਾ ਲੱਗਦੀ ਹੈ। ਉਨ੍ਹਾਂ ਦੀ ਤ੍ਰਾਸਦੀ ਦੇਖ ਕੇ ਸਾਡੀਆਂ ਅੱਖਾਂ ਵਿਚ ਵੀ ਪਾਣੀ ਆਉਂਦਾ ਹੈ। ਮਾਨਵੀ ਰਿਸ਼ਤਿਆਂ ਦੀ ਇਹ ਤ੍ਰਾਸਦੀ ਇਕ ਪਲ ਲਈ ਸਾਨੂੰ ਚਿੰਤਾ ਵਿਚ ਵੀ ਪਾ ਦਿੰਦੀ ਹੈ ਕਿ ਕੀ ਸੱਚਮੁੱਚ ਰਿਸ਼ਤੇ ਇੰਨੇ ਖੋਖਲੇ ਹੋ ਗਏ ਹਨ ਕਿ ਆਪਣਿਆ ਨੂੰ ਹੀ ਆਪਣੇ ਸਕੇ ਸੰਬੰਧੀਆਂ ਦਾ ਦਰਦ ਨਜ਼ਰ ਨਹੀਂ ਆਉਂਦਾ। ਅੱਜ ਜਿੰਨੀਆਂ ਉੱਚੀਆਂ ਸ਼ਹਿਰ ਦੀਆਂ ਇਮਾਰਤਾਂ ਨੇ, ਉੱਨਾ ਹੀ ਛੋਟਾ ਬੰਦੇ ਦਾ ਕਿਰਦਾਰ। ਸਮਾਂ ਬੰਦੇ ਕੋਲੋਂ ਉਸ ਦਾ ਬੰਦਾ ਹੋਣਾ ਹੀ ਤਾਂ ਖੋਹ ਰਿਹਾ ਹੈ। ਅੱਜ ਦਾ ਮਨੁੱਖ ਮਸ਼ੀਨ ਨਾਲ ਮਸ਼ੀਨ ਬਣ ਕੇ ਆਪਣੀ ਜ਼ਿੰਦਗੀ ਨੂੰ ਨੀਰਸ ਬਣਾ ਰਿਹਾ ਹੈ। ਨਾ ਤਾਂ ਉਸ ਕੋਲ ਆਪਣੇ ਲਈ ਸਮਾਂ ਹੈ ਤੇ ਨਾ ਹੀ ਆਪਣੇ ਸਗੇ-ਸੰਬੰਧੀਆਂ ਲਈ। ਆਪਣੇ ਮਨ ਵਿਚ ਹਜ਼ਾਰਾਂ ਗਮਾਂ ਦਾ ਬੋਝ ਲਈ ਇਕੱਲਾ ਘੁੰਮ ਰਿਹਾ ਹੈ। ਨਾ ਤਾਂ ਕਿਸੇ ਨਾਲ ਸਾਂਝਾ ਕਰ ਰਿਹਾ ਹੈ ਤੇ ਨਾ ਹੀ ਕੋਈ ਦੁੱਖ ਵੰਡਾਉਣ ਵਾਲਾ ਮਿਲ ਰਿਹਾ ਹੈ। ਜਿਸ ਕਾਰਨ ਉਹ ਆਪਣੀਆਂ ਸਮੱਸਿਆਵਾਂ ਵਿਚ ਇੰਨਾ ਬੁਰੀ ਤਰ੍ਹਾਂ ਉਲਝਿਆਂ ਪਿਆ ਹੈ ਕਿ ਉਸ ਨੂੰ ਜ਼ਿੰਦਗੀ ਨਾਲੋਂ ਮੌਤ ਜ਼ਿਆਦਾ ਚੰਗੀ ਲੱਗ ਰਹੀ ਹੈ। ਇਹੀ ਕਾਰਨ ਹੈ ਕਿ ਉਹ ਇਕੱਲਤਾ ਦਾ ਸ਼ਿਕਾਰ ਹੋ ਕੇ ਨੀਰਸਤਾ ਭਰੀ ਜ਼ਿੰਦਗੀ ਬਤੀਤ ਕਰ ਰਿਹਾ ਹੈ। ਇਸ ਤਰ੍ਹਾਂ ਸਿਮਰਨ ਧਾਲੀਵਾਲ ਨੇ ਆਪਣੀਆਂ ਕਹਾਣੀਆਂ ਵਿਚ ਤ੍ਰਾਸਦੀ ਦੀ ਇੱਕ ਖ਼ੂਬਸੂਰਤ ਤਸਵੀਰ ਪੇਸ਼ ਕੀਤੀ ਹੈ। ਜਿਸ ਨੂੰ ਦੇਖ ਕੇ ਇਹ ਪਤਾ ਲੱਗਦਾ ਹੈ ਕਿ ਸੱਚਮੁੱਚ ਹੀ ਆਧੁਨਿਕ ਮਨੁੱਖ ਬੜੀ ਜਟਿਲ ਸਮੱਸਿਆ ਦਾ ਸ਼ਿਕਾਰ ਹੋ ਗਿਆ ਹੈ। ਜੇ ਕੋਈ ਉਪਾਅ ਨਾ ਸੋਚਿਆ ਗਿਆ ਤਾਂ ਇਹ ਸਮਾਜ ਲਈ ਘਾਤਕ ਸਿੱਧ ਹੋ ਸਕਦਾ ਹੈ।

ਆਧੁਨਿਕਤਾ ਨੇ ਮਨੁੱਖ ਨੂੰ ਜੇ ਸੁੱਖ ਸੁਵਿਧਾਵਾਂ ਦਿੱਤੀਆਂ ਹਨ ਤੇ ਉਸ ਦੇ ਜੀਵਨ ਨੂੰ ਆਰਾਮਦਾਇਕ ਬਣਾਇਆਂ ਹੈ ਤਾਂ ਇਸ ਦੇ ਨਾਲ ਹੀ ਉਸ ਦੇ ਮਨ ਦਾ ਸਕੂਨ ਵੀ ਖੋਹ ਲਿਆ ਹੈ। ਆਧੁਨਿਕਤਾ ਦੀ ਆੜ੍ਹ ਹੇਠ ਮਨੁੱਖ ਹੀ ਮਨੁੱਖ ਦਾ ਸੋਸ਼ਣ ਕਰ ਰਿਹਾ ਹੈ। ਮਨੁੱਖ ਦੀਆਂ ਸਮੱਸਿਆਵਾਂ ਵਿਚ ਵਾਧਾ ਹੋਇਆ ਹੈ। ਜ਼ਿੰਦਗੀ ਦੀ ਰਫ਼ਤਾਰ ਇੰਨੀ ਤੇਜ਼ ਤੇ ਗੁੰਝਲਦਾਰ ਹੋ ਗਈ ਹੈ ਕਿ ਇੱਕ ਦੂਜੇ ਲਈ ਸਮਾਂ ਹੀ ਨਹੀਂ ਹੈ। ਮਨੁੱਖ ਨੂੰ ਸਰੀਰਕ ਹੀ ਨਹੀਂ ਸਗੋਂ ਬਹੁਤ ਸਾਰੇ ਮਾਨਸਿਕ ਰੋਗਾਂ ਨੇ ਘੇਰਾ ਪਾ ਲਿਆ ਹੈ। ਜਿਸ ਕਾਰਨ ਉਸ ਦੀ ਮਾਨਸਿਕ ਹਾਲਤ ਪਾਗਲਾਂ ਵਰਗੀ ਹੋ ਗਈ ਹੈ। ਆਪਣੀ ਹੀ ਸੋਚ ਵਿਚ ਖੁੱਭੇ ਮਨੁੱਖ ਨੂੰ ਨਾ ਤਾਂ ਦਿਨ ਨੂੰ ਚੈਨ ਹੈ ਤੇ ਨਾ ਹੀ ਰਾਤ ਨੂੰ। ਉਸ ਦਾ ਜ਼ਿੰਦਗੀ ਬਤੀਤ ਕਰਨ ਦਾ ਢੰਗ ਆਧੁਨਿਕ ਹੋ ਗਿਆ ਹੈ ਪਰ ਉਸ ਦਾ ਸੋਚਣ ਦਾ ਢੰਗ ਉਹੀ ਪੁਰਾਣਾ ਹੈ। ਨਾ ਤਾਂ ਉਹ ਪੂਰੀ ਤਰ੍ਹਾਂ ਆਧੁਨਿਕ ਹੈ ਤੇ ਨਾ ਹੀ ਪ੍ਰੰਪਰਾਤਮਿਕ। ਇਸ ਤਰ੍ਹਾਂ ਮਨੁੱਖ ਤ੍ਰਾਸਦੀ ਦਾ ਸ਼ਿਕਾਰ ਹੈ। ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਦੇ ਪਾਤਰ ਤ੍ਰਾਸਦੀ ਦਾ ਸ਼ਿਕਾਰ ਹੋ ਕੇ ਪਾਠਕਾਂ ਦੀ ਹਮਦਰਦੀ ਦੇ ਪਾਤਰ ਬਣਦੇ ਹਨ।

## ਹਵਾਲੇ ਅਤੇ ਟਿੱਪਣੀਆਂ:-

1. ਸਿਮਰਨ ਧਾਲੀਵਾਲ, ਆਸ ਅਜੇ ਬਾਕੀ ਹੈ, ਪੰਨਾ 13
2. ਉਹੀ, ਪੰਨਾ 15
3. ਉਹੀ, ਪੰਨਾ 39
4. ਸਿਮਰਨ ਧਾਲੀਵਾਲ, ਉਸ ਪਲ, ਪੰਨਾ 19
5. ਸਿਮਰਨ ਧਾਲੀਵਾਲ, ਆਸ ਅਜੇ ਬਾਕੀ ਹੈ, ਪੰਨਾ 57
6. ਉਹੀ, ਪੰਨਾ 59
7. ਉਹੀ, ਪੰਨਾ 60
8. ਉਹੀ, ਪੰਨਾ 93
9. ਉਹੀ, ਪੰਨਾ 31
10. ਉਹੀ, ਪੰਨਾ 49
11. ਉਹੀ, ਪੰਨਾ 62
12. ਉਹੀ, ਪੰਨਾ 66
13. ਸਿਮਰਨ ਧਾਲੀਵਾਲ, ਉਸ ਪਲ, ਪੰਨਾ 46
14. ਉਹੀ, ਪੰਨਾ 87
15. ਸਿਮਰਨ ਧਾਲੀਵਾਲ, ਆਸ ਅਜੇ ਬਾਕੀ ਹੈ, ਪੰਨਾ 76
16. ਉਹੀ, ਪੰਨਾ 83
17. ਉਹੀ।
18. ਉਹੀ।
19. ਸਿਮਰਨ ਧਾਲੀਵਾਲ, ਉਸ ਪਲ, ਪੰਨਾ 26
20. ਉਹੀ, ਪੰਨਾ 89
21. ਉਹੀ, ਪੰਨਾ 93
22. ਉਹੀ, ਪੰਨਾ 95
23. ਉਹੀ, 94
24. ਉਹੀ।

# ਅਧਿਆਇ ਤੀਜਾ

# ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਵਿਚ ਆ ਰਹੇ ਨਿਘਾਰਾਂ ਦੀ ਪੇਸ਼ਕਾਰੀ

ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਵਿਚ ਆ ਰਹੇ ਨਿਘਾਰ ਨੂੰ ਇੱਕ ਗੰਭੀਰ ਸੰਕਟ ਦੇ ਤੌਰ 'ਤੇ ਦਰਸਾਇਆ ਗਿਆ ਹੈ। ਇਹ ਨਿਘਾਰ ਸਿਰਫ ਉਨ੍ਹਾਂ ਰਿਸ਼ਤਿਆਂ ਵਿਚ ਨਹੀਂ ਆ ਰਿਹਾ ਜਿਹੜੇ ਕਿ ਦੂਰ ਦੇ ਹਨ ਜਾਂ ਜਿਨ੍ਹਾਂ ਵਿਚ ਕੋਈ ਖ਼ੂਨ ਦੀ ਸਾਂਝ ਨਹੀਂ ਹੁੰਦੀ, ਸਗੋਂ ਇਹ ਨਿਘਾਰ ਉਨ੍ਹਾਂ ਰਿਸ਼ਤਿਆਂ ਵਿਚ ਆ ਰਿਹਾ ਹੈ ਜਿਹੜੇ ਕਿ ਕਿਸੇ ਵੀ ਵਿਅਕਤੀ ਦੀ ਜ਼ਿੰਦਗੀ ਦਾ ਆਧਾਰ ਹਨ। ਜਿਵੇਂ ਮਾਪਿਆਂ ਅਤੇ ਸੰਤਾਨ ਦਾ ਆਪਸੀ ਰਿਸ਼ਤਾ, ਪਤੀ-ਪਤਨੀ ਦਾ ਰਿਸ਼ਤਾ, ਦੋਸਤੀ ਦਾ ਰਿਸ਼ਤਾ, ਪ੍ਰੇਮੀ-ਪ੍ਰੇਮਿਕਾ ਦਾ ਰਿਸ਼ਤਾ ਆਦਿ। ਇਹ ਉਹ ਰਿਸ਼ਤੇ ਹਨ ਜਿਹੜੇ ਕਿ ਹਰ ਮਨੁੱਖ ਦੇ ਦਿਲ ਦੇ ਨੇੜੇ ਹੁੰਦੇ ਹਨ ਪਰ ਬਦਲਦੇ ਸਮੇਂ ਦੇ ਨਾਲ-ਨਾਲ ਇਨ੍ਹਾਂ ਰਿਸ਼ਤਿਆਂ ਵਿਚ ਨਿਘਾਰ ਆ ਰਿਹਾ ਹੈ। ਜੇ ਇਨ੍ਹਾਂ ਰਿਸ਼ਤਿਆਂ ਵਿਚ ਆ ਰਹੇ ਨਿਘਾਰ ਦੇ ਕਾਰਨਾਂ ਦੀ ਗੱਲ ਕਰੀਏ ਤਾਂ ਧਾਲੀਵਾਲ ਦੀਆਂ ਕਹਾਣੀਆਂ ਵਿਚ ਬਹੁਤ ਸਾਰੇ ਕਾਰਨਾਂ ਉੱਪਰ ਰੋਸ਼ਨੀ ਪਾਈ ਗਈ ਹੈ। ਇਨ੍ਹਾਂ ਵਿੱਚੋਂ ਮੁੱਖ ਹੈ ਆਰਥਿਕਤਾ, ਪੀੜ੍ਹੀ-ਪਾੜਾ, ਪੈਸਾ ਕਮਾਉਣ ਦੀ ਹੋੜ੍ਹ, ਨਜਾਇਜ਼ ਸਬੰਧ, ਮਾਨਸਿਕ ਅਸਤੁੰਸ਼ਟਾ, ਪੈਸੇ ਦੀ ਕਾਣੀ ਵੰਡ, ਜਿਣਸੀ ਝੁਕਾਅ, ਵਿਸ਼ਵੀਕਰਨ ਦੇ ਪ੍ਰਭਾਵ ਹੇਠ ਡਿੱਗਦੀਆਂ ਕਦਰਾਂ-ਕੀਮਤਾਂ, ਬਜੁਰਗਾਂ ਦਾ ਅਪਮਾਨ, ਪੀੜ੍ਹੀ-ਪਾੜਾ, ਜਿਨਸੀ-ਝੁਕਾਅ, ਆਦਿ ਬਹੁਤ ਸਾਰੇ ਕਾਰਨ ਧਾਲੀਵਾਲ ਦੀਆਂ ਕਹਾਣੀਆਂ ਵਿਚ ਉੱਭਰ ਕੇ ਸਾਹਮਣੇ ਆਉਂਦੇ ਹਨ। ਇੱਥੇ ਉਨ੍ਹਾਂ ਦੇ ਦੋ ਕਹਾਣੀ ਸੰਗ੍ਰਹਿ "ਆਸ ਅਜੇ ਬਾਕੀ ਹੈ" ਅਤੇ "ਉਸ ਪਲ" ਨੂੰ ਆਧਾਰ ਬਣਾ ਕੇ ਮਨੁੱਖੀ ਰਿਸ਼ਤਿਆਂ ਵਿਚ ਆ ਰਹੇ ਨਿਘਾਰ ਦੇ ਕਾਰਨਾਂ ਦੀ ਪੜਤਾਲ ਕੀਤੀ ਗਈ ਹੈ।

ਸਿਮਰਨ ਧਾਲੀਵਾਲ ਆਪਣੇ ਪਹਿਲੇ ਕਹਾਣੀ ਸੰਗ੍ਰਹਿ "ਆਸ ਅਜੇ ਬਾਕੀ ਹੈ" ਵਿਚ ਮਾਨਵੀਂ ਰਿਸ਼ਤਿਆਂ ਦੇ ਨਿਘਾਰ ਲਈ ਜ਼ਿੰਮੇਵਾਰ ਕਾਰਨਾਂ ਵਿੱਚੋਂ ਆਰਥਿਕਤਾ ਨੂੰ ਮੁੱਖ ਮੰਨਦਾ ਹੈ। ਇਸ ਤੋਂ ਇਲਾਵਾ ਜਿਣਸੀ ਝੁਕਾਅ, ਪੈਸੇ ਦੀ ਕਾਣੀ ਵੰਡ, ਪਿਆਰ-ਵਿਆਹ ਸਬੰਧ, ਜਾਤ-ਪਾਤ, ਭ੍ਰਿਸ਼ਟਾਚਾਰ, ਵਿਸ਼ਵੀਕਰਨ ਦੇ ਪ੍ਰਭਾਵ ਹੇਠ ਡਿੱਗਦੀਆਂ ਕਦਰਾਂ-ਕੀਮਤਾਂ, ਬੇਰੁਜ਼ਗਾਰੀ ਅਤੇ ਲੋਟੂ ਵਿਵਸਥਾ ਨੂੰ ਵੀ ਉਹ ਇਸ ਲਈ ਜ਼ਿੰਮੇਵਾਰ ਮੰਨਦਾ ਹੈ। ਇਸ ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ ਘੁੰਮਣਘੇਰੀਆਂ ਵਿਚ ਪੈਸੇ ਦੀ ਕਾਣੀ ਵੰਡ, ਬੇਰੁਜ਼ਗਾਰੀ, ਅਮੀਰ ਵਰਗ ਦੁਆਰਾ ਗਰੀਬ ਵਰਗ ਦਾ ਸ਼ੋਸ਼ਣ, ਪੈਸੇ ਦੀ ਲੁੱਟ-ਖੋਹ, ਮਾੜੀ ਆਰਥਿਕਤਾ ਆਦਿ ਦੇ ਕਾਰਨ ਆਪਸੀ ਰਿਸ਼ਤਿਆਂ ਵਿਚ ਆ ਰਹੇ ਨਿਘਾਰ ਦੀ ਗੱਲ ਕੀਤੀ ਹੈ।

ਕਹਾਣੀ ਦਾ ਮੁੱਖ ਪਾਤਰ ਜੈਲੀ ਗਰੀਬ ਕਿਸਾਨ ਦਾ ਪੁੱਤ ਹੋਣ ਕਰਕੇ ਗਰੀਬੀ ਦਾ ਸ਼ਿਕਾਰ ਹੈ। ਮਾੜੀ ਜ਼ਮੀਨ ਹੋਣ ਦੇ ਕਾਰਨ ਆਮਦਨ ਘੱਟ ਹੈ। ਪਰ ਇਹ ਜ਼ਮੀਨ ਵੀ ਪਿੰਡ ਦੇ ਸਰਪੰਚ ਕੋਲ ਗਹਿਣੇ ਪੈਂਦੀ ਜਾਂਦੀ ਹੈ ਜਿਸ ਕਾਰਨ ਉਹ ਆਪਣੀ ਪਤਨੀ ਗੁਰਜੀਤ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਕਰਨ ਦੇ ਅਸਮੱਰਥ ਹੈ ਜਿਸ ਦੇ ਫਲਸਰੂਪ ਪਤੀ-ਪਤਨੀ ਦੇ ਰਿਸ਼ਤੇ ਵਿਚ ਨਿਘਾਰ ਆਉਂਦਾ ਹੈ। ਆਪਣੀਆਂ ਆਰਥਿਕ ਇੱਛਾਵਾਂ ਦੀ ਪੂਰਤੀ ਨਾ

ਹੁੰਦੀ ਦੇਖ ਗੁਰਜੀਤ ਸਰਪੰਚ ਦੇ ਭਤੀਜੇ ਕੁਲਦੀਪ ਨਾਲ ਨਜਾਇਜ਼ ਸਬੰਧ ਕਾਇਮ ਕਰਦੀ ਹੈ ਕਿਉਂਕਿ ਉਹ ਪੈਸੇ ਨਾਲ ਉਸ ਦੀਆਂ ਇੱਛਾਵਾਂ ਪੂਰੀਆਂ ਕਰਨ ਦੇ ਸਮੱਰਥ ਹੈ। ਪਤੀ-ਪਤਨੀ ਦੇ ਰਿਸ਼ਤੇ ਵਿਚ ਆਏ ਇਸ ਨਿਘਾਰ ਦੇ ਲਈ ਆਰਥਿਕਤਾ ਅਤੇ ਪੈਸਾ ਆਪਣਾ ਰੋਲ ਨਿਭਾਉਂਦਾ ਹੈ। ਕਿਉਂਕਿ ਹਰ ਰਿਸ਼ਤਾ ਆਰਥਿਕਤਾ ਉੱਪਰ ਖੜ੍ਹਾ ਹੈ। ਹਰ ਪਤਨੀ ਨੂੰ ਆਪਣੇ ਪਤੀ ਤੋਂ ਇਹ ਉਮੀਦ ਹੁੰਦੀ ਹੈ ਕਿ ਉਸ ਦਾ ਪਤੀ ਉਸ ਦੀਆਂ ਸਾਰੀਆਂ ਇੱਛਾਵਾਂ ਦੀਆਂ ਪੂਰਤੀ ਕਰੇਗਾ ਤੇ ਉਸ ਨੂੰ ਕਦੇ ਕਿਸੇ ਚੀਜ਼ ਦੀ ਥੋੜ੍ਹ ਨਹੀਂ ਰਹਿਣ ਦੇਏਗਾ। ਇਸ ਦੇ ਉਲਟ ਜਦੋਂ ਪਤਨੀ ਦੀਆਂ ਇਨ੍ਹਾਂ ਇੱਛਾਵਾਂ ਦੀ ਪੂਰਤੀ ਨਹੀਂ ਹੁੰਦੀ ਤਾਂ ਬਾਹਰੋਂ ਹੋਰ ਕੋਈ ਸਾਧਨ ਭਾਲਦੀ ਹੈ। ਜਿਵੇਂ ਕਿ ਇਸ ਕਹਾਣੀ ਵਿਚ ਵੀ ਦੇਖਿਆ ਗਿਆ ਹੈ।

> "ਮੈਂ ਬਾਹਰੋਂ ਮੁੜਿਆ ਤਾਂ ਸਰਪੰਚ ਦਾ ਮੁੰਡਾ ਕੁਲਦੀਪ ਘਰੇ ਬੈਠਾ ਸੀ, ਬਾਪੂ ਕੋਲ। ਉਸ ਦਾ ਧਿਆਨ ਰਸੋਈ ਵੱਲ ਸੀ।......ਤੇ ਸ਼ਾਇਦ ਰਸੋਈ 'ਚ ਖੜੀ ਗੁਰਜੀਤ ਵੀ...।"[1]

ਗੁਰਜੀਤ ਦਾ ਪਤੀ ਜੈਲੀ ਗਰੀਬ ਕਿਸਾਨ ਦਾ ਪੁੱਤਰ ਹੋਣ ਕਰਕੇ ਹੀ ਉਸ ਨੂੰ ਸਾਰੀਆਂ ਸਹੂਲਤਾਂ ਨਹੀਂ ਦੇ ਸਕਿਆ ਜਿਸ ਕਾਰਨ ਉਹ ਬਾਹਰ ਸੰਬੰਧ ਕਾਇਮ ਕਰਦੀ ਹੈ ਤੇ ਦੋਹਾਂ ਦੇ ਸੰਬੰਧਾਂ ਵਿਚ ਨਿਘਾਰ ਪੈਦਾ ਹੁੰਦਾ ਹੈ। ਅੰਤ ਵਿਚ ਜੈਲੀ ਕੁਲਦੀਪ ਦਾ ਕਤਲ ਕਰਕੇ ਮਾਨਸਿਕ ਸੁੱਖ ਮਹਿਸੂਸ ਕਰਦਾ ਹੈ। ਇਸ ਤਰ੍ਹਾਂ ਇਸ ਕਹਾਣੀ ਵਿਚ ਮਾੜੀ ਆਰਥਿਕਤਾ ਨੂੰ ਰਿਸ਼ਤਿਆਂ ਦੇ ਨਿਘਾਰ ਲਈ ਜ਼ਿੰਮੇਵਾਰ ਮੰਨਿਆ ਗਿਆ ਹੈ।

'ਮੈਂ ਨਾਟਕ ਤੇ ਜ਼ਿੰਦਗੀ' ਕਹਾਣੀ ਵਿਚ ਵੀ ਪਤੀ-ਪਤਨੀ ਦੇ ਰਿਸ਼ਤੇ ਵਿਚ ਜਿਣਸੀ ਝੁਕਾਅ ਦੇ ਕਾਰਨ ਆਏ ਨਿਘਾਰ ਦੇ ਮੁੱਦੇ ਦੀ ਹੀ ਗੱਲ ਕੀਤੀ ਗਈ ਹੈ। ਹਰ ਪਤਨੀ ਆਪਣੇ ਪਤੀ ਤੋਂ ਪਿਆਰ, ਸਤਿਕਾਰ, ਸਰੀਰਕ ਸਤੁੰਸ਼ਟੀ ਅਤੇ ਸਭ ਤੋਂ ਵੱਧ ਮਾਂ ਬਣਨ ਦਾ ਸੁੱਖ ਚਾਹੁੰਦੀ ਹੈ। ਉਹ ਆਪ ਵੀ ਆਪਣੇ ਪਤੀ ਨਾਲ ਇਮਾਨਦਾਰ ਰਹਿੰਦੀ ਹੋਈ ਉਸ ਤੋਂ ਵੀ ਇਮਾਨਦਾਰੀ ਦੀ ਇੱਛਾ ਕਰਦੀ ਹੈ। ਪਰ ਜਦੋਂ ਉਸ ਦਾ ਪਤੀ ਉਸ ਦਾ ਤ੍ਰਿਸਕਾਰ ਕਰਦਾ ਹੈ। ਉਸ ਨੂੰ ਛੱਡ ਕੇ ਕਿਸੇ ਬਜ਼ਾਰੂ ਔਰਤ ਦੇ ਨਾਲ ਸਰੀਰਕ ਸੰਬੰਧ ਕਾਇਮ ਕਰਦਾ ਹੈ ਤੇ ਪੂਰੀ ਰਾਤ ਕਿਸੇ ਹੋਰ ਔਰਤ ਨਾਲ ਗੁਜ਼ਾਰਦਾ ਹੈ ਤਾਂ ਉਸ ਸਮੇਂ ਪਤੀ-ਪਤਨੀ ਦੇ ਰਿਸ਼ਤੇ ਵਿਚ ਨਿਘਾਰ ਪੈਦਾ ਹੁੰਦਾ ਹੈ। ਉਸ ਔਰਤ ਦੀ ਹਾਲਤ ਦਾ ਕੋਈ ਅੰਦਾਜਾ ਵੀ ਨਹੀਂ ਲਗਾ ਸਕਦਾ ਜਿਸ ਦਾ ਪਤੀ ਆਪਣੀਆਂ ਰਾਤਾਂ ਕਿਸੇ ਹੋਰ ਔਰਤ ਨਾਲ ਬਿਤਾਉਂਦਾ ਹੋਵੇ।

ਇਹ ਹਾਲਤ ਪ੍ਰੇਮ-ਵਿਆਹ ਵਿਚ ਹੋਰ ਵੀ ਦੁਖਦਾਈ ਹੁੰਦੀ ਹੈ। ਇਸ ਕਹਾਣੀ ਵਿਚ ਵੀ ਅਜਿਹੀ ਹੀ ਸਥਿਤੀ ਪੈਦਾ ਹੁੰਦੀ ਹੈ। ਇਸ ਕਹਾਣੀ ਦੀ ਪਾਤਰ ਨਵਜੀਤ ਨਰਿੰਦਰ ਨਾਲ ਪ੍ਰੇਮ-ਵਿਆਹ ਕਰਾਉਂਦੀ ਹੈ। ਉਸ ਦੀਆਂ ਆਪਣੇ ਪਤੀ ਤੋਂ ਬਹੁਤ ਸਾਰੀਆਂ ਉਮੀਦਾਂ ਹੁੰਦੀਆਂ ਹਨ। ਉਸ ਦਾ ਪਤੀ ਨਰਿੰਦਰ ਵੱਧ ਤੋਂ ਪੈਸਾ ਤੇ ਸ਼ੋਹਰਤ ਕਮਾਉਣ ਦੀ ਹੋੜ ਵਿਚ ਨਵਜੀਤ ਤੋਂ ਦੂਰ ਹੁੰਦਾ ਜਾਂਦਾ ਹੈ। ਉਹ ਉਸ ਦੀਆਂ ਸਰੀਰਕ ਤੇ ਮਾਨਸਿਕ ਇੱਛਾਵਾਂ ਦੀ ਪੂਰਤੀ ਕਰਨ ਵਿਚ ਵੀ ਅਸਮੱਰਥ ਰਹਿੰਦਾ ਹੈ। ਉਹ ਉਸ ਦਾ ਪੈਰ- ਪੈਰ ਤੇ ਅਪਮਾਨ ਕਰਦਾ ਹੈ। ਇੱਥੋਂ ਤੱਕ ਕੇ ਉਹ ਉਸ ਨੂੰ ਮਾਂ ਬਣਨ ਦਾ ਸੁੱਖ ਵੀ ਨਹੀਂ ਦੇ ਸਕਦਾ। ਜਿਸ ਕਾਰਨ ਨਵਜੀਤ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦੀ ਹੈ।

"ਨਰਿੰਦਰ ਨੇ ਪੂਰੀ ਰਾਤ ਪਤਾ ਨਹੀਂ ਕਿੱਥੇ ਬਿਤਾਈ। ਉਹ ਮੇਰੇ ਤੋਂ ਦੂਰ ਰਹਿਣ ਲੱਗਾ ਸੀ। ਇਹ ਦੂਰੀ ਮਨ ਦੀ ਵੀ ਸੀ ਤੇ ਸਰੀਰ ਦੀ ਵੀ। ਮੈਂ ਟੁੱਟ ਗਈ ਸਾਂ ਜਿਵੇਂ। ਘਰ ਦੀ ਹਰ ਚੀਜ਼ ਖਾਣ ਨੂੰ ਆਉਂਦੀ। ਮੈਂ ਸਾਰਾ ਦਿਨ ਖਾਮੋਸ਼ ਪਈ ਰਹਿੰਦੀ। ਨੀਂਦ ਆਉਣੋ ਹਟ ਗਈ। ਕਦੀ ਅੱਖ ਲੱਗਦੀ ਤਾਂ ਅਜੀਬ-ਅਜੀਬ ਸੁਪਨੇ ਆਉਣ ਲੱਗਦੇ।"[2]

ਡਾ. ਗੈਰੀ ਉਸ ਨੂੰ ਹਮਦਰਦੀ ਦੇ ਨਾਲ-ਨਾਮ ਪਿਆਰ ਵੀ ਦਿੰਦਾ ਹੈ ਜਿਸ ਕਾਰਨ ਨਵਜੀਤ ਉਸ ਵੱਲ ਖਿੱਚੀ ਜਾਂਦੀ ਹੈ ਤੇ ਉਸ ਨਾਲ ਸਰੀਰਕ ਸੰਬੰਧ ਕਾਇਮ ਕਰਦੀ ਹੈ। ਜਿਸ ਦੇ ਫਲਸਰੂਪ ਉਹ ਗਰਭਵਤੀ ਹੁੰਦੀ ਹੈ। ਇੱਥੇ ਪਤੀ-ਪਤਨੀ ਦੇ ਰਿਸ਼ਤੇ ਵਿਚ ਨਿਘਾਰ ਆਉਂਦਾ ਹੈ। ਪਰ ਇਸ ਨਿਘਾਰ ਦੇ ਲਈ ਆਪਣੇ ਪਤੀ ਨਰਿੰਦਰ ਨਾਲੋਂ ਨਵਜੀਤ ਜ਼ਿਆਦਾ ਜ਼ਿੰਮੇਵਾਰ ਹੈ, ਕਿਉਂਕਿ ਪਤੀ-ਪਤਨੀ ਦਾ ਰਿਸ਼ਤਾ ਵਿਸ਼ਵਾਸ਼ ਦੀ ਨੀਂਹ ਤੇ ਖੜ੍ਹਾ ਹੁੰਦਾ ਹੈ। ਪਹਿਲਾਂ ਤਾਂ ਨਵਜੀਤ ਕੋਲ ਇਸ ਗੱਲ ਦਾ ਕੋਈ ਸਬੂਤ ਨਹੀਂ ਕਿ ਉਸ ਦਾ ਪਤੀ ਨਰਿੰਦਰ ਕਿਸੇ ਹੋਰ ਔਰਤ ਕੋਲ ਜਾਂਦਾ ਹੈ ਜਾਂ ਨਹੀਂ। ਦੂਸਰਾ, ਜੇ ਉਸ ਦਾ ਪਤੀ ਨਰਿੰਦਰ ਗਲਤ ਰਾਹ ਤੇ ਜਾ ਰਿਹਾ ਹੈ ਤਾਂ ਨਵਜੀਤ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਪਤੀ ਨੂੰ ਸਹੀ ਰਾਹ ਤੇ ਲੈ ਕੇ ਆਵੇ। ਪਰ ਉਹ ਆਪਣੇ ਪਤੀ ਨੂੰ ਸਮਝਣ ਦੀ ਬਜਾਏ ਡਾ. ਗੈਰੀ ਨਾਲ ਨਜਾਇਜ਼ ਰਿਸ਼ਤਾ ਜੋੜਦੀ ਹੈ। ਇਸ ਲਈ ਉਹ ਹੀ ਪਤੀ-ਪਤਨੀ ਦੇ ਰਿਸ਼ਤੇ ਵਿਚ ਆਉਣ ਵਾਲੇ ਨਿਘਾਰ ਲਈ ਜ਼ਿੰਮੇਵਾਰ ਹੈ।

'ਆਸ ਅਜੇ ਬਾਕੀ ਹੈ' ਵਿਚ ਵੀ ਪੈਸੇ ਦੀ ਪ੍ਰਧਾਨਤਾ, ਬੇਰੁਜ਼ਗਾਰੀ ਦੇ ਕਾਰਨ ਪਤੀ-ਪਤਨੀ ਦੇ ਮਨੁੱਖੀ ਰਿਸ਼ਤੇ ਵਿਚ ਆਏ ਨਿਘਾਰ ਦੀ ਗੱਲ ਕੀਤੀ ਗਈ ਹੈ। ਪਤੀ-ਪਤਨੀ ਦਾ ਰਿਸ਼ਤਾ ਬਹੁਤ ਹੀ ਨਾਜ਼ੁਕ ਹੁੰਦਾ ਹੈ। ਇਸ ਰਿਸ਼ਤੇ ਨੂੰ ਬਹੁਤ ਹੀ ਪਿਆਰ ਤੇ ਵਿਸ਼ਵਾਸ਼ ਨਾਲ ਨਿਭਾਉਣਾ ਪੈਂਦਾ ਹੈ ਪਰ ਜਦੋਂ ਪਤੀ-ਪਤਨੀ ਦੋਨੋਂ ਇੱਕ ਦੂਜੇ ਉੱਪਰ ਰੋਅਬ ਜਮਾਉਣ ਲਈ ਕਈ ਤਰ੍ਹਾਂ ਦੇ ਤਾਹਨੇ-ਮਿਹਣੇ ਮਾਰਨ ਲੱਗਦੇ ਹਨ ਤਾਂ ਉਸ ਸਮੇਂ ਪਤੀ-ਪਤਨੀ ਦੇ ਨਾਲ-ਨਾਲ ਪੂਰੇ ਪਰਿਵਾਰ ਦੀ ਜ਼ਿੰਦਗੀ ਵੀ ਕਿਸੇ ਨਰਕ ਤੋਂ ਘੱਟ ਨਹੀਂ ਹੁੰਦੀ। ਪਤੀ-ਪਤਨੀ ਦੇ ਰਿਸ਼ਤੇ ਵਿਚ ਹੁੰਦਾ ਇਹ ਕਲੇਸ਼ ਇਸ ਰਿਸ਼ਤੇ ਨੂੰ ਨਿਘਾਰ ਵੱਲ ਲੈ ਕੇ ਜਾਂਦਾ ਹੈ।

ਕਹਾਣੀ ਦਾ ਪਾਤਰ ਗੁਰਵਿੰਦਰ ਸਿੰਘ ਪੜ੍ਹਿਆ-ਲਿਖਿਆ ਤੇ ਹੋਣਹਾਰ ਜੱਟ ਦਾ ਪੁੱਤਰ ਹੈ ਪਰ ਸਰਕਾਰੀ ਨੌਕਰੀ ਨਾ ਮਿਲਣ ਦੇ ਕਾਰਨ ਉਹ ਇੱਕ ਪ੍ਰਾਈਵੇਟ ਸਕੂਲ ਵਿਚ ਨੌਕਰੀ ਕਰਦਾ ਹੈ। ਪਰ ਉਸ ਦੀ ਪਤਨੀ ਹਰਪ੍ਰੀਤ ਸਰਕਾਰੀ ਨੌਕਰੀ ਕਰਦੀ ਹੈ ਤੇ ਹਰ ਸਮੇਂ ਆਪਣੇ ਪਤੀ ਉੱਪਰ ਉਸ ਤੋਂ ਚਾਰ ਗੁਣਾ ਵੱਧ ਕਮਾਉਣ ਦਾ ਰੋਅਬ ਜ਼ਮਾਉਂਦੀ ਹੈ ਤਾਂ ਉਸ ਨੂੰ ਆਪਣੀ ਨਰਕ ਦੇ ਸਮਾਨ ਲੱਗਦੀ ਹੈ।

"ਹਰਪ੍ਰੀਤ ਮੇਰੇ ਨਾਲੋਂ ਦਸ ਗੁਣਾ ਵੱਧ ਕਮਾਉਣ ਦਾ ਮਿਹਣਾ ਮਾਰਦੀ ਹੈ। ਨਿੱਕੀ-ਨਿੱਕੀ ਗੱਲ 'ਤੇ ਖਿਝਣ ਲੱਗਦੀ।...ਤੇ ਘਰ ਵਿਚ ਛਿੜੀ ਇਸ ਸੀਤ ਜੰਗ 'ਚ ਮੈਂ ਬੇਕਸੂਰਾ ਪਿਸਦਾ ਰਹਿੰਦਾ।"[3]

ਉਸ ਸਮੇਂ ਪਤੀ-ਪਤਨੀ ਦੇ ਰਿਸ਼ਤੇ ਵਿਚ ਨਿਘਾਰ ਆਉਂਦਾ ਹੈ। ਉਸ ਨੂੰ ਲੱਗਦਾ ਹੈ ਕਿ ਉਹ ਆਪਣੇ ਪਿਤਾ ਦਾ ਸੁਪਨਾ ਪੂਰਾ ਕਰਨ ਵਿਚ ਅਸਮੱਰਥ ਰਿਹਾ ਹੈ। ਕਿਉਂਕਿ ਉਹ ਪੜ੍ਹਨ-ਲਿਖਣ ਦੇ ਬਾਵਜੂਦ ਇੱਕ ਵੱਡਾ

ਅਫ਼ਸਰ ਨਹੀਂ ਬਣ ਸਕਿਆ ਜਿਸ ਕਾਰਨ ਉਹ ਹੀਣ-ਭਾਵ ਮਹਿਸੂਸ ਕਰਦਾ ਹੈ। ਉਹ ਉਮੀਦ ਕਰਦਾ ਹੈ ਕਿ ਉਸ ਦਾ ਪੁੱਤਰ ਪ੍ਰਿੰਸ ਵੱਡਾ ਹੋ ਕੇ ਇੱਕ ਅਫ਼ਸਰ ਬਣੇਗਾ ਤੇ ਘਰ ਦੀ ਸਾਰੀ ਜ਼ਿੰਮੇਵਾਰੀ ਚੁੱਕੇਗਾ।

'ਪੱਟੀ ਤੋਂ ਪਟਿਆਲਾ ਵਾਇਆ ਬੱਘੀਪੁਰਾ' ਕਹਾਣੀ ਵਿਚ ਵੀ ਪਤੀ-ਪਤਨੀ ਦੇ ਰਿਸ਼ਤੇ ਵਿਚ ਆਏ ਨਿਘਾਰ ਦੀ ਹੀ ਪੇਸ਼ਕਾਰੀ ਕੀਤੀ ਗਈ ਹੈ। ਇੱਕ ਔਰਤ ਦੇ ਲਈ ਮਾਂ ਬਣਨਾ ਇੱਕ ਬਹੁਤ ਵੱਡੀ ਖੁਸ਼ੀ ਹੁੰਦੀ ਹੈ ਪਰ ਜੇ ਕਿਸੇ ਕਾਰਨ ਉਹ ਮਾਂ ਨਹੀਂ ਬਣ ਪਾਉਂਦੀ ਤਾਂ ਉਹ ਹਰ ਤਰੀਕੇ ਤੇ ਟੋਟਕੇ ਦੀ ਵਰਤੋਂ ਕਰਦੀ ਹੈ ਜਿਸ ਨਾਲ ਉਹ ਮਾਂ ਬਣ ਪਾਵੇ ਪਰ ਕਈ ਵਾਰ ਉਸ ਦੇ ਦੁਆਰਾ ਕੀਤੇ ਗਏ ਇਹੀ ਟੋਟਕੇ ਉਸ ਦੇ ਰਿਸ਼ਤੇ ਲਈ ਘਾਤਕ ਸਿੱਧ ਹੁੰਦੇ ਹਨ। ਇਹੀ ਅਸੀਂ ਇਸ ਕਹਾਣੀ ਵਿਚ ਦੇਖਦੇ ਹਾਂ।

ਕਹਾਣੀ ਦਾ ਪਾਤਰ ਦਲੇਰ ਸਿੰਘ ਆਪਣੇ ਪਰਿਵਾਰ ਦੇ ਖਿਲਾਫ਼ ਜਾ ਕੇ ਮਨਜੋਤ ਨਾਲ ਵਿਆਹ ਕਰਾਉਂਦਾ ਹੈ। ਮਨਜੋਤ ਮਾਂ ਬਣਨਾ ਚਾਹੁੰਦੀ ਹੈ ਪਰ ਵਿਆਹ ਦੇ ਦੋ ਸਾਲ ਬਾਅਦ ਵੀ ਉਨ੍ਹਾਂ ਦੇ ਬੱਚਾ ਨਹੀਂ ਹੁੰਦਾ। ਦਲੇਰ ਸਿੰਘ ਜਦੋ ਆਪਣਾ ਚੈਕ-ਅੱਪ ਕਰਾਉਂਦਾ ਹੈ ਤਾਂ ਉਸ ਨੂੰ ਪਤਾ ਲੱਗਦਾ ਹੈ ਕਿ ਉਹ ਸੰਤਾਨ ਪੈਦਾ ਕਰਨ ਦੇ ਸਮੱਰਥ ਨਹੀਂ ਹੈ ਤਾਂ ਉਸ ਨੂੰ ਝਟਕਾ ਲੱਗਦਾ ਹੈ। ਜਦੋਂ ਉਹ ਆਪਣੀ ਪਤਨੀ ਨੂੰ ਇਹ ਦੱਸਣ ਦੀ ਕੋਸ਼ਿਸ਼ ਕਰਦਾ ਹੈ ਕਿ ਉਹ ਉਸ ਨੂੰ ਮਾਂ ਬਣਨ ਦਾ ਸੁੱਖ ਨਹੀਂ ਦੇ ਸਕਦਾ ਤਾਂ ਉਸ ਦੀ ਪਤਨੀ ਮਨਜੋਤ ਉਸ ਨੂੰ ਆਪਣੇ ਗਰਭਵਤੀ ਹੋਣ ਦੀ ਖ਼ਬਰ ਸੁਣਾਉਂਦੀ ਹੈ ਤਾਂ ਉਸਨੂੰ ਝਟਕਾ ਲੱਗਦਾ ਹੈ ਤੇ ਉਹ ਆਪਣੀ ਪਤਨੀ ਤੋਂ ਤਲਾਕ ਦੀ ਮੰਗ ਕਰਦਾ ਹੈ। ਕਿਉਂਕਿ ਉਸ ਨੂੰ ਪਤਾ ਹੈ ਕਿ ਇਹ ਬੱਚਾ ਉਸ ਦਾ ਨਹੀਂ ਹੈ ਪਰ ਉਹ ਆਪਣੀ ਪਤਨੀ ਨੂੰ ਇਹ ਗੱਲ ਸਮਝਾਉਣ ਤੋਂ ਅਸਮੱਰਥ ਹੈ। ਉਹ ਆਪਣੀ ਪਤਨੀ ਨੂੰ ਸੱਚ ਨਹੀਂ ਦੱਸ ਸਕਦਾ ਕਿਉਂਕਿ ਉਸ ਨੂੰ ਡਰ ਹੈ ਕਿ ਜੇ ਉਹ ਸੱਚ ਦੱਸਦਾ ਹੈ ਤਾਂ ਉਸ ਦੀ ਮਰਦਾਨਗੀ ਤੇ ਉਂਗਲ ਚੁੱਕੀ ਜਾਵੇਗੀ। ਇਸੇ ਕਰਕੇ ਪਤੀ-ਪਤਨੀ ਦੇ ਰਿਸ਼ਤੇ ਵਿਚ ਨਿਘਾਰ ਆਉਂਦਾ ਹੈ।

> "ਮੈਂ ਮਨੀ ਕੋਲੋਂ ਤਲਾਕ ਮੰਗਿਆ । ਉਹ ਚੁੱਪ ਵੱਟੀ ਬੈਠੀ ਹੈ। ਕਈ ਦਿਨ ਹੋ ਗਏ ਅਸੀਂ ਆਪਸ ਵਿਚ ਬੋਲੇ ਨਹੀਂ। ਮੇਰੇ ਨਾਲ ਇੰਨਾ ਵੱਡਾ ਧੋਖਾ। ਦਲੇਰ ਸਿੰਘ ਜੁਗਤੀ ਦੀ ਕੋਈ ਜੁਗਤ ਨਹੀਂ ਚੱਲਦੀ ਪਈ। ਮਨੀ ਕਾਰਨ ਪੁੱਛਦੀ ਹੈ। ਪਰ ਕੀ ਦੱਸਾਂ ਉਸ ਨੂੰ। ਜਵਾਬ ਤਾਂ ਉਸ ਦੇ ਅੰਦਰ ਹੈ।"[4]

'ਕੇਂਦਰ ਬਿੰਦੂ' ਕਹਾਣੀ ਵਿਚ ਪੀੜ੍ਹੀ-ਪਾੜੇ, ਸੰਤਾਨ ਦੁਆਰਾ ਮਾਪਿਆਂ ਦਾ ਅਪਮਾਨ, ਪੈਸੇ ਦੇ ਲਾਲਚ ਵਿਚ ਜ਼ਮੀਨ ਦਾ ਸੌਦਾ ਅਤੇ ਆਧੁਨਿਕਤਾ ਦੇ ਪ੍ਰਭਾਵ ਹੇਠ ਡਿੱਗਦੀਆਂ ਕਦਰਾਂ-ਕੀਮਤਾਂ ਦੇ ਕਾਰਨ ਰਿਸ਼ਤਿਆਂ ਵਿਚ ਆਉਂਦੇ ਨਿਘਾਰ ਦੀ ਗੱਲ ਹੈ। ਇਸ ਕਹਾਣੀ ਦੇ ਵਿਚ ਪਿਉ-ਪੁੱਤਰ ਦੇ ਰਿਸ਼ਤੇ ਵਿਚ ਆਏ ਨਿਘਾਰ ਦੀ ਪੇਸ਼ਕਾਰੀ ਕੀਤੀ ਗਈ ਹੈ। ਕਹਾਣੀ ਦਾ ਪਾਤਰ ਬਿੰਦੂ ਆਪਣੇ ਪਿਉ ਮਿਲਖਾ ਸਿੰਘ ਦੀ ਮਿਹਨਤ ਨਾਲ ਬਣਾਈ ਜ਼ਮੀਨ ਨੂੰ ਸ਼ਾਪਿੰਗ ਮਾਲ ਬਣਾਉਣ ਵਾਲਿਆਂ ਨੂੰ ਵੇਚ ਦਿੰਦਾ ਹੈ। ਉਸ ਦਾ ਪਿਉ ਮਿਲਖਾ ਸਿੰਘ ਜ਼ਮੀਨ ਵੇਚਣ ਦਾ ਵਿਰੋਧ ਕਰਦਾ ਹੈ ਪਰ ਉਸ ਦਾ ਪੁੱਤਰ ਬਿੰਦੂ ਉਸ ਦੀ ਇੱਕ ਪੇਸ਼ ਨਹੀਂ ਜਾਣ ਦਿੰਦਾ ਸਗੋਂ ਪੈਸਾ ਕਮਾਉਣ ਲਈ ਆਪਣੇ ਪਿਉ ਨੂੰ ਦੱਸੇ ਬਗੈਰ ਜ਼ਮੀਨ ਵੇਚ ਦਿੰਦਾ ਹੈ।

"ਖੇਤੀ 'ਚੋਂ ਕੀ ਨਿਕਲਦਾ। ਅੱਗੇ ਦਾ ਵੀ ਸੋਚਣਾ ਪੈਂਦਾ।"[5]

ਜਿਸ ਕਾਰਨ ਪਿਉ-ਪੁੱਤਰ ਦੇ ਰਿਸ਼ਤੇ ਵਿਚ ਨਿਘਾਰ ਆਉਂਦਾ ਹੈ। ਹੱਦ ਤਾਂ ਉਦੋਂ ਹੋ ਜਾਂਦੀ ਹੈ ਜਦੋਂ ਉਸ ਦੇ ਨੂੰਹ-ਪੁੱਤ ਉਸਦੇ ਖਾਣੇ ਵਿਚ ਜ਼ਹਿਰ ਮਿਲਾ ਕੇ ਉਸ ਨੂੰ ਮਾਰਨ ਦੀ ਕੋਸ਼ਿਸ਼ ਕਰਦੇ ਹਨ ਪਰ ਕਿਸਮਤ ਨਾਲ ਉਹ ਬਚ ਜਾਂਦਾ ਹੈ ਕਿਉਂਕਿ ਉਸ ਦਾ ਜ਼ਹਿਰ ਵਾਲਾ ਖਾਣਾ ਉਸ ਦਾ ਪਾਲਤੂ ਕੁੱਤਾ ਖਾ ਲੈਂਦਾ ਹੈ ਜਿਸ ਕਾਰਨ ਉਸ ਦੇ ਪਾਲਤੂ ਕੁੱਤੇ ਦੀ ਮੌਤ ਹੋ ਜਾਂਦੀ ਹੈ। ਇਹ ਸਭ ਦੇਖ ਕੇ ਮਿਲਖਾ ਸਿੰਘ ਆਪਣੇ ਪੁੱਤਰ ਦੇ ਖਿਲਾਫ਼ ਰਪਟ ਲਿਖਾਉਣ ਤੇ ਕੇਸ ਕਰਕੇ ਉਸ ਨੂੰ ਸਬਕ ਸਿਖਾਉਣ ਦੀ ਠਾਣ ਲੈਂਦਾ ਹੈ। ਇਸ ਤਰ੍ਹਾਂ ਇਹ ਕਹਾਣੀ ਜ਼ਮੀਨ ਤੇ ਪੈਸੇ ਦੇ ਲੋਭੀ ਪੁੱਤਰ ਤੇ ਉਸ ਦੇ ਪਿਉ ਦੇ ਰਿਸ਼ਤੇ ਵਿਚ ਆਏ ਨਿਘਾਰ ਦੀ ਬੜ੍ਹੀ ਖੂਬਸੂਰਤ ਤਸਵੀਰ ਪੇਸ਼ ਕਰਦੀ ਹੈ।

'ਰੂਪ ਤੂੰ ਨਾ ਜਾਹ' ਕਹਾਣੀ ਵਿਚ ਸਮਲਿੰਗੀ ਰੁਚੀ ਦੇ ਕਾਰਨ ਦੋ ਔਰਤਾਂ ਦੇ ਰਿਸ਼ਤੇ ਵਿਚ ਆਏ ਨਿਘਾਰ ਦੀ ਪੇਸ਼ਕਾਰੀ ਹੈ। ਕਹਾਣੀ ਦੀ ਪਾਤਰ ਪ੍ਰਭ ਜਤਿੰਦਰ ਢਿੱਲੋ ਨਾਂ ਦੇ ਐਨ.ਆਰ.ਆਈ. ਮੁੰਡੇ ਨਾਲ ਵਿਆਹ ਕਰਾਉਂਦੀ ਹੈ ਪਰ ਉਹ ਛੇਤੀ ਹੀ ਉਸ ਨੂੰ ਇੰਡੀਆ ਛੱਡ ਕੇ ਆਪ ਵਲਾਇਤ ਚਲਾ ਜਾਂਦਾ ਹੈ ਤੇ ਪ੍ਰਭ ਨੂੰ ਆਪਣੇ ਕੋਲ ਨਹੀਂ ਬੁਲਾਉਂਦਾ ਜਿਸ ਕਾਰਨ ਪਤੀ ਦੇ ਪਿਆਰ ਤੋਂ ਸੱਖਣੀ ਪ੍ਰਭ ਰੂਪ ਨਾਂ ਦੀ ਕੁੜੀ ਵੱਲ ਖਿੱਚੀ ਜਾਂਦੀ ਹੈ ਤੇ ਉਸ ਦੇ ਨਾਲ ਰਹਿ ਕੇ ਸਰੀਰਕ ਤੇ ਮਾਨਸਿਕ ਸੁੱਖ ਨੂੰ ਅਨੁਭਵ ਕਰਦੀ ਹੈ। ਪਰ ਜਦ ਰੂਪ ਆਪਣੇ ਰਿਸ਼ਤਾ ਪੱਕਾ ਹੋਣ ਦੀ ਗੱਲ ਉਸ ਨੂੰ ਦੱਸਦੀ ਹੈ ਤਾਂ ਪ੍ਰਭ ਉਸ ਨੂੰ ਇਹ ਵਿਆਹ ਨਾ ਕਰਾਉਣ ਲਈ ਕਹਿੰਦੀ ਹੈ। ਸਗੋਂ ਆਪਣੇ ਨਾਲ ਵਿਆਹ ਕਰਾਉਣ ਲਈ ਕਹਿੰਦੀ ਹੈ।

"ਮੈਂ ਕਰਾਊਂ ਤੇਰੇ ਨਾਲ ਵਿਆਹ। ਆਪਾਂ ਆਪਣੀ ਦੁਨੀਆਂ ਵਸਾਵਾਂਗੇ।"[6]

ਇਸ ਤਰ੍ਹਾਂ ਇਹ ਕਹਾਣੀ ਇੱਕ ਔਰਤ ਦੀ ਅਵੱਸਥਾ ਦਾ ਜ਼ਿਕਰ ਕਰਦੀ ਹੈ ਕਿ ਕਿਸ ਤਰ੍ਹਾਂ ਮਾਨਸਿਕ ਅਸਤੁੰਸ਼ਟਤਾ ਦੀ ਸ਼ਿਕਾਰ ਔਰਤ ਸਮਾਜ ਦੇ ਨਿਯਮਾਂ ਦੇ ਖਿਲਾਫ਼ ਜਾ ਕੇ ਸਮਲਿੰਗੀ ਰੁਚੀਆਂ ਦੇ ਕਾਰਨ ਔਰਤ ਹੋ ਕੇ ਦੂਸਰੀ ਔਰਤ ਵੱਲ ਖਿੱਚੀ ਜਾਂਦੀ ਹੈ। ਇਸ ਤਰ੍ਹਾਂ ਇਹ ਕਹਾਣੀ ਦੋ ਔਰਤਾਂ ਦੇ ਰਿਸ਼ਤੇ ਵਿਚ ਆਏ ਨਿਘਾਰ ਦੀ ਗੱਲ ਕਰਦੀ ਹੈ।

'ਲਾਲ ਚੂੜੀਆਂ' ਕਹਾਣੀ ਵਿਚ ਮਾਂ-ਪਿਉ ਅਤੇ ਸੰਤਾਨ ਦੇ ਰਿਸ਼ਤੇ ਵਿਚ ਆਏ ਨਿਘਾਰ ਦੀ ਪੇਸ਼ਕਾਰੀ ਹੈ। ਪੰਜਾਬੀ ਸਮਾਜ ਪ੍ਰੇਮ ਸਬੰਧਾਂ ਤੇ ਪ੍ਰੇਮ-ਵਿਆਹ ਨੂੰ ਕਦੇ ਸਵੀਕਾਰ ਨਹੀਂ ਕਰਦਾ। ਜੇ ਕੋਈ ਪਰਿਵਾਰ ਅਜਿਹਾ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਪੂਰੀ ਉਮਰ ਸ਼ਰੀਕੇ ਦੇ ਮਿਹਣਿਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਪਰ ਕਈ ਵਾਰ ਸੰਤਾਨ ਆਪਣੇ ਮਾਪਿਆਂ ਦੇ ਫੈਸਲੇ ਦੇ ਖਿਲਾਫ਼ ਜਾ ਕੇ ਆਪਣੀ ਪਸੰਦ ਦੇ ਵਰ ਨਾਲ ਵਿਆਹ ਕਰਾਉਂਦੇ ਹਨ ਜਿਸ ਕਾਰਨ ਮਾਂ-ਪਿਉ ਅਤੇ ਸੰਤਾਨ ਦੇ ਆਪਸੀ ਰਿਸ਼ਤਿਆਂ ਵਿਚ ਇੱਕ ਕੜਵਾਹਟ ਪੈਦਾ ਹੋ ਜਾਂਦੀ ਹੈ। ਕਹਾਣੀ ਦੀ ਪਾਤਰ ਨਾਮੋ ਦੀ ਪੋਤਰੀ ਸੁਨੇਹਾ ਰਮਨ ਨਾਂ ਦੇ ਮੁੰਡੇ ਨੂੰ ਪਿਆਰ ਕਰਦੀ ਹੈ ਪਰ ਉਸ ਦੇ ਮਾਂ-ਪਿਉ ਉਸ ਮੁੰਡੇ ਨੂੰ ਠੁਕਰਾ ਦਿੰਦੇ ਹਨ ਜਿਸ ਕਾਰਨ ਸੁਨੇਹਾ ਆਪਣੇ ਪ੍ਰੇਮੀ ਰਮਨ ਨਾਲ ਘਰੋਂ ਦੌੜ ਜਾਂਦੀ ਹੈ। ਪਰ ਉਸ ਦੀ ਦਾਦੀ ਨਾਮੋ ਉਸ ਦੇ ਇਸ ਫ਼ੈਸਲੇ ਦਾ ਵਿਰੋਧ ਨਹੀਂ ਕਰਦੀ ਸਗੋਂ ਉਸ ਨੂੰ ਸਦਾ ਖੁਸ਼ ਰਹਿਣ ਦੀ ਅਸੀਸ ਦਿੰਦੀ ਹੋਈ ਉਸ ਦਾ

ਸਾਥ ਦਿੰਦੀ ਹੈ ਕਿਉਂਕਿ ਇੱਥੇ ਉਹ ਆਪਣੇ ਦਿਲ ਤੋਂ ਕੰਮ ਲੈਂਦੀ ਹੈ। ਉਸਨੂੰ ਇਵੇਂ ਲੱਗਦਾ ਹੈ ਜਿਵੇਂ ਉਹ ਆਪ ਅੱਜ ਫੇਰ ਉਸ ਸਥਿਤੀ ਵਿਚ ਆ ਕੇ ਖੜ੍ਹ ਗਈ ਹੋਵੇ ਜਿੱਥੇ ਉਹ ਆਪਣੀ ਜਵਾਨੀ ਵੇਲੇ ਖੜ੍ਹੀ ਸੀ।

"ਉਸ ਦੀਆ ਅੱਖਾਂ ਵਿਚ ਜੋ ਤੜਫ਼ ਸੀ। ਉਹ ਮੈਂ ਆਪਣੀਆਂ ਅੱਖਾਂ ਵਿਚ ਹੰਢਾਈ ਸੀ।"[7]

ਕਿਉਂਕਿ ਆਪਣੀ ਜਵਾਨੀ ਸਮੇਂ ਉਹ ਵੀ ਕਿਸੇ ਸੋਹਣ ਨੂੰ ਪਿਆਰ ਕਰਦੀ ਸੀ। ਪਰ ਉਸ ਦੇ ਮਾਂ-ਪਿਉ ਨੇ ਉਸ ਦਾ ਵਿਆਹ ਜ਼ਬਰਦਸਤੀ ਸੁਨੇਹਾ ਦੇ ਦਾਦੇ ਦੁੱਲੇ ਨਾਲ ਕਰ ਦਿੱਤਾ ਸੀ। ਨਾਮੋ ਨੂੰ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਇਤਿਹਾਸ ਦੁਹਰਾਇਆ ਜਾ ਰਿਹਾ ਹੋਵੇ। ਸੁਨੇਹਾ ਦੇ ਫੈਸਲੇ ਵਿਚ ਉਸ ਦਾ ਸਾਥ ਦੇ ਕੇ ਉਸ ਨੂੰ ਮਾਨਸਿਕ ਸੰਤੁਸ਼ਟੀ ਮਹਿਸੂਸ ਹੁੰਦੀ ਹੈ। ਉਹ ਮਹਿਸੂਸ ਕਰਦੀ ਹੈ ਕਿ ਸੁਨੇਹਾ ਨੂੰ ਉਸ ਦੇ ਪਿਆਰ ਨਾਲ ਮਿਲਾ ਕੇ ਉਸ ਨੇ ਆਪਣੇ ਨਾਲ ਹੋਏ ਧੱਕੇ ਦਾ ਬਦਲਾ ਲੈ ਲਿਆ ਹੋਵੇ।

ਸਿਮਰਨ ਧਾਲੀਵਾਲ ਦਾ ਦੂਸਰਾ ਕਹਾਣੀ-ਸੰਗ੍ਰਹਿ "ਉਸ ਪਲ" ਵੀ ਮਨੁੱਖੀ ਰਿਸ਼ਤਿਆਂ ਵਿਚ ਆਏ ਨਿਘਾਰ ਦੀ ਤਸਵੀਰ ਪੇਸ਼ ਕਰਦਾ ਹੈ। ਇਸ ਕਹਾਣੀ-ਸੰਗ੍ਰਹਿ ਦੀ ਪਹਿਲੀ ਕਹਾਣੀ 'ਸਟਾਰਟਿੰਗ ਪੁਆਇੰਟ' ਵਿਚ ਆਰਥਿਕਤਾ ਦੇ ਕਾਰਨ ਪਤੀ-ਪਤਨੀ ਦੇ ਰਿਸ਼ਤੇ ਅਤੇ ਪਰਿਵਾਰ ਦੇ ਦੂਸਰੇ ਮੈਂਬਰਾਂ ਨਾਲ ਰਿਸ਼ਤੇ ਵਿਚ ਆਈ ਕੜਵਾਹਟ ਦੀ ਪੇਸ਼ਕਾਰੀ ਕਰਦੀ ਹੈ।

'ਲਕੀਰ ਦੇ ਉਸ ਪਾਰ' ਕਹਾਣੀ ਪੂੰਜੀਵਾਦੀ ਸਿਸਟਮ, ਮਹਾਂਨਗਰੀ ਚਮਕ-ਦਮਕ, ਪੀੜ੍ਹੀ-ਪਾੜੇ ਦੇ ਕਾਰਨ ਮਾਂ-ਬਾਪ ਅਤੇ ਧੀ ਦੇ ਰਿਸ਼ਤੇ ਵਿਚ ਆਏ ਨਿਘਾਰ ਦੀ ਪੇਸ਼ਕਾਰੀ ਕਰਦਾ ਹੈ। ਕਹਾਣੀ ਦੀ ਪਾਤਰ ਕੀਰਤੀ ਫ਼ੈਸ਼ਨ ਦੇ ਖੇਤਰ ਵਿਚ ਡਿਗਰੀ ਲੈ ਕੇ ਫ਼ੈਸ਼ਨ ਦੇ ਖੇਤਰ ਵਿਚ ਆਪਣਾ ਨਾਮ ਬਣਾਉਣ ਲਈ ਆਪਣੇ ਮਾਂ-ਬਾਪ ਦੇ ਫ਼ੈਸਲੈ ਦੇ ਖਿਲਾਫ਼ ਜਾ ਕੇ ਮੁੰਬਈ ਵਰਗੇ ਵੱਡੇ ਮਹਾਂਨਗਰ ਵਿਚ ਆਉਂਦੀ ਹੈ। ਉਹ ਆਪਣੇ ਮਾਂ-ਪਿਉ ਦੇ ਫ਼ੈਸਲੇ ਦੇ ਖਿਲਾਫ਼ ਜਾਂਦੀ ਹੈ ਜਿਸ ਕਾਰਨ ਉਸ ਦੇ ਇੱਕ ਧੀ ਹੋਣ ਦਾ ਰਿਸ਼ਤਾ ਨਿਘਾਰ ਵੱਲ ਚਲਾ ਜਾਂਦਾ ਹੈ। ਆਪਣੇ ਮਾਤਾ-ਪਿਤਾ ਦੇ ਵਿਰੋਧ ਦੇ ਬਾਵਜੂਦ ਉਹ ਮੁੰਬਈ ਵਿਚ ਨੀਰਜ਼ ਨਾਂ ਦੇ ਮੁੰਡੇ ਨਾਲ ਬਿਨਾਂ ਵਿਆਹ ਕੀਤੇ ਰਹਿੰਦੀ ਹੈ ਜਿਸ ਨਾਲ ਕਿ ਇੱਕ ਕੁੜੀ ਤੇ ਮੁੰਡੇ ਦੇ ਰਿਸ਼ਤੇ ਦੇ ਨਿਘਾਰ ਵੱਲ ਜਾਣ ਦੀ ਪੇਸ਼ਕਾਰੀ ਕੀਤੀ ਗਈ ਹੈ। ਇੱਥੋਂ ਤੱਕ ਕਿ ਉਹ ਨੀਰਜ਼ ਨਾਲ ਸਰੀਰਕ ਸਬੰਧ ਕਾਇਮ ਕਰਦੀ ਹੈ ਜਿਸ ਨਾਲ ਵਿਆਹ ਪਰੰਪਰਾ ਦੇ ਨਿਘਾਰ ਵੱਲ ਜਾਣ ਦੀ ਪੇਸ਼ਕਾਰੀ ਹੈ। ਉਸ ਤੋਂ ਬਾਦ ਜਦ ਉਹ ਕੁਆਰੀ ਗਰਭਵਤੀ ਹੋ ਕੇ ਗਰਭਪਾਤ ਕਰਵਾਉਂਦੀ ਹੈ ਤਾਂ ਉਸ ਸਮੇਂ ਇੱਕ ਮਾਂ ਦੇ ਰਿਸ਼ਤੇ ਦੇ ਨਿਘਾਰ ਵੱਲ ਜਾਣ ਦੀ ਪੇਸ਼ਕਾਰੀ ਹੁੰਦੀ ਹੈ।

ਪੂੰਜੀਵਾਦੀ ਸਿਸਟਮ, ਵਿਸ਼ਵੀਕਰਨ ਤੇ ਆਧੁਨਿਕਤਾ ਦੀ ਚਕਾਚੋਂਧ ਨੇ ਮਾਨਵੀ ਰਿਸ਼ਤਿਆਂ ਨੂੰ ਸਭ ਤੋਂ ਵੱਧ ਢਾਹ ਲਾਈ ਹੈ ਤੇ ਰਿਸ਼ਤਿਆਂ ਨੂੰ ਨਿਘਾਰ ਵੱਲ ਲੈ ਕੇ ਗਏ ਹਨ। ਪੂੰਜੀਵਾਦੀ ਸਿਸਟਮ ਤੇ ਵਿਸ਼ਵੀਕਰਨ ਦੇ ਪ੍ਰਭਾਵ ਹੇਠ ਸਮਾਜ ਵਿਚ ਸਮਾਜਿਕ ਨਾਬਰਾਬਰੀ, ਅਨਿਆਂ, ਲੁੱਟ-ਖਸੁੱਟ, ਬੇਰੁਜ਼ਗਾਰੀ ਆਦਿ ਜਿਹੀਆਂ ਸਮੱਸਿਆਵਾਂ ਪੈਦਾ ਹੋਈਆਂ ਹਨ ਜਿਸ ਕਾਰਨ ਮਾਨਵੀ ਕਦਰਾਂ-ਕੀਮਤਾਂ ਦਾ ਘਾਣ ਹੋ ਰਿਹਾ ਹੈ। ਇਨ੍ਹਾਂ ਬੁਰਾਈਆਂ ਦਾ ਸ਼ਿਕਾਰ ਵਿਅਕਤੀ ਮਾਨਸਿਕ ਸੰਤਾਪ ਭੋਗ ਰਿਹਾ ਹੈ। ਮਾਨਸਿਕ ਤੌਰ 'ਤੇ ਉਹ ਇੰਨਾ ਪਰੇਸ਼ਾਨ ਹੈ ਕਿ ਉਸ ਨੂੰ ਜ਼ਿੰਦਗੀ ਨਾਲੋਂ ਮੌਤ ਚੰਗੀ ਲੱਗਦੀ ਹੈ। ਉਹ ਹੀਣ ਭਾਵਨਾ ਦਾ ਸ਼ਿਕਾਰ ਹੋ ਰਿਹਾ ਹੈ ਤੇ ਉਸ ਦੇ ਮਨ ਵਿਚ ਅਸ਼ਾਂਤੀ ਘਰ

ਕਰਦੀ ਜਾ ਰਹੀ ਹੈ। ਜ਼ਿੰਦਗੀ ਦੀਆਂ ਸਮੱਸਿਆਵਾਂ ਨੂੰ ਸਮਝਣ ਤੇ ਸੁਲਝਾਉਣ ਦੇ ਅਸਮੱਰਥ ਉਹ ਮਾਨਸਿਕ ਗੁੰਝਲਤਾ ਦਾ ਸ਼ਿਕਾਰ ਹੈ। 'ਹੁਣ ਮੈਂ ਝੂਠ ਨਹੀਂ ਬੋਲਦਾ', 'ਜਿਨ੍ਹਾਂ ਦਾ ਕੋਈ ਘਰ ਨਹੀ ਹੁੰਦਾ', 'ਭੀੜ ਵਿਚ ਗੁਆਚਾ ਚਿਹਰਾ' ਅਤੇ 'ਲੋਕ ਕਹਾਣੀ ਦਾ ਅੰਤ' ਅਜਿਹੀਆਂ ਹੀ ਕਹਾਣੀਆਂ ਹਨ ਜਿਨ੍ਹਾਂ ਵਿਚ ਵਿਸ਼ਵੀਕਰਨ ਦੇ ਪ੍ਰਭਾਵ ਹੇਠ ਮਨੁੱਖੀ ਰਿਸ਼ਤਿਆਂ ਦੇ ਨਿਘਾਰ ਦੀ ਤਸਵੀਰ ਪੇਸ਼ ਕੀਤੀ ਗਈ ਹੈ।

## ਮਨੁੱਖੀ ਰਿਸ਼ਤਿਆਂ ਦੇ ਯਥਾਰਥ ਦੀ ਪੇਸ਼ਕਾਰੀ

ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਦੇ ਯਥਾਰਥ ਦੀ ਪੇਸ਼ਕਾਰੀ ਕੀਤੀ ਗਈ ਹੈ। ਕਦੇ ਸਮਾਂ ਸੀ ਜਦੋਂ ਰਿਸ਼ਤਿਆਂ ਵਿਚ ਬਹੁਤ ਪਿਆਰ ਹੁੰਦਾ ਸੀ। ਲੋਕ ਆਪਣੇ ਰਿਸ਼ਤਿਆਂ ਨੂੰ ਲੈ ਕੇ ਬਹੁਤ ਜਿਆਦਾ ਗੰਭੀਰ ਹੁੰਦੇ ਸਨ ਤੇ ਬੜੇ ਪਿਆਰ ਨਾਲ ਨਿਭਾਉਂਦੇ ਸਨ ਪਰ ਅੱਜ ਉਹੀ ਰਿਸ਼ਤੇ ਬੋਝ ਲੱਗ ਰਹੇ ਹਨ ਤੇ ਇੱਕ-ਇੱਕ ਕਰਕੇ ਟੁੱਟ ਰਹੇ ਹਨ। ਇਨ੍ਹਾਂ ਰਿਸ਼ਤਿਆਂ ਦੇ ਟੁੱਟਣ ਦੇ ਪਿੱਛੇ ਬਹੁਤ ਸਾਰੇ ਕਾਰਨ ਜ਼ਿੰਮੇਵਾਰ ਹਨ। ਇਨ੍ਹਾਂ ਟੁੱਟ ਰਹੇ ਰਿਸ਼ਤਿਆਂ ਦੇ ਯਥਾਰਥ ਦੀ ਪੇਸ਼ਕਾਰੀ ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵਿਚ ਕੀਤੀ ਗਈ ਹੈ।

'ਆਸ ਅਜੇ ਬਾਕੀ ਹੈ' ਤੇ 'ਉਸ ਪਲ' ਕਹਾਣੀ-ਸੰਗ੍ਰਹਿ ਦੀਆਂ ਕਹਾਣੀਆਂ ਵਿਚ ਆਧੁਨਿਕ ਰਿਸ਼ਤਿਆਂ ਦੇ ਅਜਿਹੇ ਹੀ ਯਥਾਰਥ ਦੀ ਪੇਸ਼ਕਾਰੀ ਕੀਤੀ ਗਈ ਹੈ। ਅੱਜ ਦੇ ਸਮੇਂ ਵਿਚ ਰਿਸ਼ਤਿਆਂ ਉੱਪਰ ਆਰਥਿਕਤਾ ਇੰਨੀ ਜਿਆਦਾ ਭਾਰੀ ਹੋ ਗਈ ਹੈ ਕਿ ਕਿਸੇ ਵੀ ਰਿਸ਼ਤੇ ਵਿਚ ਉਹ ਯਕੀਨ ਜਾਂ ਵਿਸ਼ਵਾਸ਼ ਦੀ ਤੰਦ ਨਹੀਂ ਰਹਿ ਗਈ ਜੋ ਕਿ ਪਹਿਲਾਂ ਹੁੰਦੀ ਸੀ। ਪਤੀ-ਪਤਨੀ ਦਾ ਰਿਸ਼ਤਾ ਵੀ ਆਰਥਿਕਤਾ ਦੇ ਪ੍ਰਭਾਵ ਤੋਂ ਬਚ ਨਹੀਂ ਸਕਿਆ। ਆਰਥਿਕਤਾ ਦੇ ਕਾਰਨ ਹੀ ਰਿਸ਼ਤੇ ਟੁੱਟ ਰਹੇ ਹਨ। ਆਰਥਿਕਤਾ ਨੇ ਮਜਬੂਤ ਰਿਸ਼ਤਿਆਂ ਦੀਆਂ ਨੀਂਹਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਆਰਥਿਕਤਾ ਨੇ ਸਭ ਤੋਂ ਵੱਡੀ ਸੱਟ ਪਤੀ-ਪਤਨੀ ਦੇ ਰਿਸ਼ਤੇ ਨੂੰ ਮਾਰੀ ਹੈ। ਪਤੀ-ਪਤਨੀ ਦੇ ਰਿਸ਼ਤੇ ਨੂੰ ਹਮੇਸ਼ਾ ਸਭ ਰਿਸ਼ਤਿਆਂ ਤੋਂ ਗੂੜ੍ਹਾ ਮੰਨਿਆ ਜਾਂਦਾ ਹੈ। ਕਿਉਂਕਿ ਹਰ ਦੁੱਖ-ਸੁੱਖ ਵਿਚ ਪਤੀ-ਪਤਨੀ ਇੱਕ ਦੂਜੇ ਦਾ ਸਾਥ ਨਿਭਾਉਂਦੇ ਹਨ ਤੇ ਇਕ-ਦੂਜੇ ਦਾ ਸਹਾਰਾ ਬਣਦੇ ਹਨ। ਪਰ ਜਦੋਂ ਪਤੀ-ਪਤਨੀ ਦੋਹਾਂ ਵਿੱਚੋਂ ਕੋਈ ਇੱਕ ਦੂਜੇ ਨੂੰ ਧੋਖਾ ਦੇਣ ਲੱਗ ਪਵੇ ਜਾਂ ਅੱਖਾਂ ਵਿਚ ਵਿਚ ਧੂਲ ਝੋਕੇ ਤਾਂ ਉਸ ਸਮੇਂ ਇਹੀ ਰਿਸ਼ਤਾ ਬੋਝ ਲੱਗਣ ਲੱਗਦਾ ਹੈ। ਇਹ ਅੱਜ ਦੇ ਸਮੇਂ ਦਾ ਯਥਾਰਥ ਹੈ।

ਕਹਾਣੀ ਦਾ ਪਾਤਰ ਜੈਲੀ ਇੱਕ ਗਰੀਬ ਕਿਸਾਨ ਦਾ ਪੁੱਤਰ ਹੈ ਪਰ ਆਪਣੀ ਗਰੀਬੀ ਦੇ ਕਾਰਨ ਚਾਹ ਕੇ ਵੀ ਉਹ ਆਪਣੀ ਪਤਨੀ ਗੁਰਜੀਤ ਦੀਆਂ ਸਭ ਇੱਛਾਵਾ ਦੀ ਪੂਰਤੀ ਨਹੀਂ ਕਰ ਪਾਉਂਦਾ। ਪਰ ਉਸ ਦੀ ਪਤਨੀ ਉਸ ਦੀ ਹਾਲਤ ਤੇ ਮਜਬੂਰੀ ਨੂੰ ਸਮਝਣ ਵਿਚ ਅਸਫਲ ਰਹਿੰਦੀ ਹੈ ਤੇ ਉਹ ਸਰਪੰਚ ਦੇ ਮੁੰਡੇ ਕੁਲਦੀਪ ਨਾਲ ਨਜਾਇਜ਼ ਸੰਬੰਧ ਸਥਾਪਿਤ ਕਰਦੀ ਹੈ। ਜਦੋਂ ਇਸ ਗੱਲ ਦਾ ਪਤਾ ਜੈਲੀ ਨੂੰ ਲੱਗਦਾ ਹੈ ਤਾਂ ਉਸ ਦੀਆਂ ਅੱਖਾਂ ਅੱਗੇ ਹਨੇਰਾ ਛਾਂ ਜਾਂਦਾ ਹੈ। ਉਸ ਦੇ ਅੰਦਰ ਦਹਿਸ਼ਤ ਫੈਲਣ ਲੱਗਦੀ ਹੈ।

"ਪਿੰਡ ਵਿਚ ਮੜ੍ਹੀਆਂ ਵਰਗੀ ਚੁੱਪ ਸੀ। ਮੈਂ ਦਰਵਾਜ਼ਾ ਖੜਕਾਉਂਦਾ ਰਿਹਾ। ਪਰ ਸਾਰੇ ਜਿਵੇਂ ਸੁਸਰੀ ਹੋਏ ਪਏ ਸੀ। ਮੈਂ ਕੰਧ ਟੱਪੀ। ਕਮਰੇ ਅੰਦਰ ਵੜ੍ਹਿਆ ਤਾਂ...। ਅੰਦਰ ਕੁਲਦੀਪ ਸੀ।"[8]

ਇਸੇ ਰੋਸ ਵਿੱਚ ਆ ਕੇ ਉਹ ਕੁਲਦੀਪ ਦਾ ਕਤਲ ਕਰ ਦਿੰਦਾ ਹੈ। ਕੁਲਦੀਪ ਦਾ ਕਤਲ ਕਰ ਕੇ ਉਸ ਨੂੰ ਮਾਨਸਿਕ ਸੁੱਖ ਦਾ ਅਹਿਸਾਸ ਹੁੰਦਾ ਹੈ। ਇਸ ਤਰ੍ਹਾਂ ਇਹ ਕਹਾਣੀ ਅੱਜ ਦੇ ਸਮੇਂ ਦੇ ਰਿਸ਼ਤਿਆਂ ਦੇ ਯਥਾਰਥ ਦੀ ਪੇਸ਼ਕਾਰੀ ਕਰਦੀ ਹੈ।

ਰਿਸ਼ਤਿਆਂ ਦੇ ਅਜਿਹੇ ਹੀ ਯਥਾਰਥ ਦੀ ਇੱਕ ਹੋਰ ਮਿਸਾਲ 'ਮੈਂ ਨਾਟਕ ਤੇ ਜ਼ਿੰਦਗੀ' ਕਹਾਣੀ ਵਿਚ ਮਿਲਦੀ ਹੈ। ਅੱਜ-ਕੱਲ ਦੇ ਰਿਸ਼ਤਿਆਂ ਦੇ ਜਿਨਸੀ-ਝੁਕਾਵਾਂ ਦੇ ਯਥਾਰਥ ਦੀ ਪੇਸ਼ਕਾਰੀ ਕਰਦੀ ਹੈ। ਅੱਜ ਦਾ ਮਨੁੱਖ ਪੈਸਾ ਕਮਾਉਣ ਦੇ ਚੱਕਰ ਵਿੱਚ ਆਪਣਿਆਂ ਤੋਂ ਹੀ ਦੂਰ ਹੋ ਰਿਹਾ ਹੈ। ਦੌਲਤ-ਸ਼ੋਹਰਤ ਦੇ ਚੱਕਰਾਂ ਵਿਚ ਪੈ ਕੇ ਉਹ ਆਪਣੇ ਰਿਸ਼ਤਿਆਂ ਦਾ ਤਿਆਗ ਕਰ ਰਿਹਾ ਹੈ। ਬੇਸ਼ੱਕ ਪੈਸਾ ਤੇ ਨਾਮ ਤਾਂ ਉਸ ਕੋਲ ਆ ਰਿਹਾ ਹੈ ਪਰ ਉਹ ਆਪਣੇ ਮਨ ਦੀ ਸ਼ਾਂਤੀ ਗੁਆ ਰਿਹਾ ਹੈ। ਰਿਸ਼ਤਿਆਂ ਤੋਂ ਦੂਰ ਹੋਣ ਦੇ ਕਾਰਨ ਉਸ ਦਾ ਸੁਭਾਅ ਚਿੜਚਿੜਾ ਹੋ ਰਿਹਾ ਹੈ। ਜਿਹੜਾ ਪਿਆਰ ਉਸ ਨੂੰ ਸਿਰਫ ਆਪਣਿਆਂ ਕੋਲੋਂ ਮਿਲਣਾ ਹੈ ਉਸ ਪਿਆਰ ਨੂੰ ਪਾਉਣ ਲਈ ਉਹ ਇੱਧਰ-ਉੱਧਰ ਭਟਕ ਰਿਹਾ ਹੈ। ਪਤੀ ਆਪਣੀ ਪਤਨੀ ਦਾ ਤ੍ਰਿਸਕਾਰ ਕਰਕੇ ਬਜ਼ਾਰੂ ਔਰਤਾਂ ਕੋਲ ਜਾ ਰਿਹਾ ਹੈ ਪਰ ਫੇਰ ਵੀ ਉਸਦੀ ਰੂਹ ਨੂੰ ਉਹ ਸਕੂਨ ਨਹੀਂ ਮਿਲ ਰਿਹਾ ਜਿਹੜਾ ਕਿ ਸਿਰਫ ਉਸਨੂੰ ਆਪਣੀ ਪਤਨੀ ਕੋਲੋਂ ਮਿਲਣਾ ਹੈ। ਪਤੀ-ਪਤਨੀ ਦੋਹਾਂ ਦਾ ਹੀ ਇੱਕ ਦੂਜੇ ਪ੍ਰਤੀ ਝੁਕਾਅ ਘੱਟ ਰਿਹਾ ਹੈ ਤੇ ਬਾਹਰ ਝੁਕਾਅ ਵੱਧ ਰਿਹਾ ਹੈ। ਜਿਵੇਂ ਇਸ ਕਹਾਣੀ ਦੇ ਵਿਚ ਦੇਖਿਆ ਗਿਆ ਹੈ ਕਿ ਕਹਾਣੀ ਦਾ ਪਾਤਰ ਨਰਿੰਦਰ ਨਾਮ ਤੇ ਸ਼ੋਹਰਤ ਕਮਾਉਣ ਲਈ ਆਪਣੀ ਪਤਨੀ ਨਵਜੀਤ ਕੋਲੋਂ ਦੂਰ ਹੁੰਦਾ ਜਾਂਦਾ ਹੈ। ਉਨ੍ਹਾਂ ਦੀ ਇਹ ਦੂਰੀ ਵੱਧਦੀ ਜਾਂਦੀ ਹੈ ਤੇ ਦੂਰੀ ਵੱਧਣ ਦੇ ਨਾਲ-ਨਾਲ ਉਨ੍ਹਾਂ ਦੇ ਮਨ ਦੀ ਸ਼ਾਂਤੀ ਤੇ ਸਕੂਨ ਵੀ ਗਾਇਬ ਹੋ ਜਾਂਦਾ ਹੈ। ਮਨ ਦਾ ਸਕੂਨ ਪਾਉਣ ਲਈ ਅਕਸਰ ਨਰਿੰਦਰ ਬਾਹਰ ਕਿਸੇ ਹੋਰ ਔਰਤ ਕੋਲ ਰਾਤਾਂ ਬਤੀਤ ਕਰਦਾ ਹੈ ਜਿਸ ਕਾਰਨ ਨਵਜੀਤ ਪਰੇਸ਼ਾਨ ਰਹਿਣ ਲੱਗਦੀ ਹੈ ਤੇ ਪਤੀ ਦੀ ਦੂਰੀ ਬਰਦਾਸ਼ਤ ਨਾ ਕਰਦੀ ਹੋਈ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਜਾਂਦੀ ਹੈ। ਆਪਣੇ ਇਲਾਜ ਦੇ ਲਈ ਉਹ ਡਾ. ਗੈਰੀ ਕੋਲ ਜਾਂਦੀ ਹੈ ਤੇ ਉਸ ਵੱਲ ਉਸ ਦਾ ਝੁਕਾਅ ਹੋ ਜਾਂਦਾ ਹੈ। ਇਸ ਤਰ੍ਹਾਂ ਪਤੀ-ਪਤਨੀ ਦੋਵੇਂ ਇੱਕ ਛੱਤ ਥੱਲੇ ਰਹਿੰਦੇ ਹੋਏ ਵੀ ਇੱਕ ਦੂਜੇ ਲਈ ਅਨਜਾਣ ਹਨ। ਉਹ ਦੋਹਰੇ ਰਿਸ਼ਤੇ ਨਿਭਾਅ ਰਹੇ ਹਨ। ਇਹ ਅੱਜ ਦੇ ਸਮੇਂ ਦੇ ਰਿਸ਼ਤਿਆਂ ਦਾ ਯਥਾਰਥ ਹੈ।

ਅਜਿਹੀ ਹੀ ਪੇਸ਼ਕਾਰੀ 'ਆਸ ਅਜੇ ਬਾਕੀ ਹੈ' ਕਹਾਣੀ ਵਿਚ ਵੀ ਮਿਲਦੀ ਹੈ। ਜਿਵੇਂ-ਜਿਵੇਂ ਔਰਤ ਪੜ੍ਹ-ਲਿਖ ਰਹੀ ਹੈ ਤੇ ਨੌਕਰੀਸ਼ੁਦਾ ਹੋ ਰਹੀ ਹੈ ਉਵੇਂ-ਉਵੇਂ ਹੀ ਉਹ ਮਰਦ ਪ੍ਰਧਾਨ ਸਮਾਜ ਉੱਪਰ ਭਾਰੂ ਹੋ ਰਹੀ ਹੈ। ਪਤੀ ਨਾਲੋਂ ਵੱਧ ਕਮਾਉਣ ਦਾ ਉਸ ਨੂੰ ਗਰੂਰ ਹੈ ਤੇ ਇਸ ਲਈ ਪੂਰੇ ਘਰ ਵਿਚ ਉਹ ਆਪਣੀ ਪ੍ਰਧਾਨਤਾ ਕਾਇਮ ਕਰਨਾ ਚਾਹੁੰਦੀ ਹੈ। ਇਸੇ ਚੱਕਰ ਵਿਚ ਕਈ ਵਾਰ ਉਸ ਦੀ ਆਪਣੇ ਪਤੀ ਤੇ ਪਰਿਵਾਰ ਦੇ ਬਾਕੀ ਮੈਂਬਰਾਂ ਨਾਲ ਝੜਪ ਵੀ ਹੁੰਦੀ ਹੈ ਜੋ ਕਿ ਕਈ ਵਾਰ ਪਤੀ-ਪਤਨੀ ਦੇ ਰਿਸਤੇ ਵਿਚ ਕੜਵਾਹਟ ਭਰ ਦਿੰਦੀ ਹੈ। ਇਸ ਕਹਾਣੀ ਦਾ

ਪਾਤਰ ਗੁਰਵਿੰਦਰ ਸਿੰਘ ਪੜ੍ਹਿਆ-ਲਿਖਿਆ ਬੇਰੁਜ਼ਗਾਰ ਹੋਣ ਦੇ ਕਾਰਨ ਪ੍ਰਾਈਵੇਟ ਸਕੂਲ ਵਿਚ ਪੜ੍ਹਾਉਂਦਾ ਹੈ। ਉਸ ਦੀ ਪਤਨੀ ਹਰਪ੍ਰੀਤ ਸਰਕਾਰੀ ਨੌਕਰੀ ਕਰਦੀ ਹੈ ਤੇ ਉਸ ਤੋਂ ਚਾਰ ਗੁਣਾ ਜਿਆਦਾ ਤਨਖ਼ਾਹ ਚੁੱਕਦੀ ਹੈ। ਪਰ ਉਹ ਪੂਰੇ ਪਰਿਵਾਰ ਨੂੰ ਆਪਣੇ ਕੰਟਰੋਲ ਹੇਠ ਰੱਖਣਾ ਚਾਹੁੰਦੀ ਹੈ। ਉਹ ਅਕਸਰ ਆਪਣੇ ਪਤੀ ਨਾਲ ਛੋਟੀਆਂ-ਛੋਟੀਆਂ ਗੱਲਾਂ ਨੂੰ ਲੈ ਕੇ ਝਗੜਾ ਕਰਦੀ ਹੈ ਤੇ ਤਾਹਨੇ-ਮਿਹਣੇ ਵੀ ਦਿੰਦੀ ਹੈ।

> "ਬੈਠਣ ਉੱਠਣ ਦੀ ਜਾਂਚ ਸਿਖਾ 'ਤੀ ਤੁਹਾਨੂੰ। ਵੱਡੇ ਸਰਦਾਰ ਬਣੇ ਫਿਰਦੇ ਸੀ। ਗੰਢੇ ਰਗੜ ਕੇ ਰੋਟੀ ਖਾ ਲੈਂਦਾ ਸੀ ਸਾਰਾ ਟੱਬਰ। ਚੜ੍ਹੇ ਮਹੀਨੇ ਨੋਟ ਡਿਗਦੇ ਨੇ ਨਾ ਜਿਹੜੇ ਮੇਰੇ ਅਕਾਊਂਟ 'ਚੋਂ...।"[9]

ਜਿਸ ਕਾਰਨ ਅਕਸਰ ਕਹਾਣੀ ਦਾ ਪਾਤਰ ਪਰੇਸ਼ਾਨ ਰਹਿੰਦਾ ਹੈ। ਉਸ ਨੂੰ ਸਮਝ ਨਹੀਂ ਆਉਂਦੀ ਕਿ ਉਹ ਕੀ ਕਰੇ। ਉਸ ਦੇ ਮਨ ਦਾ ਸਕੂਨ ਗਾਇਬ ਹੋ ਚੁੱਕਾ ਹੈ। ਉਸ ਨੂੰ ਆਪਣੇ ਇੱਕ ਵੱਡਾ ਅਫ਼ਸਰ ਨਾ ਬਣਨ ਦਾ ਦੁੱਖ ਹੈ। ਉਹ ਸੋਚਦਾ ਹੈ ਕਿ ਜੇ ਉਹ ਵੀ ਸਰਕਾਰੀ ਨੌਕਰ ਹੁੰਦਾ ਤਾਂ ਸ਼ਾਇਦ ਕਹਾਣੀ ਕੁਝ ਹੋਰ ਹੁੰਦੀ।

> "ਘਰ ਵਿਚ ਅਜੀਬ ਜਿਹਾ ਤਣਾਅ ਪਸਰਿਆ ਰਹਿੰਦਾ ਹੈ ਹਰ ਵੇਲੇ। ਇਹ ਤਣਾਅ ਵੀ ਕੈਸੀ ਅਜੀਬ ਬਿਮਾਰੀ ਹੈ। ਘੁਣ ਵਾਂਗ ਖਾਈ ਜਾਂਦਾ ਬੰਦੇ ਨੂੰ। ਮਨ ਹਰ ਪਲ ਬੇਚੈਨ ਰਹਿੰਦਾ।"[10]

ਇਹੋ ਹੋਣੀ ਅੱਜ-ਕੱਲ੍ਹ ਦੇ ਰਿਸ਼ਤਿਆਂ ਦੀ ਹੈ। ਅਕਸਰ ਨੌਕਰੀ-ਸ਼ੁਦਾ ਔਰਤਾਂ ਆਪਣੇ ਪਰਿਵਾਰ ਨੂੰ ਆਪਣੇ ਕੰਟਰੋਲ ਹੇਠ ਰੱਖਣਾ ਚਾਹੁੰਦੀਆਂ ਹਨ ਤੇ ਆਪਣੇ ਪਤੀ ਨੂੰ ਨੀਚਾ ਦਿਖਾਉਣਾ ਚਾਹੁੰਦੀਆਂ ਹਨ ਜਿਸ ਕਾਰਨ ਪਤੀ-ਪਤਨੀ ਦੇ ਰਿਸ਼ਤੇ ਟੁੱਟ ਰਹੇ ਹਨ। ਰਿਸ਼ਤਿਆਂ ਵਿਚ ਅਸ਼ਾਂਤੀ ਵੱਧ ਰਹੀ ਹੈ। ਜਿਸ ਕਾਰਨ ਮਨੁੱਖ ਮਾਨਸਿਕ ਸਮੱਸਿਆਵਾਂ ਦਾ ਸ਼ਿਕਾਰ ਹੋ ਰਿਹਾ ਹੈ।

'ਪੱਟੀ ਤੋਂ ਪਟਿਆਲਾ ਵਾਇਆ ਬੁੱਘੀਪੁਰਾ' ਕਹਾਣੀ ਵੀ ਪਤੀ-ਪਤਨੀ ਦੇ ਰਿਸ਼ਤੇ ਦੇ ਯਥਾਰਥ ਦੀ ਪੇਸ਼ਕਾਰੀ ਕਰ ਰਹੀ ਹੈ। ਕਹਾਣੀ ਦਾ ਨਾਇਕ ਦਲੇਰ ਸਿੰਘ ਜਦ ਵਿਆਹ ਦੇ ਦੋ ਸਾਲ ਬਾਅਦ ਵੀ ਆਪਣੀ ਪਤਨੀ ਨੂੰ ਮਾਂ ਬਣਨ ਦਾ ਸੁੱਖ ਨਹੀਂ ਦੇ ਸਕਿਆ ਤਾਂ ਉਸ ਦੀ ਪਤਨੀ ਮਨਜੋਤ ਮਾਂ ਬਣਨ ਲਈ ਦੇਸੀ ਹਕੀਮਾਂ ਕੋਲੋ ਦਵਾਈ ਖਾਂਦੀ ਹੈ ਤੇ ਹੋਰ ਵੀ ਉਹੜ-ਪੋਹੜ ਕਰਦੀ ਹੈ ਜਿਸ ਦੇ ਨਤੀਜੇ ਵਜੋਂ ਉਹ ਗਰਭਵਤੀ ਹੋ ਜਾਂਦੀ ਹੈ। ਪਰ ਉਦੋਂ ਹੀ ਕਹਾਣੀ ਦੇ ਨਾਇਕ ਦਲੇਰ ਸਿੰਘ ਡਾਕਟਰ ਕੋਲੋਂ ਆਪਣਾ ਟੈਸਟ ਕਰਾਉਂਦਾ ਹੈ ਤੇ ਉਸ ਨੂੰ ਪਤਾ ਲੱਗਦਾ ਹੈ ਕਿ ਉਹ ਪਿਉ ਬਣਨ ਦੇ ਅਸਮੱਰਥ ਹੈ ਜਿਸ ਕਾਰਨ ਉਹ ਮਾਨਸਿਕ ਗੁੰਝਲ ਵਿਚ ਫਸ ਜਾਂਦਾ ਹੈ।

> "ਪਰ ਮੈਨੂੰ ਜਿਵੇਂ ਸੁਣਾਈ ਦੇਣੋ ਹਟ ਗਿਆ ਸੀ। ਮੈਂ ਕਈ ਦਿਨ ਮਾਨਸਿਕ ਗੁੰਝਲ ਵਿੱਚ ਫਸਿਆ ਰਿਹਾ। ਕੋਈ ਰਾਹ ਨਹੀਂ ਸੀ ਲੱਭਦਾ। ਸੱਚ ਬੋਲਣ ਦੀ ਜਿਵੇਂ ਹਿੰਮਤ ਨਹੀਂ ਸੀ ਪੈਂਦੀ।...ਤੇ ਸੱਚ ਬੋਲਦਾ ਵੀ ਕੀ?"[11]

ਉਹ ਆਪਣੀ ਪਤਨੀ ਕੋਲੋਂ ਤਲਾਕ ਮੰਗਦਾ ਹੈ। ਪਤਨੀ ਕਾਰਨ ਪੁੱਛਦੀ ਹੈ ਪਰ ਉਹ ਆਪਣੀ ਪਤਨੀ ਨੂੰ ਇਹ ਸਭ ਸਮਝਾਉਣ ਦੇ ਅਸਮੱਰਥ ਹੈ। ਇਹੀ ਅੱਜ ਦੇ ਸਮੇਂ ਦਾ ਯਥਾਰਥ ਹੈ। ਅੱਜ ਵੀ ਸਮਾਜ ਵਿਚ ਅਜਿਹੀਆਂ ਘਟਨਾਵਾਂ ਆਮ ਦੇਖਣ ਨੂੰ ਮਿਲਦੀਆਂ ਹਨ। ਮਰਦ ਪ੍ਰਧਾਨ ਸਮਾਜ ਵਿਚ ਅੱਜ ਵੀ ਜੇਕਰ ਔਰਤ ਮਾਂ

ਨਾ ਬਣ ਸਕੇ ਤਾਂ ਇਸ ਲਈ ਉਸ ਨੂੰ ਹੀ ਜ਼ਿੰਮੇਵਾਰ ਮੰਨਿਆ ਜਾਂਦਾ ਹੈ ਜਦੋਂ ਕਿ ਕਈ ਵਾਰ ਔਰਤ ਦੀ ਕੋਈ ਗਲਤੀ ਨਹੀਂ ਹੁੰਦੀ ਸਗੋਂ ਸਾਰਾ ਦੋਸ਼ ਉਸ ਦੇ ਪਤੀ ਵਿਚ ਹੁੰਦਾ ਹੈ ਪਰ ਮਰਦ ਫੇਰ ਵੀ ਆਪਣੇ ਉੱਪਰ ਉਂਗਲੀ ਨਹੀਂ ਚੁੱਕਣ ਦੇਣਾ ਚਾਹੁੰਦਾ ਇਸ ਲਈ ਬਹੁਤ ਵਾਰ ਉਹ ਸਭ ਜਾਣਦੇ ਹੋਏ ਵੀ ਚੁੱਪ ਹੀ ਰਹਿੰਦਾ ਹੈ। ਜਦੋਂ ਕਿ ਇੱਕ ਔਰਤ ਨਿਰਦੋਸ਼ ਹੁੰਦੇ ਹੋਏ ਵੀ ਸਮਾਜ ਤੇ ਬਰਾਦਰੀ ਦੇ ਤਾਹਨੇ-ਮਿਹਣਿਆਂ ਦਾ ਸ਼ਿਕਾਰ ਹੁੰਦੀ ਹੈ। ਇਨ੍ਹਾਂ ਤਾਹਨੇ-ਮਿਹਣਿਆਂ ਤੋਂ ਬਚਣ ਦੇ ਚੱਕਰ ਵਿਚ ਹੀ ਉਹ ਬਾਬਿਆਂ ਤੇ ਹਕੀਮਾਂ ਦੇ ਚੱਕਰ ਕੱਟਦੀ ਹੈ ਤੇ ਕਈ ਤਰ੍ਹਾਂ ਦੀਆਂ ਬੁਰਾਈਆਂ ਦਾ ਸ਼ਿਕਾਰ ਬਣਦੀ ਹੈ। ਇਨ੍ਹਾਂ ਬਾਬਿਆਂ ਦੇ ਮਗਰ ਲੱਗ ਕੇ ਕਈ ਵਾਰ ਉਹ ਆਪਣਾ ਘਰ ਬਰਬਾਦ ਕਰ ਲੈਂਦੀ ਹੈ ਕਿਉਂਕਿ ਅਕਸਰ ਅਜਿਹੇ ਢੌਂਗੀ ਲੋਕ ਔਰਤਾਂ ਦੀ ਮਾਸੂਮੀਅਤ ਦਾ ਗਲਤ ਫਾਇਦਾ ਚੁੱਕਦੇ ਹਨ।

ਆਰਥਿਕਤਾ ਨੇ ਆਧੁਨਿਕ ਰਿਸ਼ਤਿਆਂ ਨੂੰ ਗਹਿਰੀ ਸੱਟ ਮਾਰੀ ਹੈ। ਅੱਜ ਸਾਰੇ ਰਿਸ਼ਤੇ ਸਿਰਫ ਨਾਮ ਦੇ ਹੀ ਰਹਿ ਗਏ ਹਨ। ਰਿਸ਼ਤਿਆਂ ਵਿਚ ਸਵਾਰਥ ਆ ਗਿਆ ਹੈ। ਖ਼ੂਨ ਦੇ ਰਿਸ਼ਤੇ ਵੀ ਅੱਜ ਆਪਣੀ ਪਹਿਚਾਣ ਗੁਆ ਰਹੇ ਹਨ। ਪਿਤਾ-ਪੁੱਤਰ ਦੇ ਅਜਿਹੇ ਹੀ ਰਿਸ਼ਤੇ ਦਾ ਸੱਚ 'ਕੇਂਦਰ ਬਿੰਦੂ' ਵਿਚ ਦੇਖਣ ਨੂੰ ਮਿਲਦਾ ਹੈ। ਪੈਸੇ ਦੇ ਲਾਲਚ ਵਿਚ ਪੁੱਤਰ ਆਪਣੀ ਅੱਧੀ ਤੋਂ ਵੱਧ ਜ਼ਮੀਨ ਆਪਣੇ ਪਿਤਾ ਦੀ ਮਰਜੀ ਦੇ ਖਿਲਾਫ਼ ਜਾ ਕੇ ਸ਼ਾਪਿੰਗ ਮਾਲ ਬਣਾਉਣ ਵਾਲਿਆਂ ਨੂੰ ਵੇਚ ਦਿੰਦਾ ਹੈ। ਜਿਸ ਕਾਰਨ ਪਿਤਾ-ਪੁੱਤਰ ਦੇ ਰਿਸ਼ਤੇ ਵਿਚ ਤਣਾਅ ਆਉਂਦਾ ਹੈ। ਇੱਥੇ ਹੀ ਬਸ ਨਹੀਂ ਜਦੋਂ ਪੁੱਤਰ ਬਾਕੀ ਬਚਦੀ ਜ਼ਮੀਨ ਹੜੱਪਣ ਦੇ ਲਾਲਚ ਵਿਚ ਆਪਣੇ ਪਿਤਾ ਨੂੰ ਜ਼ਹਿਰ ਦੇ ਕੇ ਮਾਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਸਮੇਂ ਰਿਸ਼ਤੇ ਦਾ ਯਥਾਰਥ ਪਤਾ ਲੱਗਦਾ ਹੈ ਕਿ ਕਿਸ ਤਰ੍ਹਾਂ ਪੈਸਾ ਹੀ ਅੱਜ ਸਭ ਕੁਝ ਹੋ ਗਿਆ ਹੈ। ਜਦ ਆਪਣੀ ਔਲਾਦ ਹੀ ਆਪਣੇ ਮਾਂ-ਬਾਪ ਦੇ ਖ਼ੂਨ ਦੀ ਪਿਆਸੀ ਹੋ ਜਾਵੇ ਤਾਂ ਉਸ ਸਮੇਂ ਦੁਸ਼ਮਣਾਂ ਦੀ ਕੋਈ ਜ਼ਰੂਰਤ ਨਹੀਂ ਰਹਿ ਜਾਂਦੀ। ਇਹ ਯਥਾਰਥ ਸਭ ਤੋਂ ਵੱਧ ਝੰਜੋੜਦਾ ਹੈ ਕਿ ਕਿਉਂ ਅੱਜ ਦੀ ਨੌਜਵਾਨ ਪੀੜ੍ਹੀ ਇਹ ਭੁੱਲਦੀ ਜਾ ਰਹੀ ਹੈ ਕਿ ਮਾਂ-ਬਾਪ ਤੋਂ ਵੱਧ ਕੇ ਹੋਰ ਕੁਝ ਨਹੀਂ ਹੈ।

ਆਧੁਨਿਕ ਮਨੁੱਖ ਨੂੰ ਉੱਨੇ ਸਰੀਰਕ ਰੋਗ ਨਹੀਂ ਲੱਗੇ ਹੋਏ ਜਿੰਨੇ ਕਿ ਮਾਨਸਿਕ ਰੋਗ ਚਿੰਬੜੇ ਹੋਏ ਹਨ। ਮਨੁੱਖ ਸਰੀਰਕ ਰੋਗ ਤਾਂ ਬਰਦਾਸ਼ਤ ਕਰ ਲੈਂਦਾ ਹੈ ਪਰ ਮਾਨਸਿਕ ਰੋਗ ਬੰਦੇ ਦੀ ਸਹਿਣ ਸ਼ਕਤੀ ਤੋਂ ਬਾਹਰ ਹੋ ਜਾਂਦੇ ਹਨ ਜਿਸ ਕਾਰਨ ਕਈ ਵਾਰ ਤਾਂ ਮਨੁੱਖ ਪਾਗਲ ਹੋਣ ਦੀ ਸਥਿਤੀ ਵਿੱਚ ਵੀ ਪਹੁੰਚ ਜਾਂਦਾ ਹੈ। ਇਸ ਲਈ ਕਈ ਵਾਰ ਉਹ ਅਜਿਹੇ ਫ਼ੈਸਲੇ ਲੈ ਬੈਠਦਾ ਹੈ ਜਿਹੜੇ ਕਿ ਸਮਾਜ ਦੇ ਨਿਯਮਾਂ ਦੇ ਖਿਲਾਫ਼ ਹੁੰਦੇ ਹਨ। ਅਜਿਹਾ ਹੀ ਯਥਾਰਥ ਅਸੀ 'ਰੂਪ ਤੂੰ ਨਾ ਜਾਹ' ਕਹਾਣੀ ਵਿਚ ਦੇਖਦੇ ਹਾਂ। ਇਹ ਕਹਾਣੀ ਬਦਲਦੇ ਦੌਰ ਵਿਚ ਤਿੜਕਦੇ ਰਿਸ਼ਤਿਆਂ ਤੇ ਖਿੰਡਰੀ ਹੋਈ ਸ਼ਖਸੀਅਤਾਂ ਦੀ ਕਹਾਣੀ ਵਜੋਂ ਉੱਭਰਦੀ ਹੋਈ ਸਾਹਮਣੇ ਆਉਂਦੀ ਹੈ। ਕਹਾਣੀ ਵਿਚਲੇ ਪਾਤਰ ਕੁਝ ਪਲਾਂ-ਛਿਣਾਂ ਦੇ ਸਕੂਨ ਦੀ ਭਾਲ ਵਿਚ ਸਮਲਿੰਗਕ ਰਿਸ਼ਤੇ ਬਣਾਉਣ ਲਈ ਅਗ੍ਰਸਰ ਹਨ ਪਰ ਜਿਵੇਂ ਹੀ ਕਿਸੇ ਇੱਕ ਪਾਤਰ ਨੂੰ ਜ਼ਿੰਦਗੀ ਵਿਚ ਸਥਿਰਤਾ ਲਿਆਉਣ ਲਈ ਕਿਸੇ ਮਰਦ ਦਾ ਸਾਥ ਮਿਲਦਾ ਹੈ। ਉਹ ਆਪਣੇ ਪਹਿਲੇ ਸਾਥੀ ਨੂੰ ਤਿਆਗ ਦਿੰਦਾ ਹੈ। ਜਿਸ ਨਾਲ ਪਹਿਲੇ ਪਾਤਰ ਦੀ ਸਥਿਤੀ ਹੋਰ ਤਰਸਯੋਗ ਹੋ ਨਿਬੜਦੀ ਹੈ। ਜਿਵੇਂ ਕਹਾਣੀ ਵਿਚ ਆਪਣੇ ਐਨ. ਆਰ. ਆਈ. ਪਤੀ ਦੇ ਵਿਯੋਗ ਵਿਚ ਤੜਪ ਰਹੀ ਪ੍ਰਭ ਮਾਨਸਿਕ ਸੰਤਾਪ ਹੰਢਾ

ਰਹੀ ਹੁੰਦੀ ਹੈ ਪਰ ਰੂਪ ਨਾਂ ਦੀ ਕੁੜੀ ਦੇ ਨਾਲ ਸਮਲਿੰਗਕ ਰਿਸ਼ਤਾ ਕਾਇਮ ਹੋਣ ਤੋਂ ਬਾਅਦ ਉਸ ਨੂੰ ਸਰੀਰਕ ਤੇ ਮਾਨਸਿਕ ਤ੍ਰਿਪਤੀ ਦਾ ਅਹਿਸਾਸ ਹੁੰਦਾ ਹੈ। ਪਰ ਜਦੋਂ ਰੂਪ ਦਾ ਵਿਆਹ ਤੈਅ ਹੁੰਦਾ ਹੈ ਤਾਂ ਪ੍ਰਭ ਉਸ ਨੂੰ ਆਪਣੇ ਨਾਲ ਵਿਆਹ ਕਰਾਉਣ ਲਈ ਕਹਿੰਦੀ ਹੈ ਜਿਸ ਦਾ ਕਿ ਰੂਪ ਵਿਰੋਧ ਕਰਦੀ ਹੈ।

"ਮੈਂ ਕਰਾਊਂ ਤੇਰੇ ਨਾਲ ਵਿਆਹ। ਆਪਾਂ ਆਪਣੀ ਦੁਨੀਆਂ ਵਸਾਵਾਂਗੇ"[12]

ਪਰ ਜਦੋਂ ਰੂਪ ਸਮਲਿੰਗਕ ਰਿਸ਼ਤੇ ਲਈ ਮਨ੍ਹਾਂ ਕਰਦੀ ਹੈ ਤਾਂ ਪ੍ਰਭ ਫੇਰ ਤੋਂ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਜਾਂਦੀ ਹੈ।

"ਰੂਪ ਪੱਲ੍ਹਾ ਛੁਡਾ ਕੇ ਚਲੀ ਗਈ। ਅੰਦਰ ਬਹੁਤ ਕੁਝ ਟੁੱਟ ਰਿਹਾ ਹੈ। ਸਭ ਕੁਝ ਬੇਜਾਨ ਲੱਗ ਰਿਹਾ ਹੈ। ਰੂਪ ਦੀਆਂ ਗੱਲਾਂ ਦਿਮਾਗ ਵਿੱਚ ਘੁੰਮ ਰਹੀਆ ਨੇ...।"[13]

ਇਹੀ ਆਧੁਨਿਕ ਰਿਸ਼ਤਿਆਂ ਦਾ ਯਥਾਰਥ ਹੈ। ਵਿਕਾਸ ਦੀ ਦੌੜ ਵਿਚ ਅੰਨ੍ਹਾ ਆਧੁਨਿਕ ਮਨੁੱਖ ਮਾਨਸਿਕ ਸੰਤਾਪ ਭੋਗ ਰਿਹਾ ਹੈ। ਮਨੁੱਖ ਦੀ ਹਮੇਸ਼ਾ ਤੋਂ ਹੀ ਇਹ ਕਮਜੋਰੀ ਰਹੀ ਹੈ ਕਿ ਉਹ ਆਪਣੀ ਜ਼ਿੰਦਗੀ ਵਿੱਚ ਕਦੇ ਵੀ ਸੰਤੁਸ਼ਟ ਨਹੀਂ ਹੁੰਦਾ। ਉਸ ਕੋਲ ਜਿੰਨਾ ਹੈ ਉਹ ਉਸ ਤੋਂ ਸੰਤੁਸ਼ਟ ਨਹੀਂ ਹੁੰਦਾ। ਉਸ ਨੂੰ ਖੁਦ ਨੂੰ ਹੀ ਨਹੀਂ ਪਤਾ ਕਿ ਉਸ ਨੂੰ ਕਿਸ ਚੀਜ਼ ਦੀ ਤਲਾਸ਼ ਹੈ। ਉਸ ਦੀ ਇਹੀ ਅਸੰਤੁਸ਼ਟਤਾ ਉਸ ਦੇ ਰਿਸ਼ਤਿਆਂ ਉੱਪਰ ਆਪਣਾ ਮਾਰੂ ਪ੍ਰਭਾਵ ਪਾ ਰਹੀ ਹੈ। ਅਜਿਹੀ ਹੀ ਉਦਾਹਰਨ 'ਉਸ ਪਲ' ਕਹਾਣੀ ਵਿਚ ਦੇਖਣ ਨੂੰ ਮਿਲਦੀ ਹੈ। ਕਹਾਣੀ ਦੀ ਨਾਇਕਾ ਕੋਲ ਜ਼ਿੰਦਗੀ ਦੇ ਸੁੱਖ-ਆਰਾਮ ਦੀ ਹਰ ਸ਼ੈਅ ਮੋਜੂਦ ਹੈ। ਉਹ ਪੜ੍ਹੀ-ਲਿਖੀ ਹੈ ਤੇ ਕਾਲਜ ਵਿਚ ਪ੍ਰੋਫੈਸਰ ਹੈ। ਉਹ ਵਿਆਹੁਤਾ ਹੈ ਤੇ ਇੱਕ ਬੇਟੇ ਦੀ ਮਾਂ ਵੀ ਹੈ। ਇਸ ਤਰ੍ਹਾਂ ਉਸ ਦੀ ਜ਼ਿੰਦਗੀ ਵਿਚ ਕਿਸੇ ਚੀਜ਼ ਦੀ ਕੋਈ ਕਮੀ ਨਹੀਂ ਹੈ। ਪਰ ਜੇ ਕਮੀ ਹੈ ਤਾਂ ਉਹ ਉਸ ਦੀ ਮਾਨਸਿਕ ਸ਼ਾਂਤੀ ਦੀ ਹੈ। ਉਹ ਫੇਰ ਵੀ ਆਪਣੀ ਜ਼ਿੰਦਗੀ ਤੋਂ ਸੰਤੁਸ਼ਟ ਨਹੀਂ ਹੈ। ਉਸ ਦਾ ਇੱਕ ਪ੍ਰੇਮੀ ਵੀ ਹੈ। ਉਸ ਨੂੰ ਨਹੀਂ ਪਤਾ ਕਿ ਉਹ ਕਿਉਂ ਪਰੇਸ਼ਾਨ ਹੈ ਤੇ ਉਸ ਨੂੰ ਕੀ ਚਾਹੀਦਾ ਹੈ। ਉਹ ਕਦੀ ਆਪਣੇ ਪਤੀ ਵੱਲ ਖਿੱਚੀ ਚਲੀ ਜਾਂਦੀ ਹੈ ਤੇ ਕਦੀ ਆਪਣੇ ਪ੍ਰੇਮੀ ਵੱਲ। ਉਸ ਦਾ ਝੁਕਾਅ ਕਦੀ ਪਤੀ ਵੱਲ ਤੇ ਕਦੀ ਪ੍ਰੇਮੀ ਵੱਧਦਾ ਹੈ। ਉਹ ਦੋਹਰੇਪਨ ਦੀ ਸ਼ਿਕਾਰ ਹੈ। ਉਸ ਨੂੰ ਸਮਝ ਨਹੀਂ ਆ ਰਿਹਾ ਕਿ ਉਹ ਕਿੱਧਰ ਜਾਵੇ।

"ਪਰ ਕੌਣ ਜਾਣਦਾ ਹੈ ਮੇਰਾ ਦੁੱਖ, ਉੱਚੀ-ਉੱਚੀ ਰੋਣ ਲੱਗਦੀ ਹਾਂ ਮੈਂ। ਬਿਨਾਂ ਵਜਾਹ ਹੱਸਣ ਲੱਗਦੀ ਹਾਂ।"[14]

ਅੱਜ ਵੀ ਮਨੁੱਖ ਕੋਲ ਐਸ਼ੋ-ਆਰਾਮ ਦੀ ਹਰ ਇੱਕ ਚੀਜ਼ ਮੋਜੂਦ ਹੈ ਪਰ ਫੇਰ ਵੀ ਉਸ ਦਾ ਮਨ ਭਟਕਣ ਦਾ ਸ਼ਿਕਾਰ ਹੈ। ਜਦੋਂ ਇਹੀ ਭਟਕਣ ਮਨੁੱਖ ਤੇ ਭਾਰੂ ਹੁੰਦੀ ਜਾਂਦੀ ਹੈ ਤਾ ਮਾਨਵੀ ਰਿਸ਼ਤਿਆਂ ਨੂੰ ਢਾਹ ਲੱਗਣੀ ਸ਼ੁਰੂ ਹੋ ਜਾਂਦੀ ਹੈ ਜੋ ਕਿ ਸਮਾਜ ਦੇ ਲਈ ਇੱਕ ਖਤਰਾ ਸਾਬਿਤ ਹੁੰਦੀ ਹੈ।

ਆਧੁਨਿਕ ਕਿਸਾਨ ਤੇ ਉਸ ਦੀ ਮਾਲੀ ਹਾਲਤ ਕਿਸੇ ਕੋਲੋ ਛੁਪੀ ਨਹੀਂ ਹੈ। ਸ਼ਾਹੂਕਾਰ ਤੇ ਆੜ੍ਹਤੀਏ ਕਿਸਾਨਾਂ ਦਾ ਸੋਸ਼ਣ ਕਰ ਰਹੇ ਹਨ। ਬਹੁਤੇ ਕਿਸਾਨ ਆਪਣੀ ਅਜਿਹੀ ਹਾਲਤ ਲਈ ਖੁਦ ਹੀ ਜ਼ਿੰਮੇਵਾਰ ਹਨ। ਕਿਉਂਕਿ ਆਪਣੇ ਸ਼ਰੀਕੇ ਵਿਚ ਆਪਣੀ ਨੱਕ ਉੱਚੀ ਰੱਖਣ ਲਈ ਆਪਣੀ ਔਲਾਦ ਦੇ ਵਿਆਹ ਤੇ ਲੋੜੋਂ ਵੱਧ ਖਰਚਾ

ਕਰਦੇ ਹਨ। ਆਪਣੀ ਧੀ ਦੇ ਵਿਆਹ ਤੇ ਆਪਣੀ ਪਹੁੰਚ ਤੋਂ ਬਾਹਰ ਜਾ ਕੇ ਦਾਜ ਦਿੰਦੇ ਹਨ। ਜਦੋਂ ਹੌਲੀ-ਹੌਲੀ ਸਾਰੀ ਜ਼ਮੀਨ ਵਿਕ ਜਾਂਦੀ ਹੈ ਤਾਂ ਫਿਰ ਉਸ ਕੋਲ ਖੁਦਕੁਸ਼ੀ ਕਰਨ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਜਾਂਦਾ। ਕਿਸਾਨੀ ਜੀਵਨ ਦੇ ਅਜਿਹੇ ਹੀ ਯਥਾਰਥ ਦੀ ਪੇਸ਼ਕਾਰੀ 'ਜਿਨ੍ਹਾਂ ਦਾ ਕੋਈ ਘਰ ਨਹੀਂ ਹੁੰਦਾ' ਕਹਾਣੀ ਵਿਚ ਦੇਖਣ ਨੂੰ ਮਿਲਦੀ ਹੈ।

ਵਿਕਸਿਤ ਸੰਚਾਰ ਸਾਧਨਾਂ ਦੀ ਹੋਂਦ ਵਿਚ ਪੂਰਾ ਸੰਸਾਰ 'ਗਲੋਬਲੀ ਪਿੰਡ' ਬਣ ਗਿਆ ਹੈ ਅਤੇ ਇਨ੍ਹਾਂ ਵਿਭਿੰਨ ਵਿਕਸਿਤ ਸਾਧਨਾਂ ਨੇ ਸਮਾਜਿਕ, ਆਰਥਿਕ, ਰਾਜਨੀਤਿਕ, ਸੱਭਿਆਚਾਰਕ ਲੈ ਆਉਂਦੀ ਹੈ। ਉੱਥੇ ਦਿਲਾਂ ਵਿੱਚੋਂ ਮੋਹ, ਨਿੱਘ, ਪਿਆਰ, ਸਾਂਝ ਆਦਿ ਸ਼ਬਦਾਂ ਦੇ ਅਰਥ ਵੀ ਤਬਦੀਲ ਹੋ ਗਏ ਹਨ। ਇੱਕ ਛੱਤ ਹੇਠ ਹੋ ਕੇ ਵੀ ਪਰਿਵਾਰਕ ਮੈਂਬਰ ਇੱਕ ਦੂਜੇ ਤੋਂ ਦੂਰ-ਦੂਰ ਹਨ। ਮੋਬਾਇਲ, ਇੰਟਰਨੈਟ ਵਰਗੇ ਯੰਤਰਾਂ ਦੇ ਨਾਲ ਉਹ ਪੂਰੀ ਦੁਨੀਆਂ ਦੇ ਨਾਲ ਜੁੜੇ ਹੋਏ ਹਨ ਤੇ ਉਹਨਾਂ ਨੂੰ ਪੂਰੀ ਦੁਨੀਆਂ ਦੀ ਖ਼ਬਰ ਹੈ ਕਿ ਕਿੱਥੇ ਕੀ ਹੋ ਰਿਹਾ ਹੈ ਪਰ ਉਹ ਇਸ ਗੱਲੋ ਬੇਖ਼ਬਰ ਹਨ ਕਿ ਉਨ੍ਹਾਂ ਦੇ ਪਰਿਵਾਰ ਵਿਚ ਕੀ ਹੋ ਰਿਹਾ ਹੈ। ਤਕਨਾਲੋਜੀ ਨੇ ਪੂਰੀ ਦੁਨੀਆਂ ਨੂੰ ਇੱਕ-ਦੂਜੇ ਨਾਲ ਜੋੜਿਆ ਪਰ ਰਿਸ਼ਤਿਆਂ ਨੂੰ ਇੱਕ-ਦੂਜੇ ਤੋਂ ਦੂਰ ਕਰ ਦਿੱਤਾ ਹੈ। ਬੱਚਿਆਂ ਕੋਲ ਆਪਣੇ ਬਜ਼ੁਰਗ ਮਾਂ-ਬਾਪ ਲਈ ਹੀ ਸਮਾਂ ਨਹੀਂ ਹੈ। ਰਿਸ਼ਤਿਆਂ ਵਿਚਲੀ ਅਜਿਹੀ ਹੀ ਦੂਰੀ ਦੀ ਤਸਵੀਰ 'ਲੋਕ ਕਹਾਣੀ ਦਾ ਅੰਤ' ਕਹਾਣੀ ਵਿਚ ਪੇਸ਼ ਕੀਤੀ ਗਈ ਹੈ। ਜਿਸ ਵਿਚ ਇਹ ਦਿਖਾਇਆ ਗਿਆ ਹੈ ਕਿ ਕਿਸ ਤਰ੍ਹਾਂ ਪਰਿਵਾਰ ਦੇ ਲੋਕ ਇੱਕ-ਦੂਜੇ ਤੋਂ ਬਹੁਤ ਦੂਰ ਹਨ। ਬਜ਼ੁਰਗ ਚਾਹੁੰਦਾ ਹੈ ਕਿ ਉਸ ਦਾ ਪੋਤਾ ਉਸ ਕੋਲੋਂ ਕਹਾਣੀਆਂ ਸੁਣੇ, ਬੁਝਾਰਤਾਂ ਸੁਣੇ। ਪਰ ਉਸ ਦੇ ਪੋਤੇ ਨੂੰ ਆਪਣੇ ਦਾਦੇ ਕੋਲੋ ਇਨ੍ਹਾਂ ਕਹਾਣੀਆਂ ਤੇ ਬਾਤਾਂ ਸੁਣਨ ਵਿਚ ਬਿਲਕੁਲ ਵੀ ਦਿਲਚਪਸੀ ਨਹੀਂ ਹੈ। ਸਗੋਂ ਉਸ ਨੂੰ ਤਾਂ ਟੀ.ਵੀ ਉੱਪਰ ਕਾਰਟੂਨ ਦੇਖਣ, ਮੋਬਾਇਲ ਉੱਪਰ ਗੇਮ ਖੇਡਣ, ਚੈਟ ਕਰਨ ਵਿਚ ਹੀ ਦਿਲਚਪਸੀ ਹੈ। ਉਸ ਨੂੰ ਆਪਣੇ ਦਾਦੇ ਦੀਆਂ ਗੱਲਾਂ ਫ਼ਜ਼ੂਲ ਲੱਗਦੀਆਂ ਹਨ। ਜਦੋਂ ਉਸ ਦੇ ਪੜ੍ਹੇ-ਲਿਖੇ ਪੁੱਤ-ਨੂੰਹ ਗਲੋਬਲਾਈਜੇਸ਼ਨ ਦੇ ਕਾਰਨ ਪੂਰੀ ਦੁਨੀਆਂ ਦੇ ਇੱਕ ਹੋਣ ਦੀ ਗੱਲ ਕਰਦੇ ਹਨ ਤਾਂ ਉਸ ਬਜ਼ੁਰਗ ਨੂੰ ਉਹਨਾਂ ਦੀਆਂ ਗੱਲਾਂ ਬਕਵਾਸ ਲੱਗਦੀਆਂ ਹਨ ਤੇ ਉਹ ਕਹਿੰਦਾ ਹੈ

> "ਜਦੋਂ ਸਾਰਾ ਕੁਝ ਦੌੜਿਆ ਨਾ ਇੱਕ ਦੂਜੇ ਵੱਲ ਤਾਂ ਸਮਾਉਂਣਾ ਕੁਝ ਨਹੀਂ ਇੱਕ ਦੂਜੇ ਵਿਚ। ਠਾਹ ਕਰ ਕੇ ਪਟਾਕੇ ਪੈਣਗੇ। ਜਿੱਦਾ ਉਹ ਰੇਲ-ਗੱਡੀਆਂ ਵੱਜਦੀਆਂ ਨੇ। ...ਤੇ ਜਦੋਂ ਪਟਾਕੇ ਪਏ ਨਾ ਤਾਂ ਸਵਾਹ ਬਣਨੀ ਆਮ ਬੰਦੇ ਦੀ।"[15]

## ਮਨੁੱਖੀ ਰਿਸ਼ਤਿਆਂ ਵਿਚ ਪੀੜ੍ਹੀ-ਪਾੜਾ

ਦੋ ਪੀੜ੍ਹੀਆਂ ਵਿਚਲਾ ਤਣਾਅ ਹਮੇਸ਼ਾ ਹੀ ਕਈ ਸਮੱਸਿਆਵਾਂ ਨੂੰ ਜਨਮ ਦਿੰਦਾ ਹੈ। ਜਦੋਂ ਦੋ ਪੀੜ੍ਹੀਆਂ ਆਪਣੇ ਸਿਧਾਂਤਾਂ ਨੂੰ ਲੈ ਕੇ ਇੱਕ ਦੂਜੇ ਦੇ ਖਿਲਾਫ਼ ਖੜ੍ਹੀਆਂ ਹੋ ਜਾਂਦੀਆਂ ਹਨ ਤਾਂ ਰਿਸ਼ਤਿਆਂ ਦੇ ਵਿਚ ਇੱਕ ਤਣਾਅ ਪੈਦਾ ਹੋ ਜਾਂਦਾ ਹੈ। ਪੀੜ੍ਹੀ-ਪਾੜੇ ਦੇ ਕਾਰਨ ਰਿਸ਼ਤਿਆਂ ਵਿਚਕਾਰ ਪੈਦਾ ਹੋਏ ਇਸ ਖਲਾਅ ਨੂੰ ਕੋਈ ਨਹੀਂ ਭਰ ਸਕਦਾ। ਸੱਭਿਆਚਾਰਾਂ ਦੇ ਵਖਰੇਵੇ ਦਾ ਪ੍ਰਭਾਵ ਧਾਰਨ ਕਰਦੀ ਹੋਈ ਨਵੀਂ ਪੀੜ੍ਹੀ ਦੀ ਸੋਚ ਵਿਚ ਵੱਖਰਤਾ ਆਉਣੀ

ਸੁਭਾਵਿਕ ਹੈ ਕਿਉਂਕਿ ਨਵੀਂ ਪੀੜ੍ਹੀ ਮਸ਼ੀਨੀ ਯੁੱਗ ਦੀ ਪੂੰਜੀਵਾਦੀ ਸੱਭਿਅਤਾ ਦੇ ਅਸਰ ਹੇਠ ਪਲੀ ਹੋਣ ਕਰਕੇ ਮਨਚਾਹੀਆਂ ਰੁਚੀਆਂ ਦੀ ਧਾਰਨੀ ਹੈ। ਇਸ ਪੀੜ੍ਹੀ ਦੀਆਂ ਪਹਿਲੀ ਪੀੜ੍ਹੀ ਦੀਆਂ ਇੱਛਾਵਾਂ ਜਾਂ ਅਭਿਲਾਸ਼ਾਵਾਂ ਨਾਲ ਕੋਈ ਸਰੋਕਾਰ ਨਹੀਂ। ਪੁਰਾਣੀ ਪੀੜ੍ਹੀ ਦੀਆਂ ਕਦਰਾਂ-ਕੀਮਤਾਂ ਆਦਰਸ਼ਵਾਦੀ ਹੋਣ ਦੇ ਨਾਲ-ਨਾਲ ਜਾਗੀਰਦਾਰੀ ਸੋਚ ਵਾਲੀਆਂ ਵੀ ਹਨ, ਜਿਹਨਾਂ ਤੋਂ ਨਵੀਂ ਪੀੜ੍ਹੀ ਦੀ ਸੋਚ ਪੂਰੀ ਤਰ੍ਹਾਂ ਸਤੁੰਤਰ ਹੈ। ਇਸ ਲਈ ਪੁਰਾਣੀ ਪੀੜ੍ਹੀ ਦਾ ਨਵੀਂ ਪੀੜ੍ਹੀ ਨਾਲ ਟਕਰਾਓ ਹੋਣਾ ਸੁਭਾਵਿਕ ਹੀ ਹੈ।

ਕਹਾਣੀਕਾਰ ਸਿਮਰਨ ਧਾਲੀਵਾਲ ਦੇ ਕਹਾਣੀ-ਸੰਗ੍ਰਹਿ 'ਆਸ ਅਜੇ ਬਾਕੀ ਹੈ' ਤੇ 'ਉਸ ਪਲ' ਕਹਾਣੀਆਂ ਵਿਚਲੇ ਪਾਤਰ ਪੀੜ੍ਹੀ-ਪਾੜੇ ਦੀ ਸਮੱਸਿਆ ਨਾਲ ਜੂਝ ਰਹੇ ਹਨ। ਇਹਨਾਂ ਕਹਾਣੀਆਂ ਵਿਚ ਨਵੀਂ ਪੀੜ੍ਹੀ ਦੁਆਰਾ ਟੁੱਟ ਰਹੇ ਨੈਤਿਕ ਮੁੱਲਾਂ ਦੇ ਪ੍ਰਸੰਗ ਵਿਚ ਇਨ੍ਹਾਂ ਨੂੰ ਬਰਕਰਾਰ ਰੱਖਣ ਵਾਲੇ ਪਾਤਰਾਂ ਦੇ ਸੰਦਰਭ ਵਿਚ ਇਹ ਕਹਾਣੀਆਂ ਲੇਖਕ ਦੇ ਯਥਾਰਥ ਬੋਧ ਦਾ ਅਹਿਸਾਸ ਕਰਾਉਂਦੀਆਂ ਹਨ। 'ਘੁੰਮਣਘੇਰੀਆਂ' ਕਹਾਣੀ ਪੀੜ੍ਹੀ ਪਾੜੇ ਦੀ ਪ੍ਰਤੀਨਿਧਤਾ ਕਰਦੀ ਹੈ। ਇਹ ਉਸ ਸਮੇਂ ਵਿਕਰਾਲ ਰੂਪ ਧਾਰਨ ਕਰਦੀ ਹੈ। ਜਦੋਂ ਜ਼ੈਲੀ ਦਾ ਬਾਪੂ ਉਸ ਨੂੰ ਸਰਪੰਚ ਦੇ ਅਧੀਨ ਰਹਿਣ ਲਈ ਕਹਿੰਦਾ ਹੈ ਪਰ ਜ਼ੈਲੀ ਸਰਪੰਚ ਦੀ ਲੁੱਟ ਖੋਹ ਦੇ ਵਿਰੁੱਧ ਆਪਣੀ ਆਵਾਜ਼ ਉਠਾਉਣੀ ਚਾਹੁੰਦਾ ਹੈ। ਪਰ ਜ਼ੈਲੀ ਦਾ ਬਾਪੂ ਸਰਪੰਚ ਦਾ ਕਰਜ਼ਦਾਰ ਹੋਣ ਕਰ ਕੇ ਉਸ ਦੇ ਖਿਲਾਫ਼ ਆਵਾਜ਼ ਉਠਾਉਣ ਤੋਂ ਮਨ੍ਹਾ ਕਰਦਾ ਹੈ। ਕਿਉਂਕਿ ਸਰਪੰਚ ਦੇ ਕੋਲ ਜ਼ੈਲੀ ਦੇ ਬਾਪੂ ਦੀ ਅੱਧੀ ਤੋਂ ਵੱਧ ਜ਼ਮੀਨ ਗਹਿਣੇ ਪਈ ਹੈ। ਜਦੋਂ ਵੀ ਜ਼ੈਲੀ ਸਰਪੰਚ ਕੋਲੋ ਆਪਣੀ ਗਹਿਣੇ ਪਈ ਜ਼ਮੀਨ ਦਾ ਹਿਸਾਬ-ਕਿਤਾਬ ਪੁੱਛਦਾ ਹੈ ਤਾਂ ਸਰਪੰਚ ਉਸ ਨੂੰ ਟਾਲ-ਮਟੋਲ ਕਰਦਾ ਹੈ ਤੇ ਹਿਸਾਬ ਨਹੀਂ ਦਿੰਦਾ ਜਿਸ ਕਾਰਨ ਜ਼ੈਲੀ ਉਸਦੇ ਗਲਮੇ ਨੂੰ ਹੱਥ ਪਾਉਂਦਾ ਹੈ ਤੇ ਕਾਨੂੰਨੀ ਕਾਰਵਾਈ ਕਰਨ ਦੀ ਧਮਕੀ ਵੀ ਦਿੰਦਾ ਹੈ। ਪਰ ਜ਼ੈਲੀ ਦਾ ਬਾਪੂ ਉਸ ਨੂੰ ਸਰਪੰਚ ਕੋਲੋ ਮਾਫ਼ੀ ਮੰਗਣ ਲਈ ਕਹਿੰਦਾ ਹੈ। ਜ਼ੈਲੀ ਤੇ ਉਸ ਦੇ ਬਾਪੂ ਦੇ ਵਿਚਕਾਰ ਪੀੜ੍ਹੀ ਪਾੜੇ ਦੀ ਸਮੱਸਿਆ ਉਦੋਂ ਵੀ ਸਾਹਮਣੇ ਆਉਂਦੀ ਹੈ ਜਦੋਂ ਜ਼ੈਲੀ ਆਪਣੇ ਕਾਮਰੇਡ ਮਿੱਤਰ ਚੇਤਨ ਦੇ ਨਾਲ ਮਿਲ ਕੇ ਲੋਟੂ ਧਿਰ ਦੇ ਖਿਲਾਫ ਆਵਾਜ਼ ਉਠਾਉਣ ਤੇ ਸਮਾਜ ਸੁਧਾਰ ਦੀ ਗੱਲ ਕਰਦਾ ਹੈ ਤਾਂ ਉਸ ਸਮੇਂ ਵੀ ਉਸ ਨੂੰ ਆਪਣੇ ਬਾਪੂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਉਸ ਦਾ ਬਾਪੂ ਉਸ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਸਗੋਂ ਉਸ ਦੇ ਵਿਰੋਧ ਵਿਚ ਖੜ੍ਹਦਾ ਹੈ।

> "ਤੂੰ ਕਿਤੇ ਖੜ੍ਹਨ ਜੋਗਾ ਵੀ ਛੱਡੇਗਾ ਮੈਨੂੰ? ਜ਼ਿਆਦਾ ਸਿਆਣਾ ਜੰਮ ਪਿਆ ਤੂੰ। ਬਹੁਤਾ ਹੇਜ ਆਉਂਦਾ ਤਾਂ ਕੋਈ ਕੰਮ ਧੰਦਾ ਕਰ। ਸਾਰਾ ਦਿਨ ਉਹਨਾਂ ਕੰਜਰਾਂ ਨਾਲ ਤੁਰਿਆ ਫਿਰਦਾ। ਅਖੇ ਭੈੜੇ-ਭੈੜੇ ਯਾਰ ਮੇਰੀ ਫੱਤੋ ਦੇ...।"[16]

ਇਸੇ ਤਰ੍ਹਾਂ ਪੀੜ੍ਹੀ ਪਾੜੇ ਦੀ ਇੱਕ ਹੋਰ ਮਿਸਾਲ 'ਕੇਂਦਰ ਬਿੰਦੂ' ਕਹਾਣੀ ਵਿਚ ਵੀ ਮਿਲਦੀ ਹੈ। ਪੀੜ੍ਹੀ ਪਾੜੇ ਦੇ ਕਾਰਨ ਹੀ ਇਸ ਕਹਾਣੀ ਵਿਚ ਪਿਤਾ-ਪੁੱਤਰ ਇੱਕ ਦੂਜੇ ਦੇ ਵਿਰੋਧ ਵਿਚ ਆ ਖੜ੍ਹਦੇ ਹਨ। ਕਹਾਣੀ ਦਾ ਪਾਤਰ ਮਿਲਖਾ ਸਿੰਘ ਉਪਜਾਊ ਜ਼ਮੀਨ ਦਾ ਮਾਲਕ ਹੈ ਤੇ ਉਹ ਆਪਣੇ ਪੁੱਤਰ ਤੋਂ ਵੀ ਇਹ ਉਮੀਦ ਕਰਦਾ ਹੈ ਕਿ ਉਹ ਵੀ ਉਸ ਦੇ ਵਾਂਗ ਹੀ ਮਿਹਨਤ ਕਰ ਕੇ ਜ਼ਮੀਨ ਵਾਹੇਗਾ ਤੇ ਖੇਤੀ ਕਰੇਗਾ ਪਰ ਉਸ ਦਾ ਪੁੱਤਰ ਬਿੰਦੂ ਆਪਣੇ ਪਿਤਾ ਦੇ ਇਹਨਾਂ ਵਿਚਾਰਾਂ ਨਾਲ ਸਹਿਮਤ ਨਹੀਂ ਹੈ। ਉਹ ਖੇਤੀ ਕਰਨਾ ਨਹੀਂ ਚਾਹੁੰਦਾ ਸਗੋਂ ਉਹ ਤਾਂ ਜ਼ਮੀਨ ਵੇਚ

ਕੇ ਪੈਸਾ ਕਮਾਉਣਾ ਚਾਹੁੰਦਾ ਹੈ ਇਸੇ ਲਈ ਤਾਂ ਉਹ ਆਪਣੇ ਪਿਤਾ ਨੂੰ ਪੁੱਛੇ ਬਿਨਾਂ ਸ਼ਾਪਿੰਗ ਮਾਲ ਬਣਾਉਣ ਵਾਲਿਆਂ ਨੂੰ ਆਪਣੀ ਜ਼ਮੀਨ ਵੇਚ ਦਿੰਦਾ ਹੈ। ਜਿਸ ਕਾਰਨ ਪਿਤਾ-ਪੁੱਤਰ ਦੇ ਦਰਮਿਆਨ ਨਫਰਤ ਦੀ ਦੀਵਾਰ ਖੜ੍ਹੀ ਹੋ ਜਾਂਦੀ ਹੈ। ਇਹ ਪੀੜ੍ਹੀ ਪਾੜਾ ਉਦੋਂ ਹੋਰ ਵੀ ਵਿਕਰਾਲ ਰੂਪ ਧਾਰਨ ਕਰਦਾ ਹੈ ਜਦੋਂ ਬਿੰਦੂ ਆਪਣੇ ਪਿਤਾ ਨੂੰ ਖਾਣੇ ਵਿਚ ਜ਼ਹਿਰ ਮਿਲਾ ਕੇ ਮਾਰਨ ਦੀ ਕੋਸ਼ਿਸ਼ ਕਰਦਾ ਹੈ ਪਰ ਉਹ ਬਚ ਜਾਂਦਾ ਹੈ ਤੇ ਉਸ ਦੀ ਜਗ੍ਹਾ ਉਸ ਦਾ ਕੁੱਤਾ ਡੱਬੂ ਮਰ ਜਾਂਦਾ ਹੈ। ਜਿਸ ਕਾਰਨ ਉਸ ਦਾ ਬਾਪ ਉਸ ਦੇ ਖਿਲਾਫ ਕਾਨੂੰਨੀ ਕਾਰਵਾਈ ਕਰਨ ਦਾ ਫੈਸਲਾ ਕਰਦਾ ਹੈ।

'ਲਕੀਰ ਦੇ ਉਸ ਪਾਰ' ਦੀ ਨਾਇਕਾ ਕੀਰਤੀ ਤੇ ਉਸ ਦੇ ਮਾਂ ਬਾਪ ਦੇ ਵਿਚਕਾਰ ਵੀ ਪੀੜੀ ਪਾੜ੍ਹੇ ਦੀ ਝਲਕ ਉਦੋਂ ਮਿਲਦੀ ਹੈ ਜਦੋਂ ਉਹ ਇੱਕ ਵੱਡੀ ਫੈਸ਼ਨ ਡਿਜ਼ਾਇਨਰ ਬਣਨ ਲਈ ਆਪਣੇ ਮਾਂ ਬਾਪ ਦੀ ਮਰਜ਼ੀ ਦੇ ਖਿਲਾਫ਼ ਜਾ ਕੇ ਮੁੰਬਈ ਆਉਂਦੀ ਹੈ ਤੇ ਨੀਰਜ਼ ਨਾਲ ਬਿਨਾਂ ਵਿਆਹ ਕੀਤੇ ਇੱਕ ਹੀ ਛੱਤ ਹੇਠ ਰਹਿੰਦੀ ਹੈ। ਉਸ ਦੇ ਮਾਂ ਬਾਪ ਨਹੀਂ ਚਾਹੁੰਦੇ ਕਿ ਉਹ ਮੁੰਬਈ ਜਾਵੇ ਸਗੋਂ ਉਹ ਤਾਂ ਚਾਹੁੰਦੇ ਹਨ ਕਿ ਉਹ ਆਪਣੇ ਉਸ ਛੋਟੇ ਜਿਹੇ ਸ਼ਹਿਰ ਵਿਚ ਰਹਿ ਕੇ ਹੀ ਆਪਣਾ ਨਾਮ ਕਮਾਵੇ। ਪਰ ਕੀਰਤੀ ਨਹੀਂ ਮੰਨਦੀ ਸਗੋਂ ਉਹ ਆਪਣੇ ਮਾਂ ਬਾਪ ਦੇ ਘਰ ਨੂੰ ਛੱਡ ਕੇ ਮੁੰਬਈ ਆਉਂਦੀ ਹੈ। ਇਸ ਤੋਂ ਇਲਾਵਾ ਜਦੋਂ ਕੀਰਤੀ ਦੀ ਮਾਂ ਨੂੰ ਉਸ ਦੇ ਨੀਰਜ਼ ਨਾਲ ਬਿਨਾਂ ਵਿਆਹ ਕੀਤੇ ਰਹਿਣ ਬਾਰੇ ਪਤਾ ਲੱਗਦਾ ਹੈ ਤਾਂ ਉਹ ਉਸ ਨੂੰ ਵਾਪਿਸ ਘਰ ਆਉਣ ਲਈ ਕਹਿੰਦੀ ਹੈ ਪਰ ਕੀਰਤੀ ਨਹੀਂ ਮੰਨਦੀ। ਇਸ ਕਹਾਣੀ ਵਿਚ ਵੀ ਪੀੜੀ-ਪਾੜੇ ਦੀ ਇੱਕ ਛੋਟੀ ਜਿਹੀ ਝਲਕ ਦੇਖਣ ਨੂੰ ਮਿਲਦੀ ਹੈ।

ਅਜਿਹੀ ਹੀ ਇੱਕ ਹੋਰ ਮਿਸਾਲ 'ਲੋਕ ਕਹਾਣੀ' ਵਿਚ ਦੇਖਣ ਨੂੰ ਮਿਲਦੀ ਹੈ। ਪੁਰਾਣੀ ਤੇ ਨਵੀਂ ਪੀੜ੍ਹੀ ਦੋਵੇਂ ਹੀ ਇੱਕ ਦੂਜੇ ਦੇ ਸਿਧਾਤਾਂ ਨਾਲ ਸਹਿਮਤ ਨਹੀਂ। ਜਿਸ ਕਾਰਨ ਇਨ੍ਹਾਂ ਦੋਵੇਂ ਪੀੜ੍ਹੀਆਂ ਦੇ ਪਾਤਰਾਂ ਦੇ ਰਿਸ਼ਤਿਆਂ ਵਿੱਚ ਤਣਾਓ ਪੈਦਾ ਹੁੰਦਾ ਹੈ। ਬਜ਼ੁਰਗ ਪਾਤਰ ਆਧੁਨਿਕਤਾ ਤੇ ਵਿਸ਼ਵੀਕਰਨ ਨੂੰ ਸਮਾਜ ਤੇ ਰਿਸ਼ਤਿਆਂ ਲਈ ਸਰਾਪ ਸਮਝਦਾ ਹੈ, ਉੱਥੇ ਹੀ ਉਸ ਦਾ ਪੁੱਤਰ ਤੇ ਪੋਤਾ ਆਧੁਨਿਕਤਾ ਤੇ ਵਿਸ਼ਵੀਕਰਨ ਨੂੰ ਇੱਕ ਵਰਦਾਨ ਸਮਝਦੇ ਹਨ। ਉਹ ਬਜ਼ੁਰਗ ਪਾਤਰ ਦੀ ਸੋਚ ਨੂੰ ਬੈਕਵਰਡ ਦੱਸਦੇ ਹੋਏ ਉਸ ਨੂੰ ਗਲਤ ਸਾਬਿਤ ਕਰਨ ਦੀ ਕੋਸ਼ਿਸ਼ ਕਰਦੇ ਹਨ, ਉੱਥੇ ਹੀ ਬਜ਼ੁਰਗ ਪਾਤਰ ਨੂੰ ਲੱਗਦਾ ਹੈ ਕਿ ਅੱਜ ਦੀ ਪੀੜ੍ਹੀ ਆਪਣੇ ਵਿਨਾਸ਼ ਵੱਲ ਵੱਧ ਰਹੀ ਹੈ। ਜਿੱਥੇ ਬਜ਼ੁਰਗ ਪੀੜ੍ਹੀ ਦਾ ਪਾਤਰ ਮੋਬਾਇਲ ਵਰਗੇ ਇਲੈਕਟਰੋਨਿਕ ਯੰਤਰਾਂ ਨੂੰ ਸਿਹਤ ਦੇ ਨਾਲ-ਨਾਲ ਜਵਾਕ ਵਿਗਾੜਨ ਜ਼ਿੰਮੇਵਾਰ ਮੰਨਦਾ ਹੈ।

> "ਮੇਰਾ ਪੋਤਾ ਸੇਬ ਦੀ ਫੋਟੋ ਵਾਲੇ ਮਹਿੰਗੇ ਮੋਬਾਇਲ ਫੋਨ 'ਤੇ ਟਿੱਕ-ਟਿੱਕ ਕਰਦਾ ਪਿਆ ਸੀ। ਇਹ ਵੀ ਨਵਾਂ ਕੰਮ ਤੁਰ ਪਿਆ ਜਵਾਕ ਵਿਗਾੜਨ ਨੂੰ। ਇਹ ਚੰਗਾ ਇੰਟਰਟੇਨਮੈਂਟ ਹੈ। ਬੁਰਾ ਅਸਰ ਪੈਂਦਾ ਸਿਹਤ 'ਤੇ।"[17]

ਉੱਥੇ ਹੀ ਨਵੀਂ ਪੀੜ੍ਹੀ ਦੇ ਪਾਤਰ ਪਿਤਾ ਤੇ ਪੁੱਤਰ ਇਸ ਨੂੰ ਇੰਟਰਟੈਨਮੈਂਟ ਤੇ ਸੁੱਖ-ਸੁਵਿਧਾ ਦਾ ਸਾਧਨ ਸਮਝਦੇ ਹਨ।

"ਦਾਦਾ ਜੀ ਤੁਹਾਨੂੰ ਕੀ ਪਤਾ। ਫਰੀ ਟਾਈਮ ਸਪੈਂਡ ਕਰਨ ਕਰਨ ਲਈ ਕਿੰਨਾ ਕੁਝ ਹੈ ਇਹਦੇ 'ਚ। ਤੁਹਾਨੂੰ ਤਾਂ ਹਰ ਚੀਜ਼ ਬੁਰੀ ਲੱਗਦੀ ਹੈ। ਮੰਮੀ ਸੱਚ ਹੀ ਕਹਿੰਦੇ ਹੁੰਦੇ ਪਾਪਾ ਨੂੰ ਕਿ ਤੁਹਾਡੇ ਨੱਕ 'ਤੇ ਨਹੀਂ ਚੜ੍ਹਦਾ ਕੁਝ ਵੀ। ਐਵੇਂ ਬੈਕਵਰਡ ਜਿਹਾ ਸੋਚਦੇ ਰਹਿੰਦੇ ਜੇ।"[18]

ਪੀੜੀ-ਪਾੜੇ ਦੀ ਇੱਕ ਹੋਰ ਝਲਕ 'ਭੀੜ ਵਿਚ ਗੁਆਚਾ ਚਿਹਰਾ' ਕਹਾਣੀ ਵਿਚ ਦੇਖਣ ਨੂੰ ਮਿਲਦੀ ਹੈ। ਜਦੋਂ ਇੰਦਰ ਹੱਕ-ਸੱਚ ਲਈ ਲੜਦਾ ਹੈ ਤੇ ਸਭ ਦੇ ਭਲੇ ਦੀ ਗੱਲ ਕਰਦਾ ਹੈ ਤਾਂ ਉਸ ਦਾ ਬਾਪੂ ਉਸ ਦੀਆਂ ਇਨ੍ਹਾਂ ਗੱਲਾਂ ਨੂੰ ਪਸੰਦ ਨਹੀਂ ਕਰਦਾ। ਇੰਦਰ ਅਫ਼ਸਰਾਂ ਦੀਆਂ ਧੱਕੇਸ਼ਾਹੀਆਂ ਦੇ ਖਿਲਾਫ਼ ਉਠਾਉਂਦਾ ਹੈ। ਉਹ ਸਭ ਨੂੰ ਬਰਾਬਰ ਮਿਲਣ ਦੀ ਸੋਚ ਦਾ ਧਾਰਨੀ ਹੈ। ਉਹ ਆਪਣੀਆਂ ਕਵਿਤਾਵਾਂ ਰਾਹੀ ਆਪਣੇ ਪੂਰੇ ਪਿੰਡ ਤੇ ਸਮਾਜ ਨੂੰ ਸੁਧਾਰਨ ਦੀ ਗੱਲ ਕਰਦਾ ਹੈ। ਉਹ ਚਾਹੁੰਦਾ ਹੈ ਕਿ ਲੋਕ ਆਪਣੇ ਹੱਕਾਂ ਲਈ ਆਵਾਜ਼ ਉਠਾਉਣ। ਉਹ ਸਮਾਜ ਦੇ ਵਿੱਚੋਂ ਸਮਾਜਿਕ ਨਾਬਰਾਬਰੀ, ਕਿਰਤ ਦੀ ਲੁੱਟ, ਰਾਜ ਸੱਤਾ ਦੇ ਜਬਰ ਅਤੇ ਬੇਰੁਜ਼ਗਾਰੀ ਵਰਗੀਆਂ ਬੁਰਾਈਆਂ ਨੂੰ ਖਤਮ ਕਰਨਾ ਚਾਹੁੰਦਾ ਹੈ। ਪਰ ਉਸ ਦਾ ਬਾਪੂ ਉਸ ਦੀਆਂ ਇਨ੍ਹਾਂ ਗੱਲਾਂ ਦਾ ਵਿਰੋਧ ਕਰਦਾ ਹੈ ਤੇ ਉਸ ਨੂੰ ਸਮਝਣ ਤੋਂ ਅਸੱਮਰਥ ਹੈ। ਉਹ ਚਾਹੁੰਦਾ ਹੈ ਕਿ ਉਸ ਦਾ ਪੁੱਤਰ ਅਫ਼ਸਰ ਬਣੇ ਤੇ ਘਰ ਦੀ ਗਰੀਬੀ ਨੂੰ ਦੂਰ ਕਰੇ। ਉਸ ਨੂੰ ਆਪਣੇ ਪੁੱਤਰ ਦੀਆਂ ਕ੍ਰਾਂਤੀ ਲਿਆਉਣ ਦੀਆਂ ਗੱਲਾਂ ਚੰਗੀਆਂ ਨਹੀਂ ਲੱਗਦੀਆਂ। ਉਸ ਨੂੰ ਲੱਗਦਾ ਹੈ ਕਿ ਉਸ ਦੇ ਪੁੱਤਰ ਦੀ ਮੱਤ ਮਾਰੀ ਗਈ ਹੈ। ਇਸੇ ਲਈ ਪਿਉ-ਪੁੱਤਰ ਵਿਚਕਾਰ ਕਈ ਵਾਰ ਝਗੜਾ ਵੀ ਹੁੰਦਾ ਹੈ। ਪਰ ਪਿਉ-ਪੁੱਤਰ ਦੋਨੋ ਆਪਣੇ-ਆਪਣੇ ਵਿਚਾਰਾਂ ਤੇ ਅਟੱਲ ਹਨ।

"ਓਏ ਪੁੱਠੀ ਮੱਤ ਵਾਲਿਆ। ਕਿਉਂ ਨਿੱਤ ਯੱਬ ਖੜ੍ਹੇ ਕਰੀ ਛੱਡਦਾ ਏ। ਨਵਿਆਂ ਦਾ ਮੁੰਡਾ ਤੇਰੇ ਨਾਲ ਹੀ ਪੜ੍ਹਦਾ ਸੀ। ਅਫ਼ਸਰ ਲੱਗਿਆ ਬੈਠਾ ਅਗਲਾ। ਤੂੰ ਪਤਾ ਨਹੀਂ ਕਿਹੜੀ ਮਾਂ ਵਾਲ਼ੀ ਕ੍ਰਾਂਤੀ ਨੂੰ ਰੋਂਦਾ ਫਿਰਦਾ। ਲੋਕੀ ਆਖਦੇ ਨੇ ਸੁਰਜਨ ਸਿੰਹੁ ਦਾ ਮੁੰਡਾ ਜਵਾਕ ਵਿਗਾੜੀ ਜਾਂਦਾ ਸਾਡੇ। ਹੱਦ ਹੋ ਗਈ ਯਾਰ...।"[19]

## ਮਨੁੱਖੀ ਰਿਸ਼ਤਿਆਂ ਦੀ ਹੋਂਦ ਦਾ ਸੰਕਟ

ਰੁਜ਼ਗਾਰ ਤੇ ਸਫ਼ਲ ਜ਼ਿੰਦਗੀ ਤੇ ਪਦਾਰਥਾਂ ਦੀ ਲਾਲਸਾ ਦਾ ਸ਼ਿਕਾਰ ਮਨੁੱਖ ਸਭ ਪਾਸੇ ਤੋਂ ਵਖਰੇਵੇਂ ਦਾ ਸ਼ਿਕਾਰ ਹੋ ਰਿਹਾ ਹੈ। ਘਰ, ਪਰਿਵਾਰ, ਪਿੰਡ, ਦੇਸ ਉਸਦੀ ਪਕੜ 'ਚੋਂ ਨਿਕਲਦਾ ਜਾ ਰਿਹਾ ਹੈ। ਇਸ ਤੇਜ਼ ਰਫ਼ਤਾਰੀ ਜ਼ਿੰਦਗੀ ਵਿਚ ਸਭ ਕੁਝ ਸ਼ੂਨਯ ਤੇ ਅਰਥਹੀਣ ਹੁੰਦਾ ਜਾ ਰਿਹਾ ਹੈ ਤੇ ਮਾਨਵ ਆਪਣੇ ਤਕਰਾਰਾਂ ਤੇ ਟਾਕਰਿਆਂ ਵਿਚ ਆਪਣੀ ਹੋਂਦ ਲਈ ਇੱਕ ਸੰਕਟ ਖੜ੍ਹਾ ਕਰ ਰਿਹਾ ਹੈ। ਇਸ ਤੋਂ ਇਲਾਵਾ ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਪੈਸੇ ਦੀ ਕਾਣੀ ਵੰਡ, ਲੋਟੂ ਵਿਵਸਥਾ, ਸਰੀਰਕ ਅਤੇ ਮਾਨਸਿਕ ਭਿਆਨਕ ਬਿਮਾਰੀਆਂ, ਚਿੰਤਾ ਆਦਿ ਦੇ ਕਾਰਨ ਵੀ ਮਨੁੱਖੀ ਰਿਸ਼ਤਿਆਂ ਦੀ ਹੋਂਦ ਦਾ ਸੰਕਟ ਖੜ੍ਹਾ ਹੋ ਗਿਆ ਹੈ। ਧਾਲੀਵਾਲ ਦੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਦੇ ਸੰਕਟ ਦੀ ਇੱਕ ਤਸਵੀਰ ਪੇਸ਼ ਕੀਤੀ ਗਈ ਹੈ।

## ਜਿਨਸੀ ਝੁਕਾਅ

ਜਿਨਸੀ ਝੁਕਾਅ ਇੱਕ ਅਜਿਹਾ ਪੱਖ ਹੈ ਜਿਹੜਾ ਕਿ ਹਮੇਸ਼ਾ ਤੋਂ ਹੀ ਮਨੁੱਖੀ ਰਿਸ਼ਤਿਆਂ ਨੂੰ ਪ੍ਰਭਾਵਿਤ ਕਰਦਾ ਰਿਹਾ ਹੈ। ਔਰਤ ਤੇ ਮਰਦ ਦਾ ਇੱਕ ਦੂਜੇ ਵੱਲ ਝੁਕਾਅ ਹੋਣਾ ਕੁਦਰਤੀ ਹੈ। ਪਰ ਇਹੀ ਝੁਕਾਅ ਜਦ ਵਿਆਹ ਤੋਂ ਬਾਦ ਜਾਂ ਕਿਸੇ ਰਿਸ਼ਤੇ ਵਿਚ ਬੰਨ੍ਹ ਹੋਣ ਤੋਂ ਬਾਦ ਪੈਦਾ ਹੁੰਦਾ ਹੈ ਤਾਂ ਕਈ ਵਾਰ ਔਰਤ ਤੇ ਮਰਦ ਲਈ ਸਮੱਸਿਆ ਦਾ ਕਾਰਨ ਬਣ ਜਾਂਦਾ ਹੈ। ਜਿਨਸੀ ਝੁਕਾਅ ਦੇ ਕਾਰਨ ਮਨੁੱਖ ਸਰੀਰਕ ਤੇ ਮਾਨਸਿਕ ਸਮੱਸਿਆਵਾਂ ਜਾਂ ਬਿਮਾਰੀਆਂ ਦਾ ਸ਼ਿਕਾਰ ਵੀ ਹੋ ਜਾਂਦਾ ਹੈ।

'ਆਸ ਅਜੇ ਬਾਕੀ ਹੈ' ਤੇ 'ਉਸ ਪਲ' ਕਹਾਣੀ-ਸੰਗ੍ਰਹਿ ਦੀਆਂ ਕਹਾਣੀਆਂ ਦੇ ਪਾਤਰ ਜਿਨਸੀ-ਝੁਕਾਅ ਦੇ ਕਾਰਨ ਕਈ ਸਰੀਰਕ ਤੇ ਮਾਨਸਿਕ ਸਮੱਸਿਆਵਾਂ ਵਿਚ ਘਿਰ ਜਾਂਦੇ ਹਨ। ਜਿਵੇਂ 'ਘੁੰਮਣਘੇਰੀਆਂ' ਵਿਚ ਜਿਨਸੀ-ਝੁਕਾਅ ਦੀ ਸ਼ਿਕਾਰ ਜ਼ੈਲੀ ਦੀ ਪਤਨੀ ਗੁਰਜੀਤ ਆਪਣੇ ਪਤੀ ਦੇ ਹੁੰਦੇ ਹੋਏ ਵੀ ਸਰਪੰਚ ਦੇ ਭਤੀਜੇ ਕੁਲਦੀਪ ਨਾਲ ਨਜਾਇਜ਼ ਸੰਬੰਧ ਕਾਇਮ ਕਰਦੀ ਹੈ। ਬੇਸ਼ੱਕ ਕੁਲਦੀਪ ਪ੍ਰਤੀ ਉਸ ਦੇ ਜਿਨਸੀ ਝੁਕਾਅ ਲਈ ਕੁਲਦੀਪ ਦਾ ਅਮੀਰ ਹੋਣਾ ਵੀ ਜ਼ਿੰਮੇਵਾਰ ਹੈ ਪਰ ਫੇਰ ਵੀ ਇਹ ਜਿਨਸੀ-ਝੁਕਾਅ ਸਹੀ ਨਹੀਂ ਹੈ ਕਿਉਂਕਿ ਗੁਰਜੀਤ ਇੱਕ ਵਿਆਹੁਤਾ ਔਰਤ ਹੈ ਤੇ ਆਪਣੇ ਪਤੀ ਜੈਲੀ ਦੇ ਹੁੰਦੇ ਹੋਏ ਗੈਰ ਮਰਦ ਨਾਲ ਸੰਬੰਧ ਬਣਾਉਣਾ ਪੰਜਾਬੀ ਸੱਭਿਆਚਾਰ ਦੇ ਨਿਯਮਾਂ ਦੇ ਖਿਲਾਫ਼ ਹੈ। ਉਸ ਦੇ ਕੁਲਦੀਪ ਪ੍ਰਤੀ ਜਿਨਸੀ-ਝੁਕਾਅ ਪੈਦਾ ਹੋਣ ਦੇ ਕਾਰਨ ਹੀ ਗੁਰਜੀਤ ਦਾ ਪਤੀ ਜ਼ੈਲੀ ਕੁਲਦੀਪ ਦਾ ਕਤਲ ਕਰ ਦਿੰਦਾ ਹੈ।

ਇਸੇ ਤਰ੍ਹਾਂ 'ਮੈਂ ਨਾਟਕ ਤੇ ਜ਼ਿੰਦਗੀ' ਕਹਾਣੀ ਵਿਚ ਵੀ ਜਿਨਸੀ-ਝੁਕਾਅ ਦੀ ਹੀ ਤਸਵੀਰ ਅਸੀਂ ਦੇਖਦੇ ਹਾਂ। ਕਹਾਣੀ ਦੀ ਪਾਤਰ ਨਵਜੀਤ ਜਿਨਸੀ ਝੁਕਾਅ ਦੇ ਕਾਰਨ ਮਾਨਸਿਕ ਕਸ਼ਮਕਸ਼ ਤੇ ਮਨੋ-ਸੰਵਾਦ ਕਰਦੀ ਨਜ਼ਰ ਆਉਂਦੀ ਹੈ। ਨਰਿੰਦਰ ਨਾਲ ਪ੍ਰੇਮ ਵਿਆਹ ਕਰਾਉਣ ਤੋਂ ਬਾਅਦ ਪਰ ਜਦੋਂ ਨਰਿੰਦਰ ਉਸ ਤੋਂ ਦੂਰੀ ਬਣਾਉਣ ਲੱਗਦਾ ਹੈ ਤੇ ਉਸ ਨੂੰ ਸਮਾਂ ਨਹੀਂ ਦੇ ਪਾਉਂਦਾ ਤਾਂ ਨਵਜੀਤ ਦੀ ਸਰੀਰਕ ਭੁੱਖ ਪੂਰੀ ਨਹੀਂ ਹੋ ਪਾਉਂਦੀ। ਨਰਿੰਦਰ ਉਸ ਨੂੰ ਮਾਂ ਬਣਨ ਦਾ ਸੁੱਖ ਵੀ ਨਹੀਂ ਦੇ ਸਕਦਾ। ਉਹ ਨਰਿੰਦਰ ਤੋਂ ਇਹ ਦੂਰੀ ਸਵੀਕਾਰ ਨਹੀਂ ਕਰ ਪਾਉਂਦੀ ਤੇ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਜਾਂਦੀ ਹੈ। ਡਿਪ੍ਰੈਸ਼ਨ ਦੀ ਸ਼ਿਕਾਰ ਹੋਣ ਤੋਂ ਬਾਅਦ ਜਦੋ ਉਹ ਆਪਣਾ ਇਲਾਜ਼ ਕਰਾਉਣ ਲਈ ਡਾ. ਗੈਰੀ ਕੋਲ ਜਾਂਦੀ ਹੈ ਤਾਂ ਡਾਕਟਰ ਉਸ ਦਾ ਇਲਾਜ ਵੀ ਕਰਦਾ ਹੈ ਤੇ ਨਾਲ ਹੀ ਨਾਲ ਉਸ ਨੂੰ ਪਿਆਰ ਤੇ ਹਮਦਰਦੀ ਵੀ ਦਿੰਦਾ ਹੈ ਜੋ ਕਿ ਉਸ ਨੂੰ ਆਪਣੇ ਪਤੀ ਤੋਂ ਨਹੀਂ ਮਿਲਦੀ। ਉਹ ਨਵਜੀਤ ਦੀ ਖੂਬਸੂਰਤੀ ਦੀ ਤਾਰੀਫ਼ ਕਰਦਾ ਹੈ।

"ਬਹੁਤ ਖੂਬਸੂਰਤ ਹੋ ਤੁਸੀਂ।"[20]

ਡਾ. ਗੈਰੀ ਨਵਜੀਤ ਲਈ ਆਪਣੇ ਪਿਆਰ ਦਾ ਪ੍ਰਗਟਾਵਾ ਕਰਦਾ ਹੈ। ਨਵਜੀਤ ਹੌਲੀ-ਹੌਲੀ ਡਾ. ਗੈਰੀ ਵੱਲ ਖਿੱਚੀ ਜਾਂਦੀ ਹੈ ਤੇ ਉਸ ਵਿੱਚੋਂ ਆਪਣੇ ਪਤੀ ਨਰਿੰਦਰ ਨੂੰ ਲੱਭਣ ਦੀ ਕੋਸ਼ਿਸ਼ ਕਰਦੀ ਹੈ। ਉਸ ਦਾ ਝੁਕਾਅ ਡਾ. ਗੈਰੀ ਵੱਲ ਵੱਧਦਾ ਜਾਂਦਾ ਹੈ ਤੇ ਹੌਲੀ-ਹੌਲੀ ਸਾਰੀਆਂ ਹੱਦਾਂ ਪਾਰ ਹੋ ਜਾਂਦੀਆਂ ਹਨ।

"ਮੇਰੀਆਂ ਅੱਖਾਂ ਭਰ ਆਈਆਂ। ਮੈਂ ਉਸ ਦੀਆਂ ਬਾਂਹਾਂ ਵਿਚ ਡਿੱਗ ਪਈ ਸਾਂ। ਉਸ ਦਿਨ ਹਰ ਸੀਮਾ ਪਾਰ ਹੋ ਗਈ। ਮੈਂ ਆਪਣਾ ਸਾਰਾ ਕੁਝ ਗੈਰੀ ਨੂੰ ਸੌਂਪ ਦਿੱਤਾ।"[21]

ਕਿਉਂਕਿ ਨਵਜੀਤ ਨੂੰ ਡਾ. ਗੈਰੀ ਕੋਲੋ ਸਰੀਰਕ ਤੇ ਮਾਨਸਿਕ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਜਿਹੜੀ ਕਿ ਆਪਣੇ ਪਤੀ ਕੋਲੋਂ ਨਹੀਂ ਹੁੰਦੀ। ਅਕਸਰ ਜਦੋਂ ਉਸਦਾ ਪਤੀ ਨਰਿੰਦਰ ਘਰ ਸ਼ਰਾਬ ਪੀ ਕੇ ਆਉਂਦਾ ਹੈ ਤੇ ਉਸ ਵੱਲ ਵੇਖੇ ਬਿਨਾਂ ਸੌਂ ਜਾਂਦਾ ਹੈ ਤਾਂ ਉਹ ਡਾ. ਗੈਰੀ ਨੂੰ ਫ਼ੋਨ ਕਰ ਕੇ ਘਰ ਬੁਲਾਉਂਦੀ ਹੈ ਤੇ ਉਸ ਨਾਲ ਰਾਤ ਬਤੀਤ ਕਰਦੀ ਹੈ। ਇਸ ਤਰ੍ਹਾਂ ਇਸ ਕਹਾਣੀ ਵਿਚ ਜਿਨਸੀ-ਝੁਕਾਅ ਦੀ ਇੱਕ ਖੂਬਸੂਰਤ ਤਸਵੀਰ ਪੇਸ਼ ਹੁੰਦੀ ਹੈ।

ਇਸੇ ਤਰ੍ਹਾਂ 'ਰੂਪ ਤੂੰ ਨਾ ਜਾਹ' ਕਹਾਣੀ ਵਿਚ ਸਮਲਿੰਗਤਾ ਦੇ ਰੂਪ ਵਿਚ ਜਿਨਸੀ-ਝੁਕਾਅ ਸਾਹਮਣੇ ਆਉਂਦਾ ਹੈ। ਪ੍ਰਭ ਜਤਿੰਦਰ ਢਿੱਲੋਂ ਉਰਫ ਜੇ.ਡੀ ਨਾਮ ਦੇ ਇੱਕ ਐਨ. ਆਰ. ਆਈ. ਮੁੰਡੇ ਨਾਲ ਪ੍ਰੇਮ-ਵਿਆਹ ਕਰਾਉਂਦੀ ਹੈ। ਪਰ ਉਸ ਦਾ ਪਤੀ ਉਸ ਨੂੰ ਉਹ ਸੁੱਖ, ਉਹ ਸਕੂਨ ਦੇਣ ਵਿਚ ਅਸਮੱਰਥ ਰਹਿੰਦਾ ਹੈ ਜਿਸ ਦੀ ਉਹ ਆਸ ਕਰਦੀ ਹੈ।

"ਖੁਸ਼ੀ...ਹਰ ਖੁਸ਼ੀ ਦੇ ਕੇ ਵੀ ਨਹੀਂ ਸੀ ਦੇ ਸਕਿਆ ਉਹ ਮੈਨੂੰ, ਉਹ ਸਕੂਨ ਜੋ ਮੇਰੀ ਜਵਾਨੀ ਨੂੰ ਚਾਹੀਦਾ ਸੀ। ਮੇਰੇ ਸਾਹਮਣੇਂ ਉਹ ਝੂਠਾ ਪੈਣ ਲੱਗਦਾ। ਖੁਰਨ ਲੱਗਦਾ ਉਹ ਮੇਰੀ ਤਪਸ਼ ਅੱਗੇ। ਇੱਕ ਕੰਪਲੈਕਸ ਪੈਦਾ ਹੋ ਗਿਆ ਸੀ ਜਿਵੇਂ ਉਸ ਦੇ ਮਨ ਵਿਚ। ਉਸ ਨੇ ਮੇਰੇ ਕੋਲੋ ਦੌੜਨਾ ਸ਼ੁਰੂ ਕਰ ਦਿੱਤਾ।"[22]

ਵਿਆਹ ਦੇ ਇੱਕ ਹਫਤੇ ਬਾਅਦ ਹੀ ਉਸ ਦਾ ਪਤੀ ਉਸ ਨੂੰ ਇੰਡੀਆ ਛੱਡ ਕੇ ਆਪ ਵਲਾਇਤ ਚਲਾ ਜਾਂਦਾ ਹੈ ਜਿਸ ਕਾਰਨ ਜਵਾਨ ਤੇ ਖੂਬਸੂਰਤ ਪ੍ਰਭ ਤੜਫਦੀ ਰਹਿ ਜਾਂਦੀ ਹੈ। ਉਹ ਆਪਣੇ ਪਤੀ ਦੇ ਪਿਆਰ ਤੇ ਉਸਦੀ ਛੂਹ ਲਈ ਤਰਸਦੀ ਹੈ। ਉਸ ਦੇ ਵਾਰ-ਵਾਰ ਕਹਿਣ ਤੇ ਵੀ ਉਸ ਦਾ ਪਤੀ ਉਸ ਨੂੰ ਆਪਣੇ ਕੋਲ ਨਹੀਂ ਬੁਲਾਉਂਦਾ ਜਿਸ ਕਾਰਨ ਆਪਣੇ ਪਤੀ ਦੇ ਪਿਆਰ ਲਈ ਤੜਫਦੀ ਪ੍ਰਭ ਦਾ ਝੁਕਾਅ ਆਪਣੇ ਪਤੀ ਦੇ ਕਜ਼ਨ ਬੱਲਪ੍ਰੀਤ ਵੱਲ ਹੋ ਜਾਂਦਾ ਹੈ। ਪਰ ਜਦ ਪ੍ਰਭ ਤੇ ਬੱਲਪ੍ਰੀਤ ਦੀ ਨਜ਼ਦੀਕੀਆਂ ਦੀ ਖਬਰ ਪ੍ਰਭ ਦੀ ਸੱਸ ਨੂੰ ਹੁੰਦੀ ਹੈ ਤਾਂ ਉਹ ਬੱਲਪ੍ਰੀਤ ਨੂੰ ਘਰੋਂ ਚਲੇ ਜਾਣ ਲਈ ਕਹਿ ਦਿੰਦੇ ਹਨ ਜਿਸ ਕਾਰਨ ਇੱਕ ਵਾਰ ਫੇਰ ਪ੍ਰਭ ਤੜਫਦੀ ਰਹਿ ਜਾਂਦੀ ਹੈ। ਕਿਉਂਕਿ ਉਸ ਨੂੰ ਇੱਕ ਜਵਾਨ ਮਰਦ ਦੀ ਲੋੜ ਹੈ ਜਿਹੜਾ ਕਿ ਉਸ ਨੂੰ ਪਿਆਰ ਤੇ ਸਨਮਾਨ ਦੇ ਸਕੇ। ਉਹ ਜਵਾਨ ਮਰਦ ਦੀ ਛੋਹ ਲਈ ਤਰਸਦੀ ਹੈ। ਬੱਲਪ੍ਰੀਤ ਦੇ ਚਲੇ ਜਾਣ ਤੋਂ ਬਾਦ ਪ੍ਰਭ ਇੱਕ ਵਾਰ ਫੇਰ ਇਕੱਲੀ ਰਹਿ ਜਾਂਦੀ ਹੈ ਤੇ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਜਾਂਦੀ ਹੈ।

ਇਸ ਜਿਨਸੀ-ਝੁਕਅ ਦੇ ਕਾਰਨ ਹੀ ਉਸ ਵਿਚ ਉਸ ਸਮੇਂ ਸਮਲਿੰਗਤਾ ਦੀ ਰੁਚੀ ਪੈਦਾ ਹੋ ਜਾਂਦੀ ਹੈ ਜਦੋ ਰੂਪ ਨਾਂ ਦੀ ਕੁੜੀ ਉਸ ਦੀ ਦੇਖਭਾਲ ਲਈ ਆਉਂਦੀ ਹੈ ਤੇ ਉਸ ਨੂੰ ਸਮੇਂ ਸਿਰ ਦਵਾ-ਦਾਰੂ ਦਿੰਦੀ ਹੈ। ਉਹ ਰਾਤ ਨੂੰ ਉਸ ਦੀ ਦੇਖਭਾਲ ਲਈ ਉਸ ਦੇ ਨਾਲ ਹੀ ਰਹਿੰਦੀ ਹੈ। ਪ੍ਰਭ ਰੂਪ ਵੱਲ ਖਿੱਚੀ ਜਾਂਦੀ ਹੈ ਤੇ ਉਸ ਵਿੱਚੋਂ ਇੱਕ ਮਰਦ ਦੀ ਛੂਹ ਭਾਲਦੀ ਹੈ। ਉਸ ਨੂੰ ਰੂਪ ਦੀ ਬਾਹਾਂ ਵਿਚ ਉਹ ਸਕੂਨ ਮਿਲਦਾ ਹੈ ਜਿਸ ਲਈ ਉਹ ਦਿਨ-ਰਾਤ ਤੜਫਦੀ ਹੈ।

> "ਅੰਦਰ ਦੀ ਉਹ ਸੁਲਗਣ ਜਿਵੇਂ ਮੱਠੀ ਪੈ ਗਈ ਸੀ। ਰੂਪ ਦੀਆਂ ਬਾਹਾਂ ਵਿਚ ਮੈਨੂੰ ਸਕੂਨ ਮਿਲਦਾ। ਉਹ ਔਰਤ ਹੋ ਕੇ ਵੀ ਮੇਰੇ ਲਈ ਕਿਸੇ ਮਰਦ ਵਾਂਗ ਸੀ।"[23]

ਜਦੋਂ ਉਸ ਦੀ ਕਿਸੇ ਮਰਦ ਨੂੰ ਪਾਉਣ ਦੀ ਲੋੜ ਪੂਰੀ ਨਹੀਂ ਹੁੰਦੀ ਤਾਂ ਉਹ ਰੂਪ ਤੋਂ ਉਹ ਖੁਸ਼ੀ ਭਾਲਦੀ ਹੈ ਜਿਹੜੀ ਕਿ ਉਸ ਨੂੰ ਮਰਦ ਤੋਂ ਚਾਹੀਦੀ ਹੈ। ਪਰ ਜਦ ਰੂਪ ਦਾ ਵਿਆਹ ਕਿਤੇ ਹੋਰ ਤੈਅ ਹੁੰਦਾ ਹੈ ਤਾਂ ਪ੍ਰਭ ਇੱਕ ਵਾਰ ਫੇਰ ਉਦਾਸੀ ਦੇ ਘੇਰੇ ਵਿਚ ਚਲੀ ਜਾਂਦੀ ਹੈ। ਉਹ ਰੂਪ ਨੂੰ ਆਪਣੇ ਨਾਲ ਵਿਆਹ ਕਰਨ ਲਈ ਮਨਾਉਣ ਦੀ ਕੋਸ਼ਿਸ਼ ਕਰਦੀ ਹੈ ਜਿਸ ਨੂੰ ਕਿ ਰੂਪ ਠੁਕਰਾ ਦਿੰਦੀ ਹੈ। ਜਿਸ ਕਾਰਨ ਪ੍ਰਭ ਇੱਕ ਵਾਰ ਫੇਰ ਅੰਦਰੋਂ ਟੁੱਟ ਜਾਂਦੀ ਹੈ। ਇਸ ਤਰ੍ਹਾਂ ਇਹ ਕਹਾਣੀ ਜਿਨਸੀ-ਝੁਕਾਅ ਦੀ ਪੇਸ਼ਕਾਰੀ ਦੇ ਨਾਲ-ਨਾਲ ਸਮਲਿੰਗਤਾ ਦੇ ਮੁੱਦੇ ਨੂੰ ਵੀ ਸਾਹਮਣੇ ਲੈ ਕੇ ਆਉਂਦੀ ਹੈ। ਪਤੀ ਦੇ ਪਿਆਰ ਦੀ ਅਣਹੋਂਦ ਦੇ ਕਾਰਨ ਹੀ ਪ੍ਰਭ ਪਹਿਲਾਂ ਬੱਲਪ੍ਰੀਤ ਤੇ ਫਿਰ ਰੂਪ ਵੱਲ ਖਿੱਚੀ ਜਾਂਦੀ ਹੈ। ਕਾਮ-ਤ੍ਰਿਪਤੀ ਤੇ ਇਕੱਲਤਾ ਦੇ ਸੰਤਾਪ 'ਤੇ ਫੋਕਸ ਕਰਦਿਆਂ ਕਹਾਣੀਕਾਰ ਅਪਕ੍ਰਿਤਕ ਸੰਸਥਾ ਦੀ ਕਹਾਣੀ ਸਿਰਜਦਾ ਹੈ।

'ਲਾਲ ਚੂੜੀਆਂ' ਕਹਾਣੀ ਵਿਚ ਵੀ ਜਿਨਸੀ-ਝੁਕਾਅ ਦੀ ਪੇਸ਼ਕਾਰੀ ਮਿਲਦੀ ਹੈ। ਇਹ ਕਹਾਣੀ ਪਿਛਲ-ਝਾਤ ਤੇ ਆਧੁਨਿਕ ਦੋਹਾਂ ਸਮਿਆਂ ਵਿਚ ਸਮਾਨ ਰੂਪ ਵਿੱਚ ਚੱਲਦੀ ਹੈ। ਕਹਾਣੀ ਦੀ ਪਾਤਰ ਨਾਮੋ ਦੀ ਪੋਤੀ ਸੁਨੇਹਾ ਰਮਨ ਨਾਂ ਦੇ ਮੁੰਡੇ ਨੂੰ ਪਿਆਰ ਕਰਦੀ ਹੈ। ਜਦੋਂ ਨਾਮੋ ਨੂੰ ਇਹ ਗੱਲ ਪਤਾ ਲੱਗਦੀ ਹੈ ਤਾਂ ਉਸ ਨੂੰ ਆਪਣੀ ਜਵਾਨੀ ਯਾਦ ਆਉਂਦੀ ਹੈ। ਕਿਉਂਕਿ ਸੁਨੇਹਾ ਵਾਂਗ ਹੀ ਉਹ ਵੀ ਸੋਹਣ ਨਾਂ ਦੇ ਗੱਭਰੂ ਨੂੰ ਪਿਆਰ ਕਰਦੀ ਸੀ। ਪਰ ਜਦ ਨਾਮੋ ਦੇ ਮਾਂ-ਬਾਪ ਨੂੰ ਇਸ ਗੱਲ ਦਾ ਪਤਾ ਲੱਗਾ ਸੀ ਤਾਂ ਉਨ੍ਹਾਂ ਨੇ ਨਾਮੋ ਦਾ ਵਿਆਹ ਦੁੱਲੇ ਨਾਂ ਦੇ ਇੱਕ ਮੁੰਡੇ ਨਾਲ ਕਰ ਦਿੱਤਾ ਸੀ।

ਪਰ ਦੁੱਲੇ ਦਾ ਝੁਕਾਅ ਆਪਣੀ ਭਰਜਾਈ ਸੁੱਖੋ ਵੱਲ ਸੀ। ਉਸ ਦੇ ਸੁੱਖੋ ਨਾਲ ਨਜਾਇਜ਼ ਸਬੰਧ ਸਨ ਜਿਸ ਕਾਰਨ ਦੁੱਲਾ ਨਾਮੋ ਨਾਲ ਬਹੁਤ ਹੀ ਰੁੱਖਾ ਵਿਵਹਾਰ ਕਰਦਾ ਸੀ। ਜਿਸ ਕਾਰਨ ਨਾਮੋ ਉਸ ਨਾਲ ਪਤੀ-ਪਤਨੀ ਵਾਲਾ ਰਿਸ਼ਤਾ ਤਾਂ ਨਿਭਾਉਂਦੀ ਰਹੀ ਪਰ ਉਹ ਉਸ ਨੂੰ ਆਪਣੇ ਦਿਲ ਵਿਚ ਉਹ ਥਾਂ ਕਦੇ ਨਾ ਦੇ ਸਕੀ ਜੋ ਕਿ ਸੋਹਣ ਲਈ ਸੀ। ਉਸ ਨੇ ਦੁੱਲੇ ਨਾਲ ਆਪਣਾ ਰਿਸ਼ਤਾ ਸਰੀਰਕ ਤੌਰ 'ਤੇ ਤਾਂ ਨਿਭਾਇਆ ਪਰ ਦੁੱਲਾ ਉਸ ਨਾਲ ਰੂਹ ਦੀ ਉਹ ਸਾਂਝ ਨਾ ਪਾ ਸਕਿਆ ਜੋ ਕਿ ਸੋਹਣ ਨਾਲ ਸੀ। ਇਸ ਤਰ੍ਹਾਂ ਪਤੀ-ਪਤਨੀ ਦੋਹਾਂ ਦਾ ਹੀ ਝੁਕਾਅ ਇੱਕ ਦੂਜੇ ਵੱਲ ਨਹੀਂ ਸਗੋ ਕਿਸੇ ਹੋਰ ਲਈ ਰਿਹਾ। ਦੁੱਲਾ ਵੀ ਜਿੰਨੀ ਦੇਰ ਜਿਊਂਦਾ ਰਿਹਾ ਉਸ ਦਾ ਝੁਕਾਅ ਆਪਣੀ ਭਰਜਾਈ ਸੁੱਖੋ ਲਈ ਹੀ ਰਿਹਾ। ਇਹ ਕਹਾਣੀ ਜਿਨਸੀ-ਝੁਕਾਅ ਦੀ ਇੱਕ ਤਸਵੀਰ ਪੇਸ਼ ਕਰਦੀ ਹੈ। ਨਾਮੋ ਆਪਣੀ ਪੋਤੀ ਦੇ ਪਿਆਰ ਰਮਨ ਨੂੰ ਸਵੀਕਾਰ ਕਰਦੀ ਹੈ ਤੇ ਉਸ ਦੇ ਰਮਨ ਨਾਲ ਘਰੋਂ ਦੌੜਨ ਦੇ ਫ਼ੈਸਲੇ ਨੂੰ ਆਪਣੀ ਸਹਿਮਤੀ ਦਿੰਦੀ ਹੈ। ਇਸ ਤਰ੍ਹਾਂ ਇਹ ਕਹਾਣੀ ਪਤੀ-ਪਤਨੀ ਦੇ ਰਿਸ਼ਤੇ ਤੇ ਉਨ੍ਹਾਂ ਦੇ ਝੁਕਾਅ ਦੀ ਇੱਕ ਤਸਵੀਰ ਪੇਸ਼ ਕਰਦੀ ਹੈ।

'ਲਕੀਰ ਦੇ ਉਸ ਪਾਰ' ਵਿਚ ਜਿਨਸੀ-ਝੁਕਾਅ ਦੀ ਅਜਿਹੀ ਤਸਵੀਰ ਪੇਸ਼ ਕੀਤੀ ਗਈ ਹੈ ਜਿਸ ਵਿਚ ਦੇਖਿਆ ਗਿਆ ਹੈ ਕਿ ਕਿਵੇਂ ਜਿਨਸੀ ਝੁਕਾਅ ਦੇ ਕਾਰਨ ਆਧੁਨਿਕ ਮਨੁੱਖ ਲਈ ਆਪਣੀ ਹੋਂਦ ਦਾ ਸੰਕਟ ਖੜ੍ਹਾ ਹੋ

ਗਿਆ ਹੈ। ਕਹਾਣੀ ਦੀ ਪਾਤਰ ਕੀਰਤੀ ਫੈਸ਼ਨ-ਡਿਜ਼ਾਇਨਰ ਬਣਨ ਲਈ ਆਪਣੇ ਮਾਤਾ-ਪਿਤਾ ਦੇ ਫ਼ੈਸਲੇ ਦੇ ਖਿਲਾਫ਼ ਜਾ ਕੇ ਮੁੰਬਈ ਆਉਂਦੀ ਹੈ ਪਰ ਇੱਥੇ ਉਹ ਨੀਰਜ਼ ਨਾਂ ਦੇ ਮੁੰਡੇ ਨੂੰ ਮਿਲਦੀ ਹੈ ਤੇ ਉਸ ਵੱਲ ਖਿੱਚੀ ਚਲੀ ਜਾਂਦੀ ਹੈ। ਨੀਰਜ ਪ੍ਰਤੀ ਆਪਣੇ ਜਿਨਸੀ ਝੁਕਾਅ ਦੇ ਕਾਰਨ ਹੀ ਉਹ ਨੀਰਜ਼ ਨਾਲ ਬਿਨਾਂ ਵਿਆਹ ਕੀਤੇ ਰਹਿਣ ਲੱਗਦੀ ਹੈ ਜਿਸ ਕਾਰਨ ਉਹ ਗਰਭਵਤੀ ਵੀ ਹੁੰਦੀ ਹੈ ਪਰ ਨੀਰਜ਼ ਦੇ ਕਹਿਣ ਤੇ ਉਹ ਗਰਭਪਾਤ ਕਰਵਾ ਲੈਂਦੀ ਹੈ। ਕੀਰਤੀ ਨੀਰਜ਼ ਨਾਲ ਵਿਆਹ ਕਰਾਉਣਾ ਚਾਹੁੰਦੀ ਹੈ ਪਰ ਨੀਰਜ਼ ਵਿਆਹ ਕਰਾਉਣ ਦੇ ਪੱਖ ਵਿਚ ਨਹੀਂ ਹੁੰਦਾ ਸਗੋਂ ਉਹ ਆਰਤੀ ਨੂੰ ਵੀ ਵਿਆਹ ਦੇ ਬਾਰੇ ਨਾ ਸੋਚਣ ਲਈ ਕਹਿੰਦਾ ਹੈ। ਇੱਥੋਂ ਤੱਕ ਕਿ ਉਹ ਕੀਰਤੀ ਨੂੰ ਆਪਣੇ ਦੋਸਤ ਰਾਘਵ ਨਾਲ ਹਮਬਿਸਤਰ ਹੋਣ ਲਈ ਕਹਿੰਦਾ ਹੈ ਤੇ ਰਾਘਵ ਦੀ ਦੋਸਤ ਮੁਗਧਾ ਨਾਲ ਖੁਦ ਹਮਬਿਸਤਰ ਹੋਣਾ ਚਾਹੁੰਦਾ ਹੈ।

> "ਘਰੇਲੂ ਜਿਹੀਆਂ ਔਰਤਾਂ ਵਾਂਗ ਸੋਚਣਾ ਛੱਡ ਦੇ...। ਕੀ ਭੂਚਾਲ ਆ ਗਿਆ ਦੱਸ? ਘਸ ਗਿਆ ਮੇਰਾ ਕੁਝ। ਅਜ਼ਾਦ ਹਾਂ ਆਪਾਂ। ਯੂ ਨੋ...ਇੱਕੋਂ ਥਾਂਏ ਤਾਂ ਪਸ਼ੂ ਵੀ ਅੱਕ ਜਾਂਦਾ।"[24]

ਇੱਥੇ ਆਰਤੀ ਲਈ ਇੱਕ ਸੰਕਟ ਖੜ੍ਹਾ ਹੁੰਦਾ ਹੈ। ਉਹ ਇੱਕ ਦੋਰਾਹੇ 'ਤੇ ਖੜ੍ਹੀ ਹੈ ਤੇ ਉਸ ਨੂੰ ਸਮਝ ਨਹੀਂ ਆ ਰਿਹਾ ਕਿ ਉਹ ਕਿੱਧਰ ਨੂੰ ਜਾਵੇ। ਉਸ ਲਈ ਆਪਣੀ ਹੋਂਦ ਦਾ ਇੱਕ ਸੰਕਟ ਖੜ੍ਹਾ ਹੋ ਜਾਂਦਾ ਹੈ। ਨੀਰਜ਼ ਪ੍ਰਤੀ ਆਪਣੇ ਜਿਨਸੀ ਝੁਕਾਅ ਦੇ ਕਾਰਨ ਹੀ ਉਸ ਨੇ ਆਪਣੀ ਮਾਂ ਦੀ ਘਰ ਵਾਪਿਸ ਆਉਣ ਦੀ ਮੰਗ ਨੂੰ ਵੀ ਠੁਕਰਾ ਦਿੱਤਾ ਸੀ। ਉਸ ਨੂੰ ਆਪਣੇ ਫੈਸਲੇ ਉੱਪਰ ਪਛਤਾਵਾ ਵੀ ਹੈ ਪਰ ਨਾਲ ਹੀ ਉਸ ਨੂੰ ਆਪਣੇ ਫ਼ੈਸਲੇ ਉੱਪਰ ਮਾਣ ਵੀ ਹੈ ਕਿਉਂਕਿ ਉਹ ਜਾਣਦੀ ਹੈ ਕਿ ਜੇਕਰ ਉਹ ਆਪਣੇ ਛੋਟੇ ਜਿਹੇ ਸ਼ਹਿਰ ਵਿਚ ਹੁੰਦੀ ਤਾਂ ਕਦੋਂ ਦੀ ਵਿਆਹ ਕਰਵਾ ਚੁੱਕੀ ਹੁੰਦੀ। ਉਸ ਦੇ ਮਨ ਵਿਚ ਇੱਕ ਅਜੀਬ ਜਿਹਾ ਦਵੰਦ ਚੱਲਦਾ ਹੈ।

> "ਪਰ ਫਿਰ ਵੀ ਕਿਉਂ ਬਣਨਾ ਚਾਹੁੰਦੀ ਹੈ ਮੈਂ ਕੀਰਤੀ ਕੁੰਦਰਾ? ਹੈ ਕੋਈ ਇਸ ਦਾ ਜਵਾਬ। ਕਦੇ ਖ਼ੁਦ ਹੀ ਤਾਂ ਨਿਕਲੀ ਸਾਂ ਮੈਂ...ਠੁਕਰਾ ਕੇ ਹਰ ਐਸੀ ਰੀਤ ਨੂੰ। ਫਿਰ ਇਹ ਕੀਰਤੀ ਕੁੰਦਰਾ ਬਣਨ ਵਾਲੀ ਰੀਝ ਕਿਸ ਆਰਤੀ ਦੀ ਹੈ ਭਲਾ?..."[25]

'ਉਸ ਪਲ' ਕਹਾਣੀ ਜਿਨਸੀ-ਝੁਕਾਅ ਦੀ ਇੱਕ ਖ਼ੂਬਸੂਰਤ ਤਸਵੀਰ ਪੇਸ਼ ਕਰਦੀ ਹੈ। ਕਹਾਣੀ ਦੀ ਨਾਇਕਾ ਦੋਹਰੇਪਨ ਦੀ ਸ਼ਿਕਾਰ ਹੈ। ਨੌਕਰੀ, ਪੈਸਾ, ਵਿਆਹ, ਬੱਚਾ ਸਭ ਕੁਝ ਹੋਣ ਦੇ ਬਾਵਜੂਦ ਵੀ ਉਹ ਆਪਣੀ ਜ਼ਿੰਦਗੀ ਤੋਂ ਸੰਤੁਸ਼ਟ ਨਹੀਂ ਹੈ। ਇਸੇ ਸੰਤੁਸ਼ਟੀ ਦੀ ਪ੍ਰਾਪਤੀ ਲਈ ਉਹ ਬਾਹਰ ਸੰਬੰਧ ਬਣਾਉਂਦੀ ਹੈ। ਉਸ ਦਾ ਪ੍ਰੇਮੀ ਵੀ ਹੈ। ਪਰ ਫਿਰ ਵੀ ਉਸ ਨੂੰ ਆਪਣੀ ਜ਼ਿੰਦਗੀ ਵਿਚ ਕੋਈ ਕਮੀ ਲੱਗਦੀ ਹੈ। ਉਹ ਮਾਨਸਿਕ ਗੁੰਝਲਤਾ ਦੀ ਸ਼ਿਕਾਰ ਹੈ। ਉਸ ਨੂੰ ਸਮਝ ਨਹੀਂ ਆ ਰਿਹਾ ਹੈ ਕਿ ਉਹ ਕੀ ਕਰੇ? ਕਿੱਧਰ ਜਾਵੇ। ਉਹ ਕਦੀ ਆਪਣੇ ਪਤੀ ਵੱਲ ਖਿੱਚੀ ਜਾਂਦੀ ਹੈ ਤੇ ਕਦੀ ਆਪਣੇ ਪ੍ਰੇਮੀ ਵੱਲ। ਪਰ ਉਸ ਨੂੰ ਉਹ ਸ਼ਾਂਤੀ ਤੇ ਸੰਤੁਸ਼ਟੀ ਨਹੀਂ ਮਿਲ ਰਹੀ ਜਿਸ ਦੀ ਕਿ ਉਹ ਇੱਛਾ ਕਰਦੀ ਹੈ। ਇਸੇ ਤਰ੍ਹਾਂ ਉਸ ਦਾ ਪ੍ਰੇਮੀ ਜੋ ਕਿ ਉਸ ਨੂੰ ਬਹੁਤ ਪਿਆਰ ਕਰਦਾ ਹੈ ਤੇ ਉਸ ਨਾਲ ਵਿਆਹ ਕਰਾਉਣਾ ਚਾਹੁੰਦਾ ਹੈ ਪਰ ਉਸ ਦੀ ਅਜਿਹੀ ਹਾਲਤ ਦੇਖ ਕੇ ਉਹ ਵੀ ਦੁਖੀ ਹੁੰਦਾ ਹੈ। ਉਸ ਨੂੰ ਲੱਗਦਾ ਹੈ ਕਿ ਉਸ ਦਾ ਪਤੀ ਸਿਰਫ ਆਪਣੇ ਮਤਲਬ ਲਈ ਉਸ ਨੂੰ ਵਰਤ ਰਿਹਾ ਹੈ ਕਿਉਂਕਿ ਉਹ ਆਪਣੇ ਪਤੀ ਦੀ ਹਰ

ਇੱਛਾ ਪੂਰੀ ਕਰਦੀ ਹੈ। ਉਹ ਖ਼ੁਦ ਕਮਾਉਂਦੀ ਹੈ ਤੇ ਆਪਣੇ ਪਤੀ ਨੂੰ ਐਸ਼ ਕਰਾ ਰਹੀ ਹੈ। ਪਰ ਉਸ ਦਾ ਪ੍ਰੇਮੀ ਉਸ ਨੂੰ ਆਪਣੇ ਪਤੀ ਦੀਆਂ ਬਾਹਾਂ ਵਿਚ ਦੇਖ ਕੇ ਤਿਲਮਿਲਾ ਉੱਠਦਾ ਹੈ ਤੇ ਉਸ ਨੂੰ ਮੁਕੰਮਲ ਤੌਰ 'ਤੇ ਪਾਉਣਾ ਚਾਹੁੰਦਾ ਹੈ।

"ਉਹ ਕਬਜ਼ਾ ਕਰੀ ਬੈਠਾ ਹੈ ਉਸ 'ਤੇ ਤੇ ਮੈਂ ਚਾਹੁੰਦਾ ਹਾਂ ਕਿ ਉਹ ਬੱਸ ਮੇਰੇ ਕੋਲ ਹੋਵੇ।"[26]

ਇਸ ਤਰ੍ਹਾਂ ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਦੇ ਨਿਘਾਰ ਵੱਲ ਜਾਣ ਦੀ ਯਥਾਰਥਕ ਤਸਵੀਰ ਪੇਸ਼ ਕੀਤੀ ਗਈ ਹੈ। ਜਿਉਂ ਜਿਉਂ ਸਮਾਜ ਦਾ ਤਕਨਾਲੋਜੀ ਦੇ ਪੱਖ ਤੋਂ ਵਿਕਾਸ ਹੋ ਰਿਹਾ ਹੈ ਤਿਉਂ ਤਿਉਂ ਮਨੁੱਖੀ ਰਿਸ਼ਤਿਆਂ ਦਾ ਨਿਘਾਰ ਤੇਜ਼ ਹੁੰਦਾ ਜਾ ਰਿਹਾ ਹੈ। ਜਿਸ ਕਾਰਨ ਮਨੁੱਖ ਅੰਦਰੋਂ ਆਦਰਸ਼ਕ, ਨੈਤਿਕ, ਸਦਾਚਾਰਕ ਕਦਰਾਂ ਕੀਮਤਾਂ ਖ਼ਤਮ ਹੁੰਦੀਆਂ ਰਹੀਆਂ ਹਨ। ਮਨੁੱਖੀ ਚਿਹਰਿਆਂ ਤੋਂ ਖੁਸ਼ਹਾਲੀ ਅਤੇ ਖੇਤਾਂ 'ਚੋਂ ਹਰਿਆਲੀ ਵੀ ਖਤਮ ਹੋ ਰਹੀ ਹੈ। ਜਿਸ ਨਾਲ ਮਨੁੱਖ ਨੂੰ ਸਰੀਰਕ ਤੇ ਮਾਨਸਿਕ ਰੋਗ ਚਿੰਬੜ ਰਹੇ ਹਨ। ਮਨੁੱਖ ਅੰਦਰੋਂ ਹਾਸਾ ਤੇ ਆਨੰਦ ਗੁਆਚ ਗਿਆ ਹੈ। ਮਨੁੱਖ ਦੀਆਂ ਪਦਾਰਥਕ ਰੁਚੀਆਂ ਨੇ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੱਤਾ ਸਗੋਂ ਮਸ਼ੀਨ ਬਣਾ ਦਿੱਤਾ ਹੈ।

## ਹਵਾਲੇ ਅਤੇ ਟਿੱਪਣੀਆਂ:-


1. ਸਿਮਰਨ ਧਾਲੀਵਾਲ, ਆਸ ਅਜੇ ਬਾਕੀ ਹੈ, ਪੰਨਾ 16
2. ਉਹੀ, ਪੰਨਾ 26
3. ਉਹੀ, ਪੰਨਾ 34
4. ਉਹੀ, ਪੰਨਾ 49
5. ਉਹ, ਪੰਨਾ 57
6. ਉਹ, ਪੰਨਾ 66
7. ਉਹ, ਪੰਨਾ 71
8. ਉਹ, ਪੰਨਾ 19
9. ਉਹ, ਪੰਨਾ 33
10. ਉਹੀ
11. ਉਹ, ਪੰਨਾ 49
12. ਉਹ, ਪੰਨਾ 66
13. ਉਹ, ਪੰਨਾ 67
14. ਸਿਮਰਨ ਧਾਲੀਵਾਲ, ਉਸ ਪਲ, ਪੰਨਾ 46
15. ਉਹੀ, 91
16. ਸਿਮਰਨ ਧਾਲੀਵਾਲ, ਆਸ ਅਜੇ ਬਾਕੀ ਹੈ, ਪੰਨਾ 13
17. ਸਿਮਰਨ ਧਾਲੀਵਾਲ, ਉਸ ਪਲ, ਪੰਨਾ 89
18. ਉਹੀ।
19. ਉਹੀ, ਪੰਨਾ 75
20. ਸਿਮਰਨ ਧਾਲੀਵਾਲ, ਆਸ ਅਜੇ ਬਾਕੀ ਹੈ, ਪੰਨਾ 28
21. ਸਿਮਰਨ ਧਾਲੀਵਾਲ, ਉਸ ਪਲ, ਪੰਨਾ 30
22. ਉਹੀ, 63
23. ਉਹੀ, 66
24. ਸਿਮਰਨ ਧਾਲੀਵਾਲ, ਉਸ ਪਲ, ਪੰਨਾ 24
25. ਉਹੀ, 26
26. ਉਹੀ, 55

# ਅਧਿਆਇ ਚੌਥਾ

## ਸਿਮਰਨ ਧਾਲੀਵਾਲ ਦੀਆਂ ਕਹਾਣੀਆਂ 'ਚ ਮਨੁੱਖੀ ਰਿਸ਼ਤਿਆਂ ਦਾ ਮੰਡੀਕਰਨ

ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਦੇ ਮੰਡੀਕਰਨ ਦੀ ਤਸਵੀਰ ਪੇਸ਼ ਕੀਤੀ ਗਈ ਹੈ। ਵਿਸ਼ਵੀਕਰਨ ਨੇ ਹਰ ਇੱਕ ਚੀਜ਼ ਨੂੰ ਵਿਕਾਊ ਬਣਾ ਦਿੱਤਾ ਹੈ। ਆਧੁਨਿਕਤਾ ਦੀ ਆੜ ਵਿਚ ਮਨੁੱਖ ਨੇ ਮਾਨਵੀ ਰਿਸ਼ਤਿਆਂ ਦਾ ਘਾਣ ਕਰ ਕੇ ਰੱਖ ਦਿੱਤਾ ਹੈ। ਪੈਸਾ ਕਮਾਉਣ ਤੇ ਵਿਕਾਸ ਦੀ ਦੌੜ ਪਿੱਛੇ ਪਾਗਲ ਮਨੁੱਖ ਆਪਣਿਆਂ ਤੋਂ ਹੀ ਦੂਰ ਹੋ ਰਿਹਾ ਹੈ। ਆਪਣੇ ਹੀ ਢਿੱਡੋਂ ਜੰਮੇ ਅੱਜ ਮਾਂ-ਬਾਪ ਦੇ ਖ਼ੂਨ ਦੇ ਪਿਆਸੇ ਹੋ ਗਏ ਹਨ। ਰਿਸ਼ਤਿਆਂ ਦਾ ਮੰਡੀਕਰਨ ਸ਼ੁਰੂ ਹੋ ਗਿਆ ਹੈ। ਹਰ ਰਿਸ਼ਤੇ ਦੀ ਇੱਕ ਕੀਮਤ ਲੱਗਦੀ ਹੈ। ਪੈਸੇ ਨਾਲ ਹਰ ਰਿਸ਼ਤਾ ਕਾਇਮ ਕੀਤਾ ਜਾ ਸਕਦਾ ਹੈ। ਪੈਸੇ ਨਾਲ ਰਿਸ਼ਤੇ ਤਾਂ ਕੀ ਜ਼ਮੀਰ ਵੀ ਖਰੀਦੇ ਜਾ ਸਕਦੇ ਹਨ। ਹਰ ਰਿਸ਼ਤੇ ਦੀ ਇੱਕ ਬੋਲੀ ਲੱਗਦੀ ਹੈ। ਜਿਸ ਕੋਲ ਪੈਸਾ ਹੈ ਉਸ ਲਈ ਰਿਸ਼ਤੇ ਕੋਈ ਮਾਇਨੇ ਨਹੀਂ ਰੱਖਦੇ। ਸਗੋਂ ਉਸ ਨੂੰ ਤਾਂ ਲੱਗਦਾ ਹੈ ਕਿ ਜੇ ਕੋਲ ਪੈਸਾ ਆ ਗਿਆ ਤਾਂ ਸਭ ਰਿਸ਼ਤੇ ਵੀ ਉਸ ਕੋਲ ਆਪਣੇ ਆਪ ਆ ਜਾਣਗੇ। ਇਸੇ ਲਈ ਉਹ ਰਿਸ਼ਤਿਆਂ ਨੂੰ ਕੋਈ ਅਹਿਮੀਅਤ ਨਹੀਂ ਦੇ ਰਿਹਾ। ਬੱਸ ਪੈਸੇ ਦੇ ਜ਼ੋਰ ਨਾਲ ਹਰ ਚੀਜ਼ ਖਰੀਦ ਲੈਣੀ ਚਾਹੁੰਦਾ ਹੈ। ਇਹ ਪਦਾਰਥਵਾਦੀ ਯੁੱਗ ਦੀ ਹੀ ਦੇਣ ਹੈ ਕਿ ਰਿਸ਼ਤਿਆਂ ਵਿੱਚੋਂ ਭਾਵਨਾਵਾਂ ਅਤੇ ਸੰਵੇਗਾਂ ਦੀ ਹੋਂਦ ਅਲੋਪ ਹੋ ਗਈ ਹੈ ਅਤੇ ਰਿਸ਼ਤਿਆਂ ਦੇ ਜਨਮਾਂ ਜਨਮਾਤਰਾਂ ਤੱਕ ਬੰਨ੍ਹੇ ਰਹਿਣ ਦੇ ਸੰਕਲਪ ਦੀ ਭਾਲ ਵੀ ਅਸੰਭਵ ਜਾਪਦੀ ਹੈ। ਅਜੋਕੇ ਸਮੇਂ ਵਿਚ ਬੇਗਾਨਿਆਂ ਵਿਚ ਆਪਣਿਆਂ ਅਤੇ ਆਪਣਿਆਂ ਵਿਚ ਆਪਣੇਪਨ ਦੀ ਭਾਲ ਕਾਰਨ ਇਨਸਾਨ, ਬੇਗਾਨਗੀ ਦੀ ਸਥਿਤੀ ਹੰਢਾਉਂਦਾ ਨਜ਼ਰ ਆਉਂਦਾ ਹੈ। ਇਨ੍ਹਾਂ ਰਿਸ਼ਤਿਆਂ ਦੇ ਮਖੋਟਿਆਂ ਤੋਂ ਸੰਵੇਦਨਸ਼ੀਲ ਮਨੁੱਖ ਸਦਾ ਤੋਂ ਧੋਖੇ ਖਾਂਦਾ ਆ ਰਿਹਾ ਹੈ। ਕਿਉਂਕਿ ਆਧੁਨਿਕ ਮਨੁੱਖ ਦੇ ਮਖੋਟਿਆਂ ਦਾ ਰੂਪ ਇਨ੍ਹਾਂ ਪਰਿਵਰਤਿਤ ਹੋ ਚੁੱਕਿਆ ਹੈ, ਜਿਸ ਨੂੰ ਪਹਿਚਾਨਣਾ ਅਤਿਅੰਤ ਕਠਿਨ ਜਾਪਦਾ ਹੈ।

ਆਧੁਨਿਕ ਪੂੰਜੀਵਾਦੀ ਯੁੱਗ ਵਿਚ ਰਿਸ਼ਤਿਆਂ ਦੀ ਤਾਮੀਰ ਵੀ ਭੋਗਵਾਦੀ ਬਣਦੀ ਜਾ ਰਹੀ ਹੈ। ਸਮਾਜਿਕ ਕਦਰਾਂ-ਕੀਮਤਾਂ ਦਾ ਵਿਖਾਵਾ ਕਰਦਾ ਮਨੁੱਖ ਅੰਦਰਖਾਤੇ ਇਸੇ ਭੋਗਵਾਦੀ ਸੰਸਾਰ ਦਾ ਅੰਗ ਬਣ ਚੁੱਕਿਆ ਨਜ਼ਰ ਆਉਂਦਾ ਹੈ ਇਸੇ ਲਈ ਤਾਂ ਉਹ ਰਿਸ਼ਤਿਆਂ ਦੀ ਕੀਮਤ ਲਗਾਉਂਦਾ ਹੈ। ਇਸੇ ਲਈ ਉਹ ਅਜੋਕੇ ਸਮਾਜਿਕ ਪ੍ਰਬੰਧ ਵਿਚ ਵਿਚਰਦਿਆਂ ਰਿਸ਼ਤਿਆਂ ਦੀ ਸਾਂਝ ਅਤੇ ਅਤੀਤ ਤੋਂ ਲਗਾਤਾਰ ਟੁੱਟ ਰਿਹਾ ਹੈ। ਵਿਸ਼ਵੀਕਰਨ ਤੇ ਪੂੰਜੀਵਾਦੀ ਸਿਸਟਮ ਨੇ ਰਿਸ਼ਤਿਆਂ ਨੂੰ ਗਹਿਰੀ ਸੱਟ ਮਾਰੀ ਹੈ। ਰਿਸ਼ਤਿਆਂ ਦੇ ਅਜਿਹੇ ਮੰਡੀਕਰਨ ਦੀ ਪੇਸ਼ਕਾਰੀ ਧਾਲੀਵਾਲ ਦੇ ਕਹਾਣੀ-ਸੰਗ੍ਰਹਿ 'ਆਸ ਅਜੇ ਬਾਕੀ ਹੈ' ਤੇ 'ਉਸ ਪਲ' ਵਿਚ ਦੇਖਣ ਨੂੰ ਮਿਲਦੀ ਹੈ। ਜਿੱਥੇ ਪਹਿਲਾਂ ਰਿਸ਼ਤੇ ਪਿਆਰ ਤੇ ਸਤਿਕਾਰ ਨਾਲ ਨਿਭਾਏ ਜਾਂਦੇ ਸੀ ਉੱਥੇ ਅੱਜ ਉਹੀ ਰਿਸ਼ਤੇ ਪੈਸੇ ਅਤੇ ਸ਼ਰਤਾਂ ਨਾਲ਼ ਨਿਭਾਏ ਜਾਂਦੇ ਹਨ। ਜਿਵੇਂ 'ਘੁੰਮਣਘੇਰੀਆਂ' ਵਿਚ ਜੈਲੀ ਦੀ ਪਤਨੀ ਗੁਰਜੀਤ ਜਾਣਦੀ ਹੈ ਕਿ ਉਸ ਦਾ ਪਤੀ ਜੈਲੀ ਗਰੀਬ ਹੋਣ ਕਰ ਕੇ ਉਸ ਦੀਆਂ ਸਾਰੀਆਂ ਇੱਛਾਵਾਂ ਦੀ ਪੂਰਤੀ ਨਹੀਂ ਕਰ ਸਕਦਾ। ਇਸੇ ਲਈ ਉਹ ਸਰਪੰਚ ਦੇ ਮੁੰਡੇ ਕੁਲਦੀਪ ਨਾਲ ਨਜਾਇਜ਼ ਰਿਸ਼ਤਾ ਜੋੜਦੀ ਹੈ ਕਿਉਂਕਿ ਉਸ ਨੂੰ ਉਮੀਦ ਹੈ ਕਿ ਕੁਲਦੀਪ ਉਸ ਦੀਆਂ ਸਾਰੀਆਂ

ਇੱਛਾਵਾਂ ਦੀ ਪੂਰਤੀ ਕਰ ਸਕਦਾ ਹੈ ਕਿਉਂਕਿ ਉਸ ਕੋਲ ਪੈਸੇ ਦੀ ਕੋਈ ਕਮੀ ਨਹੀਂ ਹੈ। ਇਹ ਰਿਸ਼ਤਿਆਂ ਦਾ ਮੰਡੀਕਰਨ ਹੀ ਤਾਂ ਹੈ। ਇੰਝ ਨਹੀਂ ਕਿ ਉਸ ਦੇ ਕੁਲਦੀਪ ਨਾਲ ਨਜਾਇਜ਼ ਸੰਬੰਧਾਂ ਦਾ ਕਿਸੇ ਨੂੰ ਪਤਾ ਨਹੀਂ ਹੁੰਦਾ। ਜੈਲੀ ਦੇ ਪਿਤਾ ਨੂੰ ਸਭ ਪਤਾ ਹੁੰਦਾ ਹੈ ਪਰ ਫੇਰ ਵੀ ਉਸ ਨੂੰ ਸਬਰ ਦਾ ਘੁੱਟ ਭਰਨਾ ਪੈਂਦਾ ਹੈ ਕਿਉਂਕਿ ਉਹ ਸਰਪੰਚ ਦਾ ਕਰਜ਼ਦਾਰ ਹੈ। ਉਹ ਜਾਣਦਾ ਹੈ ਕਿ ਜੇਕਰ ਉਹ ਇਸਦਾ ਵਿਰੋਧ ਕਰੇਗਾ ਤਾਂ ਸਰਪੰਚ ਉਸ ਕੋਲੋਂ ਕਰਜ਼ਾ ਵਾਪਿਸ ਕਰਨ ਨੂੰ ਕਹੇਗਾ ਜੋ ਕਿ ਉਹ ਨਹੀਂ ਕਰ ਸਕਦਾ। ਦੂਸਰਾ ਉਸ ਦੇ ਵਿਰੋਧ ਕਰਨ ਨਾਲ ਉਸ ਦੀ ਨੂੰਹ ਘਰ ਛੱਡ ਕੇ ਚਲੀ ਜਾਏਗੀ ਤੇ ਉਸ ਦੇ ਪੁੱਤਰ ਦਾ ਵਸਿਆ-ਵਸਾਇਆ ਘਰ ਉੱਜੜ ਜਾਏਗਾ। ਇਸ ਲਈ ਉਹ ਸਭ ਜਾਣਦੇ ਹੋਏ ਵੀ ਆਪਣੀਆਂ ਅੱਖਾਂ ਬੰਦ ਕਰ ਲੈਂਦਾ ਹੈ ਕਿਉਂਕਿ ਉਹ ਇੱਕ ਤਾਂ ਆਪਣੇ ਪੁੱਤਰ ਦਾ ਘਰ ਨਹੀਂ ਉਜਾੜਨਾ ਚਾਹੁੰਦਾ ਤੇ ਦੂਸਰਾ ਸਰਪੰਚ ਦੇ ਖਿਲਾਫ਼ ਵੀ ਨਹੀਂ ਜਾਣਾ ਚਾਹੁੰਦਾ। ਗੁਰਜੀਤ ਵੀ ਆਪਣੀਆਂ ਆਰਥਿਕ ਲੋੜਾਂ ਦੀ ਪੂਰਤੀ ਲਈ ਕੁਲਦੀਪ ਨਾਲ ਸੰਬੰਧ ਬਣਾਉਂਦੀ ਹੈ। ਜੈਲੀ ਇਹ ਸਭ ਰੋਕਣਾ ਚਾਹੁੰਦਾ ਹੈ ਪਰ ਸਰਪੰਚ ਦਾ ਕਰਜ਼ਦਾਰ ਹੋਣ ਕਰਕੇ ਉਸ ਨੂੰ ਕੋਈ ਰਾਹ ਨਜ਼ਰ ਨਹੀਂ ਆਉਂਦਾ।

> "ਮੈਂ ਉਸ ਦੀ ਪਿੱਠ ਘੂਰਦਾ ਰਹਿ ਗਿਆ। ਕੁਲਦੀਪ ਦੀ ਪੈੜ-ਚਾਲ ਕਈ ਦਿਨ ਮੇਰੇ ਦਿਮਾਗ ਵਿਚ ਗੂੰਜਦੀ ਰਹੀ। ਨੀਂਦ ਹਰਾਮ ਹੋ ਗਈ ਸੀ ਜਿਵੇਂ। ਮੈਂ ਸਰਪੰਚ ਕਿਆਂ ਨੂੰ ਘਰ ਵੜਨੋਂ ਕਿਵੇਂ ਰੋਕਦਾ? ਕਰਜ਼ ਲਾਹੇ ਬਿਨ੍ਹਾਂ...! ਪਰ ਇੰਨਾ ਪੈਸਾ? ਮੈਂ ਸੋਚ ਕੇ ਵੀ ਪ੍ਰੇਸ਼ਾਨ ਹੋ ਉੱਠਦਾ। ਘਰ ਦੀ ਗੱਡੀ ਹੀ ਮਸਾਂ ਰਿੜਦੀ ਪਈ ਸੀ। ਪੈਸਾ ਆਉਂਦਾ 'ਤੇ ਤੁਰਿਆ ਜਾਂਦਾ।"[1]

ਇਹ ਕਹਾਣੀ ਰਿਸ਼ਤਿਆ ਦੇ ਮੰਡੀਕਰਨ ਨੂੰ ਦਰਸਾਉਂਦੀ ਹੈ।

ਕਈ ਵਾਰ ਇਨਸਾਨ ਸਭ ਕੁਝ ਜਾਣਦੇ ਹੋਏ ਵੀ ਕੁਝ ਨਹੀਂ ਕਰ ਸਕਦਾ ਕਿਉਂਕਿ ਉਸ ਸਮੇਂ ਉਹ ਬੇਵੱਸ ਹੁੰਦਾ ਹੈ। ਜਿਵੇਂ ਕਿ 'ਮੈਂ ਨਾਟਕ ਤੇ ਜ਼ਿੰਦਗੀ' ਵਿਚ ਦੇਖਿਆ ਗਿਆ ਹੈ ਕਿ ਨਵਜੀਤ ਦਾ ਪਤੀ ਨਰਿੰਦਰ ਉਸ ਨੂੰ ਛੱਡ ਕੇ ਬਾਜ਼ਾਰੂ ਔਰਤ ਕੋਲ ਜਾਂਦਾ ਹੈ। ਉਹ ਵਿਰੋਧ ਕਰਦੀ ਹੈ ਪਰ ਫੇਰ ਵੀ ਉਹ ਨਹੀਂ ਮੰਨਦਾ ਜਿਸ ਦੇ ਨਤੀਜੇ ਵਜੋਂ ਨਵਜੀਤ ਵੀ ਡਾ. ਗੈਰੀ ਨਾਲ ਸੰਬੰਧ ਜੋੜਦੀ ਹੈ ਕਿਉਂਕਿ ਉਹ ਉਸ ਦੀਆਂ ਸਰੀਰਕ ਤੇ ਮਾਨਸਿਕ ਲੋੜਾਂ ਦੀ ਪੂਰਤੀ ਕਰਦਾ ਹੈ ਜੋ ਕਿ ਉਸ ਦਾ ਪਤੀ ਨਰਿੰਦਰ ਨਹੀਂ ਕਰ ਪਾਉਂਦਾ। ਉਸ ਦਾ ਪਤੀ ਉਸ ਦਾ ਰੂਹ ਦਾ ਹਾਣੀ ਨਹੀਂ ਬਣਦਾ ਜਦੋਂ ਕਿ ਡਾ. ਗੈਰੀ ਉਸ ਦੀ ਭਾਵਨਾਵਾਂ ਦੀ ਕਦਰ ਕਰਦਾ ਹੋਇਆ ਉਸ ਦੀ ਰੂਹ ਨਾਲ ਇਕਮਿਕ ਹੁੰਦਾ ਹੈ। ਇੱਥੋਂ ਤੱਕ ਕਿ ਉਹ ਨਵਜੀਤ ਦੇ ਮਾਂ ਬਣਨ ਦੇ ਸੁਪਨੇ ਨੂੰ ਵੀ ਪੂਰਾ ਕਰਨ ਦੀ ਕੋਸ਼ਿਸ਼ ਕਰਦਾ ਹੈ।

ਨਰਿੰਦਰ ਆਪਣੀ ਪਤਨੀ ਦੇ ਡਾ. ਗੈਰੀ ਨਾਲ ਸੰਬੰਧ ਹੋਣ ਬਾਰੇ ਜਾਣਦਾ ਹੈ ਨਵਜੀਤ ਨੂੰ ਥੱਪੜ ਵੀ ਮਾਰਦਾ ਹੈ ਪਰ ਕਿਤੇ ਨਾ ਕਿਤੇ ਉਹ ਵੀ ਜਾਣਦਾ ਹੈ ਕਿ ਉਹ ਆਪਣੀ ਪਤਨੀ ਨੂੰ ਉਹ ਸੁੱਖ ਦੇਣ ਤੇ ਉਹ ਖੁਸ਼ੀ ਦੇਣ ਦੇ ਅਸਮੱਰਥ ਹੈ ਜਿਸ ਦੀ ਕਿ ਉਸ ਨੂੰ ਲੋੜ ਹੈ। ਇਸ ਲਈ ਉਹ ਨਵਜੀਤ ਤੋਂ ਦੂਰ ਹੁੰਦਾ ਜਾਂਦਾ ਹੈ। ਇੱਥੇ ਵੀ ਰਿਸ਼ਤਿਆਂ ਦੇ ਮੰਡੀਕਰਨ ਦੀ ਝਲਕ ਮਿਲਦੀ ਹੈ। ਪਰ ਨਵਜੀਤ ਪਤੀ-ਪਤਨੀ ਦੇ ਰਿਸ਼ਤੇ ਵਿਚ ਆਏ ਇਸ ਨਿਘਾਰ ਲਈ ਜ਼ਿਆਦਾ ਜ਼ਿੰਮੇਵਾਰ ਹੈ ਕਿਉਂਕਿ ਉਹ ਇੱਕ ਵਿਆਹੁਤਾ ਔਰਤ ਹੈ। ਉਸ ਦੀਆਂ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਹਨ। ਜੇ ਉਸ ਦਾ ਪਤੀ ਨਰਿੰਦਰ ਉਸ ਨੂੰ ਛੱਡ ਕੇ ਗਲਤ ਰਾਹ ਤੇ ਪੈ ਗਿਆ ਹੈ ਤਾਂ ਉਸ ਨੂੰ ਆਪਣੇ

ਪਤੀ ਨੂੰ ਸਹੀ ਰਾਹ ਤੇ ਲੈ ਕੇ ਆਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਸ ਨੂੰ ਆਪਣੇ ਪਤੀ ਨਾਲ ਗੱਲ ਕਰਨੀ ਚਾਹੀਦੀ ਹੈ ਤੇ ਉਸ ਨੂੰ ਸਮਝਣ ਦੀ ਇੱਕ ਕੋਸ਼ਿਸ਼ ਤਾਂ ਕਰਨੀ ਹੀ ਚਾਹੀਦੀ ਹੈ। ਪਰ ਉਹ ਅਜਿਹਾ ਨਹੀਂ ਕਰਦੀ ਸਗੋਂ ਆਪਣੇ ਪਤੀ ਦਾ ਸਾਥ ਛੱਡ ਕੇ ਡਾ. ਗੈਰੀ ਨਾਮ ਦੇ ਅਨਜਾਣ ਸ਼ਖ਼ਸ਼ ਉੱਪਰ ਵਿਸ਼ਵਾਸ ਕਰਦੀ ਹੈ ਤੇ ਉਸ ਨਾਲ ਇੱਕ ਨਜਾਇਜ਼ ਜੋੜਦੀ ਹੈ, ਜੋ ਕਿ ਬਿਲਕੁਲ ਹੀ ਗਲਤ ਹੈ। ਦੂਸਰਾ ਉਸ ਕੋਲ ਇਸ ਗੱਲ ਦਾ ਕੋਈ ਸਬੂਤ ਵੀ ਨਹੀਂ ਹੈ ਕਿ ਉਸ ਦਾ ਪਤੀ ਉਸ ਨੂੰ ਧੋਖਾ ਦੇ ਰਿਹਾ ਹੈ ਜਾਂ ਨਹੀਂ। ਪਰ ਫੇਰ ਵੀ ਉਹ ਆਪਣੇ ਪਤੀ ਉੱਪਰ ਸ਼ੱਕ ਕਰਦੀ ਹੈ। ਉਸ ਨੂੰ ਲੱਗਦਾ ਹੈ ਕਿ ਉਸ ਦਾ ਪਤੀ ਕਿਸੇ ਬਜ਼ਾਰੂ ਔਰਤ ਕੋਲ ਜਾਂਦਾ ਹੈ। ਜਿਸ ਕਾਰਨ ਉਨ੍ਹਾਂ ਦੋਹਾਂ ਦੇ ਰਿਸ਼ਤੇ ਵਿਚ ਇੱਕ ਖਾਈ ਬਣ ਜਾਂਦੀ ਹੈ ਤੇ ਰਿਸ਼ਤਾ ਨਿਘਾਰ ਵੱਲ ਤੁਰ ਪੈਂਦਾ ਹੈ। ਕਿਉਂਕਿ ਦੋਵੇਂ ਪਤੀ-ਪਤਨੀ ਇੱਕ ਛੱਤ ਥੱਲੇ ਰਹਿ ਕੇ ਵੀ ਅਨਜਾਣ ਹਨ। ਦੋਵੇਂ ਇੱਕ ਦੂਜੇ ਕੋਲੋਂ ਆਪਣਾ-ਆਪਣਾ ਦੁੱਖ ਛੁਪਾ ਰਹੇ ਹਨ।

> "ਨਰਿੰਦਰ ਨੇ ਪੂਰੀ ਰਾਤ ਪਤਾ ਨਹੀਂ ਕਿੱਥੇ ਬਿਤਾਈ। ਉਹ ਮੇਰੇ ਤੋਂ ਦੂਰ ਰਹਿਣ ਲੱਗਾ ਸੀ। ਇਹ ਦੂਰੀ ਮਨ ਦੀ ਵੀ ਸੀ ਤੇ ਸਰੀਰ ਦੀ ਵੀ। ਮੈਂ ਟੁੱਟ ਗਈ ਸਾਂ ਜਿਵੇਂ। ਘਰ ਦੀ ਹਰ ਚੀਜ਼ ਖਾਣ ਨੂੰ ਆਉਂਦੀ। ਮੈਂ ਸਾਰਾ ਦਿਨ ਖਾਮੋਸ਼ ਪਈ ਰਹਿੰਦੀ। ਮਨ ਵਿਚ ਜਿਵੇਂ ਹਨ੍ਹੇਰਾ ਪਸਰ ਗਿਆ ਸੀ। ਨੀਂਦ ਆਉਣੋ ਹਟ ਗਈ। ਕਦੀ ਅੱਖ ਲੱਗਦੀ ਤਾਂ ਅਜੀਬ-ਅਜੀਬ ਸੁਪਨੇ ਆਉਣ ਲੱਗਦੇ।"[2]

ਆਰਥਿਕਤਾ ਰਿਸ਼ਤਿਆਂ ਦੇ ਉੱਪਰ ਬਹੁਤ ਪ੍ਰਭਾਵ ਪਾਉਂਦੀ ਹੈ। ਆਰਥਿਕਤਾ ਦੇ ਕਾਰਨ ਕਈ ਵਾਰ ਨਾ-ਚਾਹੁੰਦੇ ਹੋਏ ਵੀ ਇਨਸਾਨ ਉਹ ਰਿਸ਼ਤੇ ਨਿਭਾਉਂਦਾ ਹੈ ਜਿਸ ਵਿਚ ਉਹ ਖੁਸ਼ ਨਹੀਂ ਹੁੰਦਾ। ਜਿਵੇਂ ਕਿ 'ਆਸ ਅਜੇ ਬਾਕੀ ਹੈ' ਕਹਾਣੀ ਦਾ ਪਾਤਰ ਆਪਣੀ ਪਤਨੀ ਦੇ ਤਾਹਨੇ-ਮਿਹਣੇ ਸੁਣਦਾ ਹੈ ਪਰ ਫੇਰ ਵੀ ਉਹ ਉਸ ਨੂੰ ਪਲਟ ਕੇ ਜਵਾਬ ਨਹੀਂ ਦਿੰਦਾ ਕਿਉਂਕਿ ਘਰ ਦੀ ਸਾਰੀ ਆਰਥਿਕਤਾ ਉਸ ਦੀ ਪਤਨੀ ਹਰਪ੍ਰੀਤ ਦੇ ਸਿਰ ਹੈ। ਉਹ ਸਰਕਾਰੀ ਨੌਕਰੀ ਕਰਦੀ ਹੈ ਤੇ ਹਰ ਮਹੀਨੇ ਮੋਟੀ ਤਨਖ਼ਾਹ ਲੈ ਕੇ ਆਉਂਦੀ ਹੈ ਜਦਕਿ ਉਹ ਆਪ ਇੱਕ ਪ੍ਰਾਈਵੇਟ ਅਧਿਆਪਕ ਹੋਣ ਦੇ ਨਾਤੇ ਘਰ ਦੀ ਆਰਥਿਕਤਾ ਦਾ ਬੋਝ ਇਕੱਲਾ ਨਹੀ ਚੁੱਕ ਸਕਦਾ। ਬੇਸ਼ੱਕ ਉਹ ਕਈ ਵਾਰ ਹਰਪ੍ਰੀਤ ਦੇ ਤਾਹਨਿਆਂ-ਮਿਹਣਿਆਂ ਦੇ ਕਾਰਨ ਪਰੇਸ਼ਾਨ ਹੋ ਜਾਂਦਾ ਹੈ ਤੇ ਰਿਸ਼ਤਾ ਤੋੜ ਦੇਣਾ ਚਾਹੁੰਦਾ ਹੈ ਪਰ ਦੂਸਰੇ ਹੀ ਪਲ ਉਸ ਨੂੰ ਘਰ ਦੀ ਕਬੀਲਦਾਰੀ ਯਾਦ ਆਉਂਦੀ ਹੈ ਤੇ ਉਹ ਚੁੱਪ ਰਹਿ ਕੇ ਉਸ ਦੀ ਹਰ ਗੱਲ ਸੁਣਦਾ ਹੈ। ਇਸ ਕਾਰਨ ਉਹ ਮਾਨਸਿਕ ਸੰਤਾਪ ਭੋਗ ਰਿਹਾ ਹੈ। ਉਸ ਨੂੰ ਆਪਣੇ ਆਪ ਗੁੱਸਾ ਆਉਂਦਾ ਹੈ। ਉਹ ਮਹਿਸੂਸ ਕਰਦਾ ਹੈ ਕਿ ਜੇ ਉਹ ਵੀ ਇੱਕ ਅਫ਼ਸਰ ਬਣਿਆ ਹੁੰਦਾ ਤਾਂ ਸ਼ਾਇਦ ਉਸ ਨੂੰ ਇਹ ਸਭ ਨਾ ਸਹਿਣਾ ਪੈਂਦਾ। ਆਪਣੀ ਪਤਨੀ ਦੀਆਂ ਗੱਲਾਂ ਉਸ ਨੂੰ ਸੂਲ ਵਾਂਗ ਚੁੱਭਦੀਆਂ ਹਨ ਪਰ ਉਹ ਚਾਹ ਕੇ ਵੀ ਕੁਝ ਨਹੀਂ ਕਰ ਸਕਦਾ। ਉਸ ਦੀ ਮਨਸਿਕ ਹਾਲਤ ਡਾਵਾਂਡੋਲ ਹੈ।

> "ਇੱਕ ਅਜੀਬ ਜਿਹਾ ਸਹਿਮ ਮੇਰੇ ਅੰਦਰ ਫੈਲਦਾ ਤੁਰਿਆ ਜਾਂਦਾ। ਕਦੀ ਲੱਗਦਾ ਜਿਵੇਂ ਮੇਰਾ ਮਾਨਸਿਕ ਸੰਤੁਲਨ ਵਿਗੜਦਾ ਜਾ ਰਿਹਾ ਹੋਵੇ। ਮੇਰੇ ਟੁੱਟ ਚੁੱਕੇ ਸੁਪਨੇ, ਮੇਰੀਆਂ ਅੱਖਾਂ ਸਾਹਮਣੇ

ਉਭਰਨ ਲੱਗਦੇ ਨੇ। ਆਰਥਿਕ ਹੀਣਤਾ ਦਾ ਖ਼ਿਆਲ ਮੇਰੇ ਜ਼ਿਹਨ ਵਿਚ ਕਿਸੇ ਚੀਜ਼ ਵਾਂਗ ਰੀਂਗਦਾ ਰਹਿੰਦਾ ਹੈ।"[3]

ਇੱਥੇ ਰਿਸ਼ਤਿਆਂ ਦਾ ਮੰਡੀਕਰਨ ਹੈ ਕਿਉਂਕਿ ਇੱਥੇ ਰਿਸ਼ਤਾ ਆਰਥਿਕਤਾ ਤੇ ਪੈਸੇ ਦੇ ਕਾਰਨ ਜੁੜਿਆ ਹੋਇਆ ਹੈ। ਇਸੇ ਤਰ੍ਹਾਂ 'ਕੇਂਦਰ ਬਿੰਦੂ' ਵਿਚ ਕਹਾਣੀਕਾਰ ਨੇ ਵਿਸ਼ਵੀਕਰਨ ਦੇ ਪ੍ਰਭਾਵ ਹੇਠ ਮਨੁੱਖੀ ਜ਼ਿੰਦਗੀ, ਰਿਸ਼ਤਿਆਂ ਤੇ ਕਾਰੋਬਾਰ ਵਿਚ ਆਈ ਗਿਰਾਵਟ ਨੂੰ ਬਹੁਤ ਹੀ ਸੋਹਣੇ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਕਹਾਣੀ ਦਾ ਨਾਇਕ ਆਪਣੇ ਪਿਤਾ ਦੀ ਮਰਜ਼ੀ ਦੇ ਖਿਲਾਫ਼ ਜਾ ਕੇ ਆਪਣੀ ਜ਼ਮੀਨ ਸ਼ਾਪਿੰਗ-ਮਾਲ ਬਣਾਉਣ ਵਾਲਿਆਂ ਨੂੰ ਵੇਚ ਦਿੰਦਾ ਹੈ। ਇੱਥੋਂ ਤੱਕ ਕਿ ਉਹ ਬਾਕੀ ਬਚਦੀ ਜ਼ਮੀਨ ਨੂੰ ਹੜੱਪਣ ਲਈ ਆਪਣੇ ਪਿਤਾ ਨੂੰ ਖਾਣੇ ਵਿਚ ਜ਼ਹਿਰ ਮਿਲਾ ਕੇ ਮਾਰਨ ਦੀ ਵੀ ਕੋਸ਼ਿਸ਼ ਕਰਦਾ ਹੈ। ਉਸ ਲਈ ਆਪਣੇ ਪਿਤਾ ਦੀ ਹੋਂਦ ਇੰਨੀ ਜ਼ਰੂਰੀ ਨਹੀਂ ਜਿੰਨੀ ਕਿ ਜ਼ਮੀਨ ਤੇ ਪੈਸੇ ਦੀ ਹੋਂਦ ਜ਼ਰੂਰੀ ਹੈ। ਜ਼ਮੀਨ ਦੇ ਸੌਦੇ ਦੇ ਨਾਲ-ਨਾਲ ਉਹ ਆਪਣੀ ਜ਼ਮੀਰ ਵੀ ਵੇਚ ਕੇ ਖਾ ਜਾਂਦਾ ਹੈ ਤਾਂ ਹੀ ਤਾਂ ਉਹ ਉਸ ਇਨਸਾਨ ਨੂੰ ਮਾਰਨ ਦੀ ਕੋਸ਼ਿਸ਼ ਕਰਦਾ ਹੈ ਜਿਸ ਨੇ ਕਿ ਉਸ ਨੂੰ ਇਹ ਦੁਨੀਆਂ ਦਿਖਾਈ ਤੇ ਪਾਲ-ਪੋਸ ਕੇ ਇੰਨਾ ਵੱਡਾ ਕੀਤਾ। ਪਰ ਉਸ ਦਾ ਪੁੱਤਰ ਪੈਸੇ ਦੇ ਲਾਲਚ ਵਿਚ ਆਪਣੇ ਤੇ ਪਿਤਾ ਦੇ ਰਿਸ਼ਤੇ ਨੂੰ ਹੀ ਦਾਅ ਉੱਤੇ ਲਗਾ ਦਿੰਦਾ ਹੈ ਕਿਉਂਕਿ ਉਸ ਲਈ ਪੈਸਾ ਹੀ ਸਭ ਕੁਝ ਹੈ। ਉਸ ਲਈ ਉਹ ਬਾਪ ਕੋਈ ਮਾਇਨੇ ਨਹੀਂ ਰੱਖਦਾ ਜਿਸ ਨੇ ਕਿ ਉਸ ਨੂੰ ਇਹ ਜੱਗ ਦਿਖਾਇਆ।

"ਪਰਸੋਂ ਦੀ ਗੱਲ ਹੈ। ਰੋਟੀ ਲੱਗਾ ਸੀ ਮੈਂ ਖਾਣ। ਬੁਰਕੀ ਤੋੜੀ ਹੀ ਕਿ ਬਾਹਰੋਂ ਨੰਬਰਦਾਰ ਨੇ ਹਾਕ ਮਾਰ ਮਾਰ ਲਈ। ਜਦ ਮੈਂ ਗੱਲ ਕਰਕੇ ਮੁੜਿਆ ਤਾਂ ਦੇਖਿਆ......ਮੰਜੇ ਹੇਠ ਡੱਬੂ ਵਿਚਾਰਾ ਢੇਰੀ ਹੋਇਆ ਪਿਆ ਸੀ। ਮੂੰਹ 'ਚੋਂ ਝੱਗ ਨਿਕਲੇ। ਦਹੀਂ ਨਾਲ ਲਿਬੜਿਆ ਉਹਦਾ ਮੂੰਹ ਦੇਖ ਕੇ ਸਾਰੀ ਗੱਲ ਸਮਝ ਗਿਆ ਸੀ ਮੈਂ। ਜਨਾਬ ਉਹ ਥਾਲੀ 'ਚ ਮੂੰਹ ਨਾ ਮਾਰਦਾ ਤਾਂ ਉਹ ਰੋਟੀ ਮੈਂ ਖਾਣੀ ਸੀ ਤੇ......।"[4]

ਇਸੇ ਲਈ ਤਾਂ ਉਸ ਦਾ ਬਾਪ ਵੀ ਉਸ ਦੇ ਖਿਲਾਫ਼ ਕਾਨੂੰਨੀ ਕਾਰਵਾਈ ਕਰਨ ਦਾ ਨਿਰਣਾ ਲੈਂਦਾ ਹੈ ਤੇ ਦੋਵੇਂ ਪਿਉ-ਪੁੱਤਰ ਆਪਣੇ ਰਿਸ਼ਤੇ ਦੀ ਮਰਿਆਦਾ ਤੋੜ ਕੇ ਇੱਕ-ਦੂਜੇ ਦੇ ਖਿਲਾਫ ਆ ਖੜ੍ਹੇ ਹੁੰਦੇ ਹਨ। ਉਹ ਆਪਣੇ ਪੁੱਤਰ ਨੂੰ ਕਾਨੂੰਨੀ ਤਰੀਕੇ ਨਾਲ ਸਬਕ ਸਿਖਾਉਣ ਦਾ ਫ਼ੈਸਲਾ ਲੈਂਦਾ ਹੈ ਕਿਉਂਕਿ ਉਸ ਨੂੰ ਆਪਣੇ ਪੁੱਤਰ ਦੀਆਂ ਸਾਰੀਆਂ ਚਾਲਾਂ ਸਮਝ ਆ ਜਾਂਦੀਆਂ ਹਨ। ਉਹ ਸਮਝ ਜਾਂਦਾ ਹੈ ਕਿ ਉਸ ਦਾ ਪੁੱਤਰ ਸਿਰਫ ਉਸ ਦੀ ਜ਼ਮੀਨ ਪਿੱਛੇ ਹੈ। ਉਸ ਦੀਆਂ ਭਾਵਨਾਵਾਂ ਨਾਲ ਉਸ ਨੂੰ ਦੂਰ-ਦੂਰ ਨਾਲ ਕੋਈ ਵੀ ਲੈਣਾ ਦੇਣਾ ਨਹੀਂ ਹੈ। ਉਸ ਦੇ ਦੁੱਖ-ਸੁੱਖ ਨਾਲ ਉਸ ਨੂੰ ਕੋਈ ਮਤਲਬ ਨਹੀਂ ਹੈ ਸਗੋਂ ਉਹ ਤਾਂ ਸਿਰਫ ਉਸ ਦੀ ਜ਼ਮੀਨ ਹੀ ਹੜੱਪ ਕਰਨੀ ਚਾਹੁੰਦਾ ਹੈ। ਉਸ ਦੇ ਪੁੱਤਰ ਨੂੰ ਸਿਰਫ ਆਪਣੇ ਪਿਤਾ ਦੀ ਜ਼ਮੀਨ ਚਾਹੀਦੀ ਹੈ। ਉਹ ਆਪਣੇ ਇਸ ਮੰਤਵ ਦੀ ਪੂਰਤੀ ਲਈ ਪੂਰੀ ਕੋਸ਼ਿਸ਼ ਵੀ ਕਰਦਾ ਹੈ। ਪਰ ਉਸ ਦਾ ਬਾਪ ਉਸ ਦੀ ਸਾਰੀ ਚਾਲ ਸਮਝ ਜਾਂਦਾ ਹੈ। ਇਸ ਲਈ ਉਹ ਆਪਣੀ ਬਾਕੀ ਬਚਦੀ ਜ਼ਮੀਨ ਨੂੰ ਗੁਰਦੁਆਰੇ ਦੇ ਨਾਮ ਕਰਾਉਣ ਦੀ ਠਾਣ ਲੈਂਦਾ ਹੈ।

"ਰਹਿੰਦੇ ਦੋ ਕਿੱਲੇ ਗੁਰਦੁਆਰੇ ਦੇ ਨਾਮ ਕਰਵਾਊਂ। ਬਿੰਦੂ ਨੇ ਕਿਹੜਾ ਮੇਰੀ ਮੜ੍ਹੀ 'ਤੇ ਦੀਵਾ ਬਾਲਣਾ। ਨਾਲੇ ਜਿਹੜੀ ਜ਼ਮੀਨ ਮੇਰੀ ਜਾਨ ਦਾ ਖੋਹ ਬਣੀ ਬੈਠੀ ਕੀ ਕਰਨਾ ਮੈਂ ਉਹ ਦਾ। ਜੱਟ ਦੇ ਪੁੱਤ ਲਈ ਬੇਜ਼ਮੀਨੇ ਹੋਣ ਦਾ ਮਿਹਣਾ ਬਹੁਤ ਵੱਡਾ ਹੁੰਦਾ। ਤੁਸੀ ਠੋਕ ਕੇ ਰਪਟ ਲਿਖੋ ਬੱਸ।"[5]

ਮਸ਼ੀਨੀਕਰਨ ਦੇ ਦੌਰ ਵਿਚ ਹਰ ਆਦਮੀ ਇੱਕ ਮਸ਼ੀਨ ਹੀ ਤਾਂ ਬਣ ਗਿਆ ਹੈ। ਕਿਸੇ ਨੂੰ ਕਿਸੇ ਦੂਸਰੇ ਇਨਸਾਨ ਨਾਲ ਕੋਈ ਲੈਣਾ-ਦੇਣਾ ਹੀ ਨਹੀਂ ਹੈ। ਹਰ ਕੋਈ ਆਪਣੇ ਦਿਲ ਅੰਦਰ ਗਮਾਂ ਦਾ ਬੋਝ ਲੈ ਕੇ ਚੱਲ ਰਿਹਾ ਹੈ। ਪਰ ਮਸ਼ੀਨ ਬਣੇ ਮਨੁੱਖ ਕੋਲ ਕਿਸੇ ਦੇ ਦੁੱਖ-ਸੁੱਖ ਨੂੰ ਵੰਡਾਉਣ ਦਾ ਸਮਾਂ ਹੀ ਨਹੀਂ ਹੈ। ਬੱਸ ਹਰ ਕੋਈ ਪੈਸਾ ਇਕੱਠਾ ਕਰਨ ਪਿੱਛੇ ਲੱਗਾ ਹੋਇਆ ਹੈ। ਭਾਵਨਾਵਾਂ ਦੀ ਕੋਈ ਕਦਰ ਹੀ ਨਹੀਂ ਹੈ। ਵਿਸ਼ਵੀਕਰਨ ਨੇ ਤਾਂ ਬਾਕੀ ਰਹਿੰਦੀ ਕਸਰ ਵੀ ਕੱਢ ਦਿੱਤੀ ਹੈ। ਕਹਾਣੀ ਦਾ ਨਾਇਕ ਵੀ ਵਿਸ਼ਵੀਕਰਨ ਦੀ ਕੜ੍ਹੇ ਸ਼ਬਦਾਂ ਵਿਚ ਨਿੰਦਾ ਕਰਦਾ ਹੈ ਤੇ ਇਸ ਨੂੰ ਮਨੁੱਖਤਾ ਲਈ ਇੱਕ ਗੰਭੀਰ ਖਤਰਾ ਸਮਝਦਾ ਹੈ। ਉਸ ਨੂੰ ਲੱਗਦਾ ਹੈ ਕਿ ਇੱਕ ਦਿਨ ਇਨਸਾਨ ਵੀ ਇੱਕ ਮਸ਼ੀਨ ਬਣ ਜਾਵੇਗਾ।

" ਆਹ ਜਿਹੜੀ ਇਹ ਗੱਲ ਕਰਦੇ ......ਵਿਸ਼ਵ ਪਿੰਡ ਦੀ। ਕੁੱਲ ਜਹਾਨ ਇੱਕ ਬਣ ਜਾਣਾ। ਇਹਦੇ 'ਚ ਫਿਰ ਬੰਦੇ ਨਹੀਂ ਜੇ ਵਸਣੇ। ਨਾ ਰਹਿਣਾ ਕਿਸੇ ਕੋਲ ਸੁੱਖ ਚੈਨ। ਇਹਦੇ 'ਚ ਤਾਂ ਮਸ਼ੀਨ ਬਣ ਜਾਊ ਬੰਦਾ। ਮਸ਼ੀਨ ਨੂੰ ਕਿਤੇ ਦੁੱਖ ਦਰਦ ਹੁੰਦਾ। ਨਾ ਬਿਲਕੁਲ ਨਹੀਂ।"[6]

'ਭੀੜ ਵਿਚ ਗੁਆਚਾ ਚਿਹਰਾ' ਕਹਾਣੀ ਦੇ ਵਿਚ ਵੀ ਰਿਸ਼ਤਿਆਂ ਦੇ ਮੰਡੀਕਰਨ ਦੀ ਇੱਕ ਉੱਤਮ ਉਦਾਹਰਨ ਹੈ। ਇਹ ਕਹਾਣੀ ਇਕ ਅਜਿਹੇ ਇਨਸਾਨ ਬਾਰੇ ਹੈ ਜਿਹੜਾ ਆਪਣੀ ਮਾੜੀ ਮਾਲੀ ਹਾਲਤ, ਗਰੀਬੀ, ਸਮਾਜਿਕ ਨਾ ਬਰਾਬਰੀ, ਕਿਰਤ ਦੀ ਲੁੱਟ, ਬੇਰੁਜ਼ਗਾਰੀ ਦੇ ਕਾਰਨ ਸੰਤਾਪ ਹੰਢਾਉਂਦਾ ਹੈ। ਉਹ ਪੂਰੇ ਸਮਾਜ ਨੂੰ ਬਦਲਣ ਦੀਆਂ ਗੱਲਾਂ ਕਰਦਾ ਹੈ। ਉਹ ਕਿਰਤੀ ਕਾਮਿਆਂ ਦੀ ਹੋ ਰਹੀ ਲੁੱਟ-ਖਸੁੱਟ ਦੇ ਖਿਲਾਫ਼ ਆਵਾਜ਼ ਬੁਲੰਦ ਕਰਨਾ ਚਾਹੁੰਦਾ ਹੈ ਤੇ ਲੋਟੂ ਵਿਵਸਥਾ ਨੂੰ ਖਤਮ ਕਰਨਾ ਚਾਹੁੰਦਾ ਹੈ। ਪਰ ਉਸ ਦੇ ਅਨੁਭਵ, ਗਰੀਬੀ ਤੇ ਮਜ਼ਬੂਰੀ ਉਸ ਨੂੰ ਇੱਕ ਅਜਿਹਾ ਇਨਸਾਨ ਬਣਨ ਲਈ ਮਜਬੂਰ ਕਰ ਦਿੰਦੇ ਹਨ ਕਿ ਉਹ ਨਾ ਚਾਹ ਕੇ ਵੀ ਇੱਕ ਮਤਲਬਖੋਰ, ਐਸ਼ਪ੍ਰਸਤ, ਕਮੀਨਾ ਤੇ ਲੋਭੀ ਇਨਸਾਨ ਬਣ ਜਾਂਦਾ ਹੈ।

"ਗਰਦ ਚੜ੍ਹ ਗਈ ਸੀ ਉਸ ਦੀਆਂ ਉਨ੍ਹਾਂ ਕਿਤਾਬਾਂ 'ਤੇ ਜਿਨ੍ਹਾਂ ਨੇ ਇੰਦਰ ਬਣਾਇਆਂ ਸੀ ਉਸ ਨੂੰ। ਉਸ ਦੀਆਂ ਲਿਖੀਆਂ ਉਹੀ ਕਵਿਤਾਵਾਂ ਬੇਕਾਰ ਹੋ ਗਈਆਂ ਸਨ ਉਸ ਲਈ, ਜਿਨ੍ਹਾਂ ਵਿਚ ਵਿਦਰੋਹ ਸੀ। ਪਹਿਚਾਣ ਸੀ ਜਿਨ੍ਹਾਂ ਨਾਲ ਉਸ ਦੀ। ਤੇ...ਉਸੇ ਪਹਿਚਾਣ ਨੂੰ ਗੁਆ ਕੇ ਇੰਦਰ ਤੋਂ ਇੰਦਰਪ੍ਰੀਤ ਸਿੰਘ ਸੰਘਾ ਬਣ ਕੇ ਨਿਕਲਿਆ ਸੀ ਉਹ ਘਰ ਤੋਂ।"[7]

ਪਰ ਉਸ ਦੇ ਅੰਦਰਲਾ ਚੰਗਾ ਇਨਸਾਨ ਉਸ ਨੂੰ ਵਾਰ-ਵਾਰ ਉਹ ਦਿਨ ਯਾਦ ਕਰਾਉਂਦਾ ਹੈ ਜਦੋਂ ਉਹ ਇੱਕ ਸਧਾਰਨ ਤੇ ਚੰਗਾ ਇਨਸਾਨ ਹੋਇਆ ਕਰਦਾ ਸੀ। ਜੋ ਕਿ ਸਭ ਦਾ ਭਲਾ ਕਰਨਾ ਚਾਹੁੰਦਾ ਸੀ। ਉਹ ਵਾਰ-ਵਾਰ ਉਸ ਨੂੰ ਫਿਰ ਤੋਂ ਸੰਘਾ ਤੋਂ ਇੰਦਰ ਬਣਨ ਲਈ ਪ੍ਰੇਰਦਾ ਹੈ ਪਰ ਸੰਘਾਂ ਸਾਬ੍ਹ ਆਪਣੇ ਪੁਰਾਣੇ ਦਿਨਾਂ ਵਿਚ

ਆਪਣੀ ਗਰੀਬੀ ਨਾਲ ਜੁੜੇ ਮਾੜੇ ਅਨੁਭਵ ਯਾਦ ਕਰ ਕੇ ਦੁਖੀ ਹੁੰਦੇ ਹਨ ਤੇ ਵਾਪਿਸ ਨਹੀਂ ਜਾਣਾ ਚਾਹੁੰਦੇ। ਉਹ ਆਪਣੇ ਅੰਦਰ ਬੈਠੇ ਉਸ ਚੰਗੇ ਇਨਸਾਨ ਇੰਦਰ ਨੂੰ ਦਲੀਲਾਂ ਦਿੰਦੇ ਹਨ ਤੇ ਪੁੱਛਦੇ ਹਨ ਕਿ ਜਦੋਂ ਉਹ ਸਭ ਦਾ ਭਲਾ ਕਰਦਾ ਸੀ ਤਾਂ ਇਹੀ ਲੋਕ ਉਸ ਦਾ ਅਪਮਾਨ ਕਰਦੇ ਸਨ ਤੇ ਉਸ ਨੂੰ ਬੁਰਾ ਭਲਾ ਕਹਿੰਦੇ ਸਨ। ਉਸ ਨੇ ਇਹ ਸਭ ਕੁਝ ਆਪਣੀ ਮਿਹਨਤ ਨਾਲ ਕਮਾਇਆ ਹੈ। ਉਹ ਆਪਣੇ ਮਿਹਨਤ ਨਾਲ ਕਮਾਏ ਇਸ ਪੈਸੇ ਨੂੰ ਲੋਕਾਂ ਵਿਚ ਨਹੀਂ ਵੰਡ ਸਕਦੇ।

> "ਬਰਾਬਰ ਨੂੰ ਹੁਣ ਮੈਂ ਲੋਕਾਂ ਵਿਚ ਵੰਡ ਦਿਆਂ ਸਾਰਾ ਕੁਝ। ਧੁਰ ਤੀਕ ਤਰਸੇਵਾਂ ਹੰਢਾਇਆ ਸੀ ਮੈਂ। ਮਿਹਨਤ ਕੀਤੀ ਏ। ਕਿਸੇ ਕੋਲੋਂ ਕੁਝ ਖੋਹਿਆ ਤਾਂ ਨਹੀਂ। ਤੂੰ ਵੀ ਤਾਂ ਮਰਦਾ ਸੀ ਨਾ ਭੁੱਖਾ। ਪੁੱਛੀ ਸੀ ਇਸ ਦੁਨੀਆਂ ਨੇ ਤੇਰੀ ਬਾਤ?"[8]

ਉਹੀ ਇੰਦਰ ਨਾਮ ਦਾ ਚੰਗਾ ਇਨਸਾਨ ਜੋ ਕਿ ਕਦੇ ਲੋਕਾਂ ਦਾ ਹਮਾਇਤੀ ਹੁੰਦਾ ਸੀ। ਜੋ ਕਿ ਜ਼ੁਲਮ ਦੇ ਖਿਲਾਫ਼ ਆਪਣੀ ਆਵਾਜ਼ ਬਲੰਦ ਕਰਦਾ ਸੀ। ਉਹ ਅੱਜ ਆਪ ਹੀ ਉਨ੍ਹਾਂ ਬੁਰਾਈਆਂ ਦਾ ਸ਼ਿਕਾਰ ਹੋ ਗਿਆ ਹੈ। ਲੋਕ ਉਸ ਨੂੰ ਅੱਜ ਸੰਘਾ ਸਾਬ੍ਹ ਦੇ ਨਾਂ ਨਾਲ ਜਾਣਦੇ ਹਨ। ਉਹ ਇਨਸਾਨ ਜੋ ਕਦੇ ਪੈਸੇ-ਪੈਸੇ ਦਾ ਮੁਹਤਾਜ ਸੀ ਅੱਜ ਉਹ ਹਰ ਉਸ ਚੀਜ਼ ਨੂੰ ਖਰੀਦ ਲੈਣ ਦੀ ਪਹੁੰਚ ਰੱਖਦੇ ਹਨ ਜੋ ਕਿ ਉਸ ਨੂੰ ਪਸੰਦ ਆਉਂਦੀ ਹੈ। ਅੱਜ ਉਹ ਫਰਸ਼ ਤੋਂ ਅਰਸ਼ ਤੋਂ ਤੱਕ ਜਾ ਪਹੁੰਚੇ ਨੇ। ਹਰ ਚੀਜ਼ ਤੇ ਆਪਣਾ ਹੱਕ ਸਮਝਦੇ ਨੇ ਸੰਘਾ ਸਾਬ੍ਹ। ਸ਼ਰਾਬ ਤੇ ਸ਼ਬਾਬ ਕਮਜ਼ੋਰੀ ਹੈ ਸੰਘਾ ਸਾਬ੍ਹ ਦੀ। ਘਰ ਅੱਗੇ ਤਿੰਨ ਗੱਡੀਆਂ ਖੜ੍ਹੀਆਂ ਰਹਿੰਦੀਆਂ ਹਨ ਤੇ ਪੈਸਾ ਸਾਂਭਿਆਂ ਨਹੀਂ ਸਾਂਭ ਹੁੰਦਾ।

> "ਆਪਣੀ ਪਸੰਦ ਦੀ ਹਰ ਸ਼ੈਅ ਖ਼੍ਰੀਦ ਲੈਣਾ ਚਾਹੁੰਦੇ ਨੇ ਸੰਘਾ ਸਾਬ੍ਹ। ਗਰੂਰ ਹੈ ਆਪਣੀ ਦੌਲਤ ਦਾ ਉਨ੍ਹਾਂ ਨੂੰ...। ਆਖਦੇ ਨੇ ਹਰ ਸ਼ੈਅ ਵਿਕਦੀ ਹੈ ਇੱਥੇ। ਬਸ ਕੀਮਤ ਠੀਕ ਹੋਣੀ ਚਾਹੀਦੀ ਹੈ।"[9]

ਇੰਨਾ ਹੀ ਨਹੀਂ ਉਹ ਸੰਘਾ ਸਾਬ੍ਹ ਜੋ ਲੋਕਾਂ ਦੀ ਜ਼ਮੀਰ ਨੂੰ ਆਪਣੀਆਂ ਕਵਿਤਾਵਾਂ ਰਾਹੀ ਜਗਾਉਂਦੇ ਸਨ। ਜੋ ਗਰੀਬ ਲੋਕਾਂ ਦੇ ਲਈ ਆਪਣੀ ਬਾਂਹ ਉਠਾਉਂਦੇ ਸਨ ਅੱਜ ਉਹੀ ਇੱਕ ਅਜਿਹੇ ਇਨਸਾਨ ਦੇ ਵਿਚ ਤਬਦੀਲ ਹੋ ਗਏ ਹਨ ਜਿਹੜਾ ਕਿ ਲੋਕਾਂ ਦੀ ਜ਼ਮੀਰ ਤੇ ਜਿਸਮ ਨੂੰ ਖ਼੍ਰੀਦਣ ਤੋਂ ਵੀ ਪਿੱਛੇ ਨਹੀਂ ਹਟ ਰਹੇ। ਪੈਸੇ ਦਾ ਉਸ ਨੂੰ ਇੰਨਾ ਗਰੂਰ ਹੈ ਕਿ ਉਹ ਹਰ ਖੂਬਸੂਰਤ ਚੀਜ਼ ਉੱਪਰ ਆਪਣਾ ਹੱਕ ਸਮਝਦੇ ਹਨ। ਇਸੇ ਲਈ ਤਾਂ ਉਹ ਆਪਣੇ ਪੀ.ਏ. ਦੀ ਖੂਬਸੂਰਤ ਪਤਨੀ ਤੇ ਡੁੱਲ ਜਾਂਦੇ ਹਨ ਤੇ ਉਸ ਨੂੰ ਪੈਸੇ ਦੇ ਜ਼ੋਰ ਨਾਲ ਖਰੀਦ ਵੀ ਲੈਂਦੇ ਹਨ। ਉਹੀ ਇਨਸਾਨ ਜੋ ਕਦੇ ਹਮੇਸ਼ਾ ਇੱਕ ਦਾ ਹੋ ਕੇ ਰਹਿਣਾ ਚਾਹੁੰਦਾ ਸੀ ਉਹੀ ਅੱਜ ਹਰ ਰੋਜ਼ ਨਵੇਂ ਜਿਸਮਾਂ ਦਾ ਨਿੱਘ ਮਾਣਦਾ ਹੈ।

> "ਹਰ ਰੋਜ਼ ਨਵੇਂ ਜਿਸਮ ਦਾ ਨਿੱਘ ਮਾਣਦੇ ਨੇ ਸੰਗਾ ਸਾਬ੍ਹ।...ਤੇ ਉਹ ਇੰਦਰ ਕੁੱਤਿਆਂ ਨਾਲ ਤੁਲਨਾਉਂਦਾ ਸੀ ਐਸੇ ਬੰਦਿਆਂ ਨੂੰ। ਥਾਂ-ਥਾਂ ਮੂੰਹ ਮਾਰਨ ਵਾਲੇ। ਚਰਿੱਤਰਹੀਣ ਲੋਕ। ਕਿਸੇ ਇੱਕ ਨਾਲ ਸੱਚੀ ਮੁਹੱਬਤ ਕਰਨੀ ਚਾਹੁੰਦਾ ਸੀ ਉਹ।"[10]

ਅੱਜ ਦੀ ਨੌਜਵਾਨ ਪੀੜ੍ਹੀ ਰਿਸ਼ਤਿਆਂ ਨੂੰ ਕੋਈ ਅਹਿਮੀਅਤ ਨਹੀਂ ਦਿੰਦੀ ਬੱਸ ਉਹ ਤਾਂ ਐਸ਼ ਤੇ ਐਜਾਇਸ਼ੀ ਭਰਿਆ ਜੀਵਨ ਚਾਹੁੰਦੀ ਹੈ ਜਿਸ ਵਿਚ ਉਨ੍ਹਾਂ ਨੂੰ ਕੋਈ ਰੋਕਣ ਤੇ ਟੋਕਣ ਵਾਲਾ ਨਾ ਹੋਵੇ ਇਸੇ ਲਈ ਤਾਂ ਉਹ ਆਪਣੇ ਵੱਡਿਆਂ ਦਾ ਕਹਿਣਾ ਨਾ ਮੰਨ ਕੇ ਉਹੀ ਕਰਦੇ ਹਨ ਜੋ ਕਰਨੇ ਨੂੰ ਉਨ੍ਹਾਂ ਦਾ ਦਿਲ ਕਰਦਾ ਹੈ ਬੇਸ਼ੱਕ ਇਸ ਨਾਲ ਉਨ੍ਹਾਂ ਦੇ ਮਾਤਾ-ਪਿਤਾ ਨੂੰ ਕਿੰਨੀ ਵੀ ਠੇਸ ਪਹੁੰਚੇ ਪਰ ਉਨ੍ਹਾਂ ਨੂੰ ਕੋਈ ਪਰਵਾਹ ਨਹੀਂ ਹੁੰਦੀ। ਆਪਣੇ ਸੁਪਨਿਆਂ ਦੀ ਪੂਰਤੀ ਲਈ ਉਹ ਆਪਣੇ ਮਾਪਿਆਂ ਨੂੰ ਛੱਡ ਦੇਣ ਵਿਚ ਵੀ ਕੁਝ ਗਲਤ ਨਹੀਂ ਸਮਝਦੇ। ਸਫਲਤਾ ਲਈ ਉਹ ਸ਼ਾਰਤ-ਕੱਟ ਲੱਭਦੇ ਹਨ ਤੇ ਮਾਨਸਿਕ ਸੰਤਾਪ ਭੋਗਦੇ ਹਨ ਪਰ ਜਦੋਂ ਨੌਜਵਾਨ ਪੀੜ੍ਹੀ ਨੂੰ ਆਪਣੀ ਗਲਤੀ ਦਾ ਅਹਿਸਾਸ ਹੁੰਦਾ ਹੈ ਤਾਂ ਉਦੋਂ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਉਨ੍ਹਾਂ ਲਈ ਰਿਸ਼ਤੇ ਸਿਰਫ ਮਤਲਬ ਦੀ ਸ਼ੈਅ ਹੁੰਦੀ ਹੈ। ਜਿਵੇਂ 'ਲਕੀਰ ਦੇ ਉਸ ਪਾਰ' ਕਹਾਣੀ ਦੀ ਨਾਇਕਾ ਆਪਣੇ ਫੈਸ਼ਨ ਡਿਜ਼ਾਇਨਰ ਬਣਨ ਦੇ ਸੁਪਨੇ ਨੂੰ ਪੂਰਾ ਕਰਨ ਲਈ ਆਪਣੇ ਮਾਪਿਆਂ ਦਾ ਘਰ ਛੱਡ ਕੇ ਮੁੰਬਈ ਆਉਂਦੀ ਹੈ ਤੇ ਨੀਰਜ਼ ਕੁੰਦਰਾ ਨਾਮ ਦੇ ਮੁੰਡੇ ਨਾਲ ਲਿਵ-ਇਨ ਰਿਲੇਸ਼ਨਸ਼ਿਪ ਵਿਚ ਰਹਿੰਦੀ ਹੈ। ਨੀਰਜ਼ ਉਸ ਨਾਲ ਸਰੀਰਕ ਸੰਬੰਧ ਬਣਾਉਂਦਾ ਹੈ ਤੇ ਇਸ ਦੇ ਬਦਲੇ ਵਿਚ ਉਸ ਨੂੰ ਇੱਕ ਸਫਲ ਫ਼ੈਸ਼ਨ ਡਿਜ਼ਾਇਨਰ ਬਣਾਉਂਦਾ ਹੈ। ਚਾਰ ਫੇਰਿਆਂ ਦੀ ਰੀਤ ਤੋਂ ਬਿਨਾਂ ਹੋਰ ਸਭ ਕੁਝ ਹੁੰਦਾ ਹੈ ਉਨ੍ਹਾਂ ਦੇ ਰਿਸ਼ਤੇ ਵਿਚ। ਦੋਵੇਂ ਪਤੀ ਪਤਨੀ ਦੇ ਰਿਸ਼ਤੇ ਦੀਆਂ ਧੱਜੀਆਂ ਉਡਾਓਂਦੇ ਹਨ। ਉਹ ਦੋਸਤ ਦੀ ਮਰਿਆਦਾ ਦਾ ਉਲੰਘਣ ਕਰਦੇ ਹਨ। ਬਿਨਾਂ ਵਿਆਹ ਕੀਤੇ ਇੱਕੋ ਛੱਤ ਹੇਠ ਰਹਿੰਦੇ ਹਨ। ਇੱਥੋਂ ਤੱਕ ਕੇ ਜਦੋਂ ਕਹਾਣੀ ਦੀ ਨਾਇਕਾ ਕੀਰਤੀ ਪ੍ਰੈਗਨੈਂਟ ਹੁੰਦੀ ਹੈ ਤਾਂ ਉਹ ਨੀਰਜ਼ ਦੇ ਕਹਿਣ ਤੇ ਉਹ ਆਪਣਾ ਗਰਭਪਾਤ ਕਰਵਾਉਂਦੀ ਹੈ ਜਿੱਥੇ ਕਿ ਉਹ ਦੋਨੋ ਮਾਂ ਬਾਪ ਦੀਆਂ ਜਿੰਮੇਵਾਰੀਆਂ ਤੋਂ ਦੂਰ ਭੱਜਦੇ ਹੋਏ ਇਸ ਰਿਸ਼ਤੇ ਨਾਲ ਖਿਲਵਾੜ ਕਰਦੇ ਹਨ। ਇੰਨਾ ਹੀ ਨਹੀਂ ਰਿਸ਼ਤਿਆਂ ਦਾ ਮੰਡੀਕਰਨ ਤਾਂ ਉਦੋਂ ਖੁੱਲ ਕੇ ਸਾਹਮਣੇ ਆਉਂਦਾ ਹੈ ਜਦੋਂ ਨੀਰਜ਼ ਕੀਰਤੀ ਨੂੰ ਆਪਣੇ ਦੋਸਤ ਰਾਘਵ ਦੇ ਨਾਲ ਹਮਬਿਸਤਰ ਹੋਣ ਤੇ ਆਪ ਰਾਘਵ ਦੀ ਦੋਸਤ ਮੁਗਧਾ ਨਾਲ ਹਮਬਿਸਤਰ ਹੋਣ ਦੀ ਇੱਛਾ ਜ਼ਾਹਿਰ ਕਰਦਾ ਹੈ ਜਿਸ ਨੂੰ ਸੁਣ ਕੇ ਕੀਰਤੀ ਹੈਰਾਨ ਰਹਿ ਜਾਂਦੀ ਹੈ।

> "...ਤੇ ਉਸ ਨੀਰਜ ਕੁੰਦਰਾ ਨੇ ਦੱਸਿਆ ਸੀ ਮੈਨੂੰ ਨਵਾਂ ਫਾਰਮੂਲਾ...ਇਨਜੁਆਏ ਕਰਨ ਦਾ...ਉਹ ਚਾਹੁੰਦਾ ਸੀ, ਇੱਕ ਰਾਤ ਮੈਂ ਤੇ ਮੁਗਧਾ ਬਿਤਾਈਏ ਇੱਕ ਦੂਜੇ ਦੀ ਥਾਂ। ਮੁਗਧਾ ਨੂੰ ਬਿਸਤਰ 'ਤੇ ਲਿਆਉਣ ਲਈ ਉਹ ਤਿਆਰ ਸੀ ਮੈਨੂੰ ਰਾਘਵ ਦੇ ਬੈਡਰੂਮ ਤੱਕ ਭੇਜਣ ਲਈ। ਕੰਬ ਗਈ ਸਾਂ ਮੈ।"[11]

ਨੀਰਜ਼ ਉਸ ਨਾਲ ਬਜ਼ਾਰੂ ਰਿਸ਼ਤਾ ਕਾਇਮ ਕਰਦਾ ਹੈ ਜਿਸ ਵਿਚ ਕੀਰਤੀ ਵੀ ਬਰਾਬਰ ਦੀ ਭਾਗੀਦਾਰ ਬਣਦੀ ਹੈ। ਬੇਸ਼ੱਕ ਕੀਰਤੀ ਉਸ ਨੂੰ ਪਿਆਰ ਕਰਦੀ ਹੈ ਤੇ ਉਸ ਨਾਲ ਵਿਆਹ ਕਰਾਉਣਾ ਚਾਹੁੰਦੀ ਹੈ। ਪਰ ਉਹ ਵੀ ਰਿਸ਼ਤਿਆਂ ਦੇ ਮੰਡੀਕਰਨ ਵਿਚ ਬਰਾਬਰ ਦੀ ਹਿੱਸੇਦਾਰ ਹੈ। ਕਿਉਂਕਿ ਉਹ ਨੀਰਜ਼ ਉੱਪਰ ਅੱਖਾਂ ਬੰਨ੍ਹ ਕੇ ਯਕੀਨ ਕਰਦੀ ਹੈ ਜੋ ਕਿ ਗਲਤ ਹੈ। ਨੀਰਜ਼ ਵਰਗੇ ਲੋਕ ਸਿਰਫ ਔਰਤ ਨੂੰ ਭੋਗਣਾ ਜਾਣਦੇ ਹਨ। ਪਰ ਔਰਤ ਨੂੰ ਇੱਜਤ ਦੇਣਾ ਉਨ੍ਹਾਂ ਨੂੰ ਨਹੀਂ ਆਉਂਦਾ।

ਰਿਸ਼ਤਿਆਂ ਦੇ ਅਜਿਹੇ ਹੀ ਮੰਡੀਕਰਨ ਦੀ ਇੱਕ ਮਿਸਾਲ 'ਉਸ ਪਲ' ਕਹਾਣੀ ਵਿਚ ਵੀ ਮਿਲਦੀ ਹੈ ਜਿਸ ਵਿਚ ਪਤੀ ਪਤਨੀ ਦੇ ਰਿਸ਼ਤੇ ਦੀ ਸੀਮਾ ਦਾ ਉਲੰਘਣਾ ਹੁੰਦੀ ਹੈ। ਕਹਾਣੀ ਦੀ ਨਾਇਕਾ ਵਿਆਹੁਤਾ ਤੇ ਇੱਕ ਬੱਚੇ ਦੀ ਮਾਂ ਹੋਣ ਦੇ ਬਾਵਜੂਦ ਬਾਹਰ ਸੰਬੰਧ ਰੱਖਦੀ ਹੈ ਤੇ ਆਪਣੇ ਪ੍ਰੇਮੀ ਨਾਲ ਸਮਾਂ ਬਿਤਾਉਂਦੀ ਹੈ ਅਜਿਹਾ ਨਹੀ ਹੈ ਕਿ ਉਸ ਦੇ ਪਤੀ ਨੂੰ ਪਤਾ ਨਹੀਂ ਹੈ ਪਰ ਉਹ ਸਭ ਜਾਣਦੇ ਹੋਏ ਵੀ ਚੁੱਪ ਹੈ ਕਿਉਂਕਿ ਉਸ ਦੀ ਪਤਨੀ ਨੌਕਰੀ ਪੇਸ਼ਾ ਹੈ ਤੇ ਹਰ ਮਹੀਨੇ ਆਪਣੇ ਪਤੀ ਨੂੰ ਵੱਡੀ ਤਨਖ਼ਾਹ ਲਿਆ ਕੇ ਦਿੰਦੀ ਹੈ। ਉਹ ਆਪਣੀ ਪਤਨੀ ਦੇ ਸਿਰ 'ਤੇ ਐਸ਼ ਕਰਦਾ ਹੈ। ਜਿਸ ਕਾਰਨ ਉਹ ਆਪਣੀ ਪਤਨੀ ਦਾ ਵਿਰੋਧ ਨਹੀਂ ਕਰਦਾ ਤੇ ਨਾ ਹੀ ਉਸ ਦੀ ਨਿੱਜੀ ਜ਼ਿੰਦਗੀ ਵਿਚ ਕਿਸੇ ਤਰ੍ਹਾਂ ਦੀ ਕੋਈ ਦਖ਼ਲ ਦਿੰਦਾ ਹੈ। ਉਸ ਦੇ ਪ੍ਰੇਮੀ ਨੂੰ ਲੱਗਦਾ ਹੈ ਕਿ ਉਸ ਦਾ ਪਤੀ ਉਸਦੀ ਪ੍ਰੇਮਿਕਾ ਦਾ ਸੋਸ਼ਣ ਕਰ ਰਿਹਾ ਹੈ। ਦੂਸਰੇ ਪਾਸੇ ਨਾਇਕਾ ਮਾਨਸਿਕ ਸੰਤਾਪ ਭੋਗ ਰਹੀ ਹੈ। ਕਿਉਂਕਿ ਉਸ ਨੂੰ ਲੱਗਦਾ ਹੈ ਕਿ ਉਹ ਆਪਣਾ ਕੋਈ ਵੀ ਫ਼ਰਜ਼ ਠੀਕ ਤਰ੍ਹਾਂ ਨਾਲ ਨਹੀ ਨਿਭਾ ਰਹੀ। ਨਾ ਤਾਂ ਉਹ ਇੱਕ ਚੰਗੀ ਪਤਨੀ ਤੇ ਮਾਂ ਬਣ ਰਹੀ ਹੈ ਤੇ ਨਾ ਹੀ ਇੱਕ ਚੰਗੀ ਪ੍ਰੇਮਿਕਾ। ਕਦੀ ਉਹ ਆਪਣੇ ਪਤੀ ਵੱਲ ਖਿੱਚੀ ਚਲੀ ਜਾਂਦੀ ਹੈ ਤੇ ਕਦੇ ਆਪਣੇ ਪ੍ਰੇਮੀ ਵੱਲ। ਪਰ ਉਹ ਮਾਨਸਿਕ ਗੁੰਝਲਤਾ ਦੀ ਸ਼ਿਕਾਰ ਹੈ। ਉਸ ਦਾ ਆਪਣੇ ਉੱਪਰ ਕੋਈ ਕੰਟਰੋਲ ਹੀ ਨਹੀਂ ਹੈ। ਉਹ ਦੋਰਾਹੇ ਉੱਪਰ ਖੜ੍ਹੀ ਹੈ। ਉਹ ਆਪਣੇ ਪਤੀ ਤੇ ਪ੍ਰੇਮੀ ਦੋਹਾਂ ਨੂੰ ਹੀ ਧੋਖਾ ਦੇ ਰਹੀ ਹੈ।

> "ਮੈਂ ਦੌੜ ਰਹੀ ਹਾਂ। ਹਫ਼ ਰਹੀ ਹਾਂ। ਇਸ ਅੰਨ੍ਹੇ ਮਾਰੂਥਲ ਵਿੱਚ। ਦੇਖੋ...ਹੈ ਨਾ ਮੇਰੀ ਹਾਲਤ ਪਾਗਲਾਂ ਵਾਲੀ। ਦੱਸੋ...।"[12]

ਉਸ ਦਾ ਪ੍ਰੇਮੀ ਉਸ ਉੱਪਰ ਆਪਣਾ ਪੂਰਾ ਕੰਟਰੋਲ ਚਾਹੁੰਦਾ ਹੈ ਤੇ ਉਹ ਉਸ ਤੋਂ ਇਹ ਮੰਗ ਕਰਦਾ ਹੈ ਕਿ ਉਹ ਆਪਣੇ ਪਤੀ ਨੂੰ ਛੱਡ ਕੇ ਉਸ ਨੂੰ ਅਪਣਾ ਲਵੇ। ਇਸੇ ਲਈ ਉਹ ਹਰ ਵਾਰ ਉਸ ਅੱਗੇ ਆਪਣੇ ਪਿਆਰ ਦਾ ਇਜ਼ਹਾਰ ਕਰਦਾ ਹੈ। ਪਰ ਉਹ ਇੱਕ ਵਿਆਹੁਤਾ ਔਰਤ ਹੈ। ਆਪਣੇ ਪਤੀ ਤੇ ਬੱਚੇ ਨੂੰ ਛੱਡ ਕੇ ਪ੍ਰੇਮੀ ਕੋਲ ਆ ਜਾਣਾ ਉਸ ਲਈ ਆਸਾਨ ਨਹੀਂ ਹੈ। ਉਹ ਆਪਣੇ ਪਤੀ ਦੇ ਨਾਲ-ਨਾਲ ਆਪਣੇ ਪ੍ਰੇਮੀ ਨਾਲ ਵੀ ਰਿਸ਼ਤਾ ਕਾਇਮ ਰੱਖਣਾ ਚਾਹੁੰਦੀ ਹੈ ਕਿਉਂਕਿ ਉਸ ਨੂੰ ਲੱਗਦਾ ਹੈ ਕਿ ਉਹ ਆਪਣੇ ਪ੍ਰੇਮੀ ਦੇ ਬਿਨਾਂ ਨਹੀਂ ਰਹਿ ਸਕਦੀ। ਉਹ ਆਪਣੇ ਪਤੀ ਤੇ ਪ੍ਰੇਮੀ ਦੋਹਾਂ ਨੂੰ ਪਿਆਰ ਕਰਦੀ ਹੈ ਤੇ ਇੱਕੋ ਸਮੇਂ ਦੋਹਾਂ ਨਾਲ ਆਪਣਾ ਰਿਸ਼ਤਾ ਕਾਇਮ ਰੱਖਣਾ ਚਾਹੁੰਦੀ ਹੈ। ਪਰ ਉਸ ਦਾ ਪ੍ਰੇਮੀ ਉਸ ਉੱਪਰ ਸਿਰਫ ਆਪਣਾ ਕੰਟਰੋਲ ਚਾਹੁੰਦਾ ਹੈ ਤੇ ਉਸ ਨੂੰ ਆਪਣੇ ਪਤੀ ਕੋਲੋਂ ਤਲਾਕ ਲੈਣ ਲਈ ਕਹਿੰਦਾ ਹੈ। ਜਿਸ ਲਈ ਉਹ ਤਿਆਰ ਨਹੀਂ ਹੈ।

> "ਦਿਲ ਤੇ ਦਿਮਾਗ਼ ਵਿੱਚ ਸਮਤੋਲ ਨਹੀਂ ਬਣ ਰਿਹਾ। ਦਿਲ ਚਾਹੁੰਦਾ ਹੈ ਕਿ ਸਾਹਿਰ ਸਿਰਫ ਮੇਰਾ ਰਹੇ। ਕਿਸੇ ਹੋਰ ਦੀਆਂ ਬਾਹਾਂ ਵਿਚ ਨਹੀਂ ਵੇਖ ਸਕਦੀ ਮੈਂ ਉਸ ਨੂੰ। ਪਰ ਦਿਮਾਗ਼ ਆਖਦਾ ਹੈ, ਇਹ ਤਾਂ ਅਟੱਲ ਹੈ। ਖ਼ੁਦ ਮੈਂ ਵੀ ਤਾਂ... । ਪਰ ਮੈਂ ਰਾਵੀ ਨਹੀਂ ਕਵਿਤਾ ਹਾਂ। ਜਿਸ ਨੇ ਬੱਸ ਸਾਹਿਰ ਨੂੰ ਚਾਹਿਆ ਹੈ।"[13]

ਆਧੁਨਿਕ ਸਮੇਂ ਵਿਚ ਪੈਸਾ ਹੀ ਸਭ ਕੁਝ ਹੋ ਗਿਆ ਹੈ ਇਸੇ ਲਈ ਤਾਂ ਬੰਦੇ ਦੀ ਉੱਨੀ ਕਦਰ ਨਹੀਂ ਜਿੰਨੀ ਕਿ ਪੈਸੇ ਦੀ ਹੈ। ਪੈਸੇ ਦੇ ਲਈ ਲੋਕ ਆਪਣੀ ਜ਼ਮੀਰ ਤੱਕ ਮਾਰ ਦਿੰਦੇ ਹਨ। ਪੈਸੇ ਦੇ ਲੋਭੀ ਇਨਸਾਨ ਆਪਣੇ

ਰਿਸ਼ਤਿਆਂ ਦਾ ਕਤਲ ਕਰਨ ਤੋਂ ਵੀ ਪਿੱਛੇ ਨਹੀਂ ਹਟਦੇ। ਜਿਸ ਤਰ੍ਹਾਂ 'ਜਿਹਨਾਂ ਦਾ ਕੋਈ ਘਰ ਹੁੰਦਾ' ਕਹਾਣੀ ਦੇ ਵਿਚ ਨਾਇਕ ਦੀ ਭੈਣ ਨੂੰ ਉਸ ਦੇ ਸਹੁਰੇ ਪਰਿਵਾਰ ਵਾਲੇ ਦਾਜ਼ ਦੀ ਮੰਗ ਪੂਰੀ ਨਾ ਹੋਣ ਦੇ ਕਾਰਨ ਉਸ ਨੂੰ ਮਾਰ ਦਿੰਦੇ ਹਨ। ਨਾਇਕ ਤੇ ਉਸ ਦੇ ਘਰਵਾਲੇ ਆਪਣੀ ਜ਼ਮੀਨ ਗਹਿਣੇ ਰੱਖ ਕੇ ਆਪਣੀ ਪਹੁੰਚ ਤੋਂ ਬਾਹਰ ਜਾ ਕੇ ਆਪਣੀ ਧੀ ਦਾ ਵਿਆਹ ਕਰਦੇ ਹਨ ਤੇ ਸੱਤ ਲੱਖ ਦੀ ਗੱਡੀ ਵੀ ਦਾਜ਼ ਵਿਚ ਦਿੰਦੇ ਹਨ। ਪਰ ਉਸ ਦੇ ਸਹੁਰਿਆਂ ਦੀ ਦਹੇਜ਼ ਦੀ ਇਹ ਭੁੱਖ ਪੂਰੀ ਨਹੀਂ ਹੁੰਦੀ ਸਗੋਂ ਉਹ ਉਸ ਦਾ ਕਤਲ ਕਰ ਦਿੰਦੇ ਹਨ ਤੇ ਬੜੀ ਚਲਾਕੀ ਨਾਲ ਬਚ ਵੀ ਜਾਂਦੇ ਹਨ। ਜਿਸ ਨਾਲ ਨਾਇਕ ਦੇ ਪਿਤਾ ਨੂੰ ਡੂੰਘਾ ਸਦਮਾ ਲੱਗਦਾ ਹੈ। ਨਾਇਕ ਵੀ ਅੰਦਰੋਂ ਟੁੱਟ ਜਾਂਦਾ ਹੈ। ਉਸ ਵਿਚ ਨੀਰਸਤਾ ਜਨਮ ਲੈਂਦੀ ਹੈ। ਜਿਸ ਨਾਲ ਉਸ ਵਿਚ ਜੀਣ ਦੀ ਇੱਛਾ ਖਤਮ ਹੋ ਜਾਂਦੀ ਹੈ। ਲੋਟੂ ਵਿਵਸਥਾ ਦੇ ਖਿਲਾਫ਼ ਉਸ ਵਿਚ ਰੋਸ ਪੈਦਾ ਹੁੰਦਾ ਹੈ।

> "ਰੋਜ਼ੀ ਦਾ ਸਿਵਾ ਬਲ ਰਿਹਾ ਹੈ। ਸਾਰਾ ਧੂੰਆਂ ਮੇਰੇ ਅੰਦਰ ਇਕੱਠਾ ਹੋਈ ਜਾਂਦਾ। ਬੇਬੇ ਪਰਾਂ ਖੜ੍ਹੀ ਹਾਲੋ-ਬੇਹਾਲ ਹੋਈ ਜਾ ਰਹੀ ਹੈ। ਪਿੰਡ ਦੀਆਂ ਤੀਵੀਆਂ ਸੰਭਾਲ ਰਹੀਆਂ ਨੇ ਉਸ ਨੂੰ। ਬਾਪੂ ਦੀਆਂ ਅੱਖਾਂ ਵਿੱਚੋਂ ਕਿਰਦੇ ਅੱਥਰੂ ਉਸ ਦੀ ਦਾਹੜੀ ਵਿਚ ਹੀ ਕਿਧਰੇ ਗੁਆਚ ਰਹੇ ਨੇ।"[14]

ਅੱਜ ਦੇ ਮਨੁੱਖ ਵਿਚ ਬਜ਼ਾਰੂ ਰੁਚੀਆਂ ਵੱਧ ਰਹੀਆਂ ਹਨ। ਉਸ ਦਾ ਝੁਕਾਅ ਬਾਹਰੀ ਚਕਾਚੋਂਧ ਵੱਲ ਜ਼ਿਆਦਾ ਤੇ ਆਪਣੇ ਘਰ ਵੱਲ ਘੱਟ ਹੈ। ਉਸ ਦੀਆਂ ਕਾਮੁਕ ਰੁਚੀਆਂ ਤੇ ਜਿਨਸੀ ਝੁਕਾਅ ਉਸ ਨੂੰ ਬਜ਼ਾਰ ਵੱਲ ਖਿੱਚ ਰਹੇ ਹਨ। ਆਪਣੀ ਸਰੀਰਕ ਜ਼ਰੂਰਤ ਨੂੰ ਪੂਰਾ ਕਰਨ ਲਈ ਉਹ ਬਜ਼ਾਰੂ ਔਰਤਾਂ ਕੋਲ ਜਾ ਰਿਹਾ ਹੈ ਜਿਸ ਨਾਲ ਉਹ ਬਹੁਤ ਸਾਰੀਆਂ ਸਰੀਰਕ ਤੇ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਹੋ ਰਿਹਾ ਹੈ। ਜਿਵੇਂ ਕਿ 'ਮੈਂ ਅਜੇ ਜਿਊਣਾ ਚਾਹੁੰਦਾ ਹਾਂ' ਦਾ ਨਾਇਕ ਬਜ਼ਾਰੂ ਔਰਤ ਕੋਲ ਜਾਂਦਾ ਹੈ ਤੇ ਬਿਨਾਂ ਕੁਝ ਵਿਚਾਰੇ ਉਸ ਨਾਲ ਸਰੀਰਕ ਸੰਬੰਧ ਬਣਾਉਂਦਾ ਹੈ ਜਿਸ ਦੇ ਨਤੀਜੇ ਵਜੋਂ ਉਹ ਏਡਜ਼ ਨਾਮੀ ਭਿਆਨਕ ਬੀਮਾਰੀ ਦਾ ਸ਼ਿਕਾਰ ਹੋ ਜਾਂਦਾ ਹੈ। ਉਹ ਸਰੀਰਕ ਤੇ ਮਾਨਸਿਕ ਸੰਤਾਪ ਹੰਢਾਉਂਦਾ ਹੋਇਆ ਆਪਣੀ ਮੌਤ ਦਾ ਇੰਤਜਾਰ ਕਰਦਾ ਹੈ।

> "ਕਿੰਨਾ ਕੁਝ ਨਿੱਤ ਪ੍ਰਚਾਰਿਆ ਜਾਂਦਾ ਹੈ। ਪਰ ਜਦੋਂ ਕਿਸੇ ਕੋਲੋ ਕੋਈ ਗ਼ਲਤੀ ਹੁੰਦੀ ਹੈ, ਉਦੋਂ ਕੋਈ ਸਮਝ-ਸਿਆਣਪ ਕੰਮ ਨਹੀਂ ਆਉਂਦੀ। ਇਹੀ ਤਾਂ ਸ਼ਾਇਦ ਮੇਰੇ ਨਾਲ ਵਾਪਰਿਆ। ਮੈਂ ਉਸ ਔਰਤ ਨਾਲ ਬਿਨਾਂ ਕਿਸੇ...। ਇਹ ਮੇਰੀ ਛੋਟੀ ਜਿਹੀ ਪਰ ਕਦੀ ਨਾ ਮਿਟਾਈ ਜਾ ਸਕਣ ਵਾਲੀ ਗ਼ਲਤੀ ਸੀ। ਜਿਸ ਗ਼ਲਤੀ ਦਾ ਨਤੀਜਾ ਮੈਂ ਅੱਜ ਭੁਗਤ ਰਿਹਾ ਹਾਂ।"[15]

ਇਸ ਤਰ੍ਹਾਂ ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਦੇ ਮੰਡੀਕਰਨ ਦੀ ਇੱਕ ਖੂਬਸੂਰਤ ਤਸਵੀਰ ਪੇਸ਼ ਕੀਤੀ ਗਈ ਹੈ। ਇਨ੍ਹਾਂ ਕਹਾਣੀਆਂ ਨੂੰ ਪੜ੍ਹ ਕੇ ਸਾਨੂੰ ਆਧੁਨਿਕ ਰਿਸ਼ਤਿਆਂ ਦੇ ਯਥਾਰਥ ਬਾਰੇ ਪਤਾ ਲੱਗਦਾ ਹੈ। ਵਿਸ਼ਵੀਕਰਨ ਤੇ ਪੂੰਜੀਵਾਦ ਦੇ ਦੌਰ ਵਿਚ ਪੈਸੇ ਦੀ ਪ੍ਰਧਾਨਤਾ ਨੇ ਮਨੁੱਖੀ ਰਿਸ਼ਤਿਆਂ ਨੂੰ ਸਭ ਤੋਂ ਵੱਧ ਢਾਹ ਲਾਈ ਹੈ। ਸਰਮਾਏਦਾਰੀ ਜਿੱਥੇ ਵੀ ਹੋਂਦ ਵਿਚ ਆਈ ਹੈ ਉੱਥੇ ਹੀ ਇਸ ਨੇ ਮਨੁੱਖੀ ਰਿਸ਼ਤਿਆਂ ਨੂੰ

ਤਬਾਹ ਕਰ ਦਿੱਤਾ ਹੈ। ਇਸ ਨੇ ਬੜੀ ਬੇਰਹਿਮੀ ਨਾਲ ਮਨੁੱਖ ਨੂੰ ਕੁਦਰਤੀ ਸਰੋਤਾਂ ਅਤੇ ਰਿਸ਼ਤੇ-ਨਾਤਿਆਂ ਦੀਆਂ ਤੰਦਾਂ ਨੂੰ ਤੋੜ ਕੇ ਤਾਰ-ਤਾਰ ਕਰ ਦਿੱਤਾ ਹੈ।

## ਹਵਾਲੇ ਅਤੇ ਟਿੱਪਣੀਆਂ:-

1. ਸਿਮਰਨ ਧਾਲੀਵਾਲ, ਆਸ ਅਜੇ ਬਾਕੀ ਹੈ, ਪੰਨਾ 16
2. ਉਹੀ, ਪੰਨਾ 26
3. ਉਹੀ, ਪੰਨਾ 38-39
4. ਉਹੀ, 59
5. ਉਹੀ।
6. ਉਹੀ,59 -60
7. ਸਿਮਰਨ ਧਾਲੀਵਾਲ, ਉਸ ਪਲ, ਪੰਨਾ 75
8. ਉਹੀ, ਪੰਨਾ 74
9. ਉਹੀ, 75
10. ਉਹੀ, 76
11. ਉਹੀ, 24
12. ਉਹੀ, 47
13. ਉਹੀ, 46
14. ਉਹੀ, 59
15. ਉਹੀ, 86
16. ਉਹੀ, 79-80

# ਸਿੱਟੇ ਤੇ ਸਥਾਪਨਾਵਾਂ

ਸਾਹਿਤ ਰਚਨਾ ਬਹੁਪਰਤੀ, ਬਹੁਅਰਥੀ ਤੇ ਬਹੁਦਿਸ਼ਾਵੀ ਹੋਣ ਕਾਰਨ ਮਨੁੱਖੀ ਜੀਵਨ ਦਾ ਅਨੋਖਾ ਅਮਲ ਹੈ ਜੋ ਸਮਾਜਿਕ ਜ਼ਿੰਦਗੀ ਦੇ ਰੂਪਾਂਤਰਣ ਵਿੱਚੋਂ ਉਪਜਦਾ ਹੈ ਅਤੇ ਜ਼ਿੰਦਗੀ ਦੀ ਯਥਾਰਥਕ ਪੇਸ਼ਕਾਰੀ ਕਰਦਾ ਹੈ। ਜਿਸ ਤਰ੍ਹਾਂ ਹਰ ਕਲਾ ਦਾ ਆਪਣਾ ਵੱਖਰਾ ਮਾਧਿਅਮ ਹੁੰਦਾ ਹੈ, ਇਸੇ ਤਰ੍ਹਾਂ ਸਾਹਿਤ ਦਾ ਮਾਧਿਅਮ 'ਸ਼ਬਦ' ਹੈ ਅਤੇ ਸ਼ਬਦਾਂ ਦੀ ਤਰਤੀਬਵਾਰ ਕੀਤੀ ਪੇਸ਼ਕਾਰੀ ਨੂੰ ਸਾਹਿਤਕ ਕਿਰਤ ਜਾਂ ਰਚਨਾ ਕਿਹਾ ਜਾਂਦਾ ਹੈ। ਰਚਨਾ ਜਾਂ ਸਿਰਜਣਾ ਸ਼ਬਦ ਦਾ ਪ੍ਰਯੋਗ ਉਨ੍ਹਾਂ ਅਰਥਾਂ ਵਿਚ ਕੀਤਾ ਜਾਂਦਾ ਹੈ ਜਦੋਂ ਕੋਈ ਵਿਲੱਖਣ, ਸਾਰਥਕ ਅਤੇ ਸੁਹਜ ਸੁਆਦ ਦੇਣ ਵਾਲੀ ਕ੍ਰਿਤ ਜਨਮ ਲੈ ਕੇ ਯਥਾਰਥਕਤਾ ਦੀ ਪੇਸ਼ਕਾਰੀ ਕਰੇ। ਇਹ ਪੇਸ਼ਕਾਰੀ ਸਮਾਜ ਵਿਚਲੇ ਮਨੁੱਖਾਂ 'ਤੇ ਕੇਂਦਰਿਤ ਹੁੰਦੀ ਹੈ।

ਕਹਾਣੀ ਗਲਪ ਦਾ ਹਿੱਸਾ ਹੈ। ਕਹਾਣੀ ਸ਼ੁਰੂ ਤੋਂ ਹੀ ਮਨੁੱਖੀ ਮਨ ਤੇ ਆਪਣਾ ਪ੍ਰਭਾਵ ਛੱਡਦੀ ਰਹੀ ਹੈ। ਇਸ ਲਈ ਕਹਾਣੀ ਅਤੇ ਮਨੁੱਖ ਦਾ ਰਿਸ਼ਤਾ ਆਦਿ ਸਮੇਂ ਤੋਂ ਬਹੁਤ ਨਿਕਟਵਰਤੀ ਰਿਹਾ ਹੈ। ਇਸੇ ਲਈ ਸ਼ੁਰੂ ਤੋਂ ਹੀ ਮਨੁੱਖ ਕਹਾਣੀ ਪੜ੍ਹਨ ਤੇ ਲਿਖਣ ਵਿਚ ਆਪਣੀ ਰੁਚੀ ਦਿਖਾਉਂਦਾ ਰਿਹਾ ਹੈ। ਇਹੀ ਕਾਰਨ ਹੈ ਕਿ ਸਾਹਿਤ ਦਾ ਸਭ ਤੋਂ ਹਰਮਨ ਪਿਆਰਾ ਰੂਪ ਕਹਾਣੀ ਹੀ ਹੈ। ਕਹਾਣੀ ਮਨੁੱਖ ਦੇ ਦਿਲ ਤੇ ਸਿੱਧਾ ਪ੍ਰਭਾਵ ਪਾਉਂਦੀ ਹੈ। ਇਸ ਦੇ ਨਾਲ ਹੀ ਕਹਾਣੀ ਸਮਾਜ ਨੂੰ ਇੱਕ ਸੇਧ ਪ੍ਰਦਾਨ ਕਰਦੀ ਹੋਈ ਮਨੁੱਖ ਨੂੰ ਸਹੀ ਸੰਦੇਸ਼ ਵੀ ਦਿੰਦੀ ਹੈ। ਅੱਜ ਪੰਜਾਬੀ ਕਹਾਣੀ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਪ੍ਰਸਿੱਧੀ ਬਣਾ ਚੁੱਕੀ ਹੈ। ਕਾਲਜ਼ਾਂ ਅਤੇ ਯੂਨੀਵਰਸਿਟੀਆਂ ਵਿਚ ਕਹਾਣੀ ਉੱਪਰ ਖੋਜ-ਕਾਰਜ ਚੱਲ ਰਹੇ ਹਨ ਜੋ ਕਿ ਇਹ ਦਰਸਾਉਣ ਲਈ ਕਾਫੀ ਹਨ ਕਿ ਅੱਜ ਦੇ ਵਿਦਿਆਰਥੀਆਂ ਵਿਚ ਵੀ ਕਹਾਣੀ ਦੇ ਲਈ ਬਹੁਤ ਰੁਚੀ ਹੈ। ਕਹਾਣੀ ਨੇ ਆਪਣੇ ਆਪ ਨੂੰ ਸਮਕਾਲੀ ਸਥਿਤੀਆਂ ਅਨੁਸਾਰ ਢਾਲਿਆ ਹੈ। ਇਸ ਨੇ ਆਪਣੇ ਆਪ ਨੂੰ ਪਾਠਕਾਂ ਦੀ ਰੁਚੀ ਅਨੁਸਾਰ ਬਦਲਿਆ ਹੈ। ਜਿਸ ਕਾਰਨ ਪਾਠਕ ਅੱਜ ਵੀ ਕਹਾਣੀ ਪੜ੍ਹਨ ਵਿਚ ਆਪਣੀ ਰੁਚੀ ਦਿਖਾਉਂਦੇ ਹਨ।

ਅਜਿਹਾ ਹੀ ਇੱਕ ਖੋਜ ਕਾਰਜ ਕਰਨ ਦੀ ਕੋਸ਼ਿਸ਼ ਇਸ ਖੋਜ ਕਾਰਜ ਦੇ ਵਿਚ ਕੀਤੀ ਗਈ ਹੈ। ਇਸ ਖੋਜ ਕਾਰਜ ਦਾ ਵਿਸ਼ਾ "ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਦਾ ਚਿਤਰਨ ਹੈ।" ਇਹ ਖੋਜ ਕਾਰਜ ਉਨ੍ਹਾਂ ਦੇ ਦੋ ਕਹਾਣੀ ਸੰਗ੍ਰਹਿਆਂ "ਆਸ ਅਜੇ ਬਾਕੀ ਹੈ" ਅਤੇ "ਉਸ ਪਲ" ਦੇ ਸੰਦਰਭ ਵਿਚ ਕੀਤਾ ਗਿਆ ਹੈ। ਇਨ੍ਹਾਂ ਦੋਹਾਂ ਕਹਾਣੀ ਸੰਗ੍ਰਹਿਆਂ ਦਾ ਡੂੰਘਾ ਅਧਿਐਨ ਕੀਤਾ ਗਿਆ ਹੈ। ਜਿਸ ਦੇ ਨਤੀਜੇ ਵਜੋਂ ਮਨੁੱਖੀ ਰਿਸ਼ਤਿਆਂ ਦੇ ਵੱਖ-ਵੱਖ ਪਹਿਲੂਆਂ ਬਾਰੇ ਨਵੀਂ ਜਾਣਕਾਰੀ ਮਿਲੀ ਹੈ। ਉਨ੍ਹਾਂ ਦੀਆਂ ਕਹਾਣੀਆਂ ਮਨੁੱਖੀ ਮਨ ਦੀਆਂ ਤਹਿਆਂ ਨੂੰ ਫਰੋਲਦੀਆਂ ਹਨ। ਮਨ ਦੀਆਂ ਅਨੇਕ ਪਰਤਾਂ ਹਨ। ਅਲੱਗ-ਅਲੱਗ ਸਥਿਤੀਆਂ ਮਨੁੱਖੀ ਮਨ ਉੱਪਰ ਡੂੰਘਾ ਅਸਰ ਕਰਦੀਆਂ ਹਨ ਇਹੀ ਇਨ੍ਹਾਂ ਕਹਾਣੀਆਂ ਵਿਚ ਦੇਖਿਆ ਗਿਆ ਹੈ। ਇਨਸਾਨ ਦਾ ਵਿਵਹਾਰ ਸਥਿਤੀਆਂ ਨਾਲ ਬਦਲਦਾ ਹੈ। ਇਹ ਸਾਰੀਆਂ ਕਹਾਣੀਆਂ ਮਨੋਵਿਗਿਆਨਕ ਧਰਾਤਲ 'ਤੇ ਲਿਖੀਆਂ ਗਈਆਂ ਹਨ। ਲੇਖਕ ਨੇ ਹਰ ਕਹਾਣੀ ਵਿਚ ਘਟਨਾਵਾਂ ਨੂੰ ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਫੜ੍ਹਨ, ਜਾਨਣ ਤੇ ਪਰਖਣ ਦੀ

ਕੋਸ਼ਿਸ਼ ਕੀਤੀ ਹੈ। ਇਨ੍ਹਾਂ ਕਹਾਣੀਆ ਵਿਚ ਸਮਾਜਿਕ ਨਾ ਬਰਾਬਰੀ, ਮਾਨਸਿਕ ਅਤੇ ਸਰੀਰਕ ਲੋੜ ਅਤੇ ਵਿਸ਼ਵੀਕਰਨ ਦੇ ਵਰਤਾਰਿਆਂ ਨੂੰ ਪੇਸ਼ ਕੀਤਾ ਗਿਆ ਹੈ। ਭਾਸ਼ਾ ਸ਼ੈਲੀ ਵਧੀਆ ਹੈ। ਅਖਾਣ-ਮੁਹਾਵਰਿਆਂ ਦੀ ਵਰਤੋਂ ਸਾਰੀਆਂ ਹੀ ਕਹਾਣੀਆਂ ਵਿਚ ਭਰਪੂਰ ਰੂਪ ਵਿਚ ਹੋਈ ਹੈ। ਰਚਨਾ ਵਿਚ ਪ੍ਰੌਢਤਾ ਤੇ ਗੰਭੀਰਤਾ ਹੈ। ਲੇਖਕ ਮਨੋ ਬਚਨੀ, ਉੱਤਮ ਪੁਰਖ ਅਤੇ ਫਲੈਸ਼ਬੈਕ ਢੰਗ ਦੀ ਵਰਤੋਂ ਕਰਦਾ ਹੈ। ਸਾਰੀਆਂ ਕਹਾਣੀਆਂ ਮਨੁੱਖੀ ਮਨ ’ਤੇ ਫੋਕਸ ਕਰਦੀਆਂ ਹਨ। ਜਿਹੋ-ਜਿਹੀਆਂ ਸਥਿਤੀਆਂ ਇਨ੍ਹਾਂ ਕਹਾਣੀਆਂ ਵਿਚ ਦਿਖਾਈਆਂ ਗਈਆਂ ਹਨ, ਉਨ੍ਹਾਂ ਸਾਰੀਆਂ ਸਥਿਤੀਆਂ ਦਾ ਅੱਜ ਦਾ ਮਨੁੱਖ ਸਾਹਮਣਾ ਕਰ ਰਿਹਾ ਹੈ। ਕਹਾਣੀਆਂ ਦੇ ਪਾਤਰ ਪਾਠਕਾਂ ਦੀ ਦਇਆ ਦੇ ਪਾਤਰ ਬਣਦੇ ਹਨ ਕਿਉਂਕਿ ਜਿਹੋ-ਜਿਹੀਆਂ ਪ੍ਰਸਥਿਤੀਆਂ ਦਾ ਸਾਹਮਣਾ ਉਹ ਕਰ ਰਹੇ ਹਨ, ਅੱਜ ਦਾ ਮਨੁੱਖ ਵੀ ਉਹੋ ਜਿਹੀਆਂ ਹੀ ਪ੍ਰਸਥਿਤੀਆਂ ਦਾ ਸਾਹਮਣਾ ਕਰ ਰਿਹਾ ਹੈ।

ਇਸ ਖੋਜ ਕਾਰਜ ਨੂੰ ਚਾਰ ਅਧਿਆਇ ਵਿਚ ਵੰਡਿਆ ਗਿਆ ਹੈ। ਸਭ ਤੋਂ ਪਹਿਲਾਂ ਭੂਮਿਕਾ ਲਿਖੀ ਗਈ ਹੈ। ਭੂਮਿਕਾ ਦੇ ਵਿਚ ਮਨੁੱਖੀ ਰਿਸ਼ਤਿਆਂ ਦੇ ਅਰਥ, ਪਰਿਭਾਸ਼ਾ ਤੇ ਸਰੂਪ ਬਾਰੇ ਗੱਲ ਕੀਤੀ ਗਈ ਹੈ। ਜਿਸ ਤੋਂ ਸਾਨੂੰ ਮਾਨਵੀ ਰਿਸ਼ਤਿਆਂ ਦੇ ਬਾਰੇ ਬਹੁਤ ਕੁਝ ਸਿੱਖਣ ਨੂੰ ਮਿਲਿਆ ਹੈ। ਕਹਾਣੀ ਦੇ ਸਿਧਾਂਤਕ ਤੇ ਇਤਿਹਾਸਕ ਪਰਿਪੇਖ ਨੂੰ ਵੀ ਭੂਮਿਕਾ ਦੇ ਵਿਚ ਹੀ ਰੱਖਿਆ ਗਿਆ ਹੈ। ਜਿਸ ਵਿਚ ਕਿ ਕਹਾਣੀ ਦੇ ਅਰਥ, ਤੱਤਾਂ, ਸਰੂਪ ਅਤੇ ਰੂਪਾਂ ਦੀ ਪੇਸ਼ਕਾਰੀ ਕੀਤੀ ਗਈ ਹੈ। ਜਿਸ ਨਾਲ ਸਾਨੂੰ ਕਹਾਣੀ ਦੇ ਅਜੋਕੇ ਸਮੇਂ ਵਿਚ ਪਸਾਰਾਂ ਬਾਰੇ ਪਤਾ ਲੱਗਦਾ ਹੈ। ਕਹਾਣੀ ਦੇ ਅਰਥ ਅਤੇ ਪਰਿਭਾਸ਼ਾ ਕਹਾਣੀ ਨੂੰ ਸਮਝਣ ਵਿਚ ਮਦਦ ਕਰਦੇ ਹਨ। ਇਸ ਦੇ ਰੂਪਾਂ ਤੋਂ ਪਤਾ ਲੱਗਦਾ ਹੈ ਕਿ ਪਾਠਕਾਂ ਦੀ ਦਿਲਚਪਸੀ ਦੇ ਮੁਤਾਬਿਕ ਕਹਾਣੀ ਦੇ ਵਿਭਿੰਨ ਰੂਪ ਹਨ। ਬੱਚੇ, ਜਵਾਨ ਅਤੇ ਬਜ਼ੁਰਗਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਲੇਖਕ ਕਹਾਣੀ ਦੇ ਵਿਚ ਹਰ ਤਰ੍ਹਾਂ ਦਾ ਮਸਾਲਾ ਜੋੜਨ ਦੀ ਕੋਸ਼ਿਸ਼ ਕਰਦੇ ਹਨ ਤਾਂ ਕਿ ਪਾਠਕਾਂ ਨੂੰ ਕਹਾਣੀ ਰੋਚਕ ਲੱਗੇ। ਉਸ ਤੋਂ ਬਾਅਦ ਖੋਜ-ਕਾਰਜ ਦੇ ਉਦੇਸ਼, ਖੋਜ-ਵਿਧੀਆਂ ਅਤੇ ਪੂਰਵ ਖੋਜ-ਕਾਰਜ ਨੂੰ ਭੂਮਿਕਾ ਵਿਚ ਹੀ ਰੱਖਿਆ ਗਿਆ ਹੈ।

ਇਸ ਖੋਜ ਕਾਰਜ ਦੇ ਪਹਿਲੇ ਅਧਿਆਇ ਵਿਚ ਸਿਮਰਨ ਧਾਲੀਵਾਲ ਦੇ ਜੀਵਨ, ਰਚਨਾਵਾਂ ਅਤੇ ਸਾਹਿਤਕ ਪਿਛੋਕੜ ਦੀ ਗੱਲ ਕੀਤੀ ਗਈ ਹੈ। ਉਨ੍ਹਾਂ ਨਾਲ ਕੀਤੀ ਗਈ ਇੰਟਰਵਿਊ ਨੂੰ ਵੀ ਪਹਿਲੇ ਅਧਿਆਇ ਦੇ ਅੰਤਰਗਤ ਰੱਖਿਆ ਗਿਆ ਹੈ। ਹਰ ਇੱਕ ਸਾਹਿਤਕਾਰ ਦੀ ਸਾਹਿਤਕ ਕਿਰਤ ਉੱਪਰ ਉਸ ਦੇ ਵਿਅਕਤੀਗਤ ਜੀਵਨ, ਸਮਕਾਲੀ ਸਮਾਜਿਕ ਜੀਵਨ ਅਤੇ ਸਮੇਂ ਦੀਆਂ ਪ੍ਰਸਥਿਤੀਆਂ ਦਾ ਡੂੰਘਾ ਅਸਰ ਹੁੰਦਾ ਹੈ। ਹਰ ਰਚਨਾ ਲੇਖਕ ਦੇ ਆਪਣੇ ਅੰਦਰਲੇ ਦੀ ਤਲਾਸ਼ ਹੁੰਦੀ ਹੈ। ਲੇਖਕ ਆਪਣੇ ਅੰਦਰੇ ਸਾਰੇ ਜਜ਼ਬਾਤ ਆਪਣੀਆਂ ਕਹਾਣੀਆਂ ਦੇ ਰੂਪ ਵਿਚ ਲਿਖ ਦਿੰਦਾ ਹੈ। ਇਸ ਅਧਿਆਇ ਵਿਚ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਸਿਮਰਨ ਧਾਲੀਵਾਲ ਨੇ ਕਿਹੋ ਜਿਹੇ ਮਾਹੌਲ ਵਿਚ ਜਨਮ ਲਿਆ। ਉਨ੍ਹਾਂ ਦੀ ਪੜ੍ਹਾਈ ਕਿੱਥੋਂ ਹੋਈ। ਉਨ੍ਹਾਂ ਨੇ ਕਿਹੜੇ-ਕਿਹੜੇ ਲੇਖਕਾਂ ਨੂੰ ਪੜ੍ਹਿਆ ਤੇ ਲਿਖਣ ਦੀ ਪ੍ਰੇਰਨਾ ਕਿੱਥੋਂ ਲਈ ਆਦਿ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਰਚਨਾਵਾਂ ਤੇ ਮਾਨ ਸਨਮਾਨਾਂ ਦੀ ਵੀ ਗੱਲ ਕੀਤੀ ਗਈ ਹੈ। ਇਸ ਦੇ ਨਾਲ ਹੀ ਇੱਕ ਇੰਟਰਵਿਊ ਦੁਆਰਾ ਉਨ੍ਹਾਂ ਦੇ ਜੀਵਨ ਤੇ ਜੀਵਨ ਨਾਲ ਸੰਬੰਧਿਤ ਵੱਖ-ਵੱਖ ਮੁੱਦਿਆਂ ਬਾਰੇ ਕੀਤੀ ਗੱਲਬਾਤ ਵੀ ਇਸੇ ਅਧਿਆਇ ਵਿਚ ਸ਼ਾਮਿਲ ਹੈ। ਇਸ

ਅਧਿਆਇ ਵਿਚ ਸਾਨੂੰ ਪਤਾ ਲੱਗਦਾ ਹੈ ਕਿ ਸਿਮਰਨ ਧਾਲੀਵਾਲ ਨੂੰ ਬਚਪਨ ਤੋਂ ਹੀ ਕਹਾਣੀਆਂ ਪੜ੍ਹਨ ਦਾ ਬਹੁਤ ਸ਼ੌਂਕ ਸੀ। ਬਹੁਤ ਸਾਰੇ ਕਹਾਣੀਕਾਰਾਂ ਦੀਆਂ ਰਚਨਾਵਾਂ ਪੜ੍ਹ ਕੇ ਉਨ੍ਹਾਂ ਵਿਚ ਵੀ ਲਿਖਣ ਕਲਾ ਨੇ ਜਨਮ ਲਿਆ। ਉਨ੍ਹਾਂ ਨੇ ਸਭ ਤੋਂ ਪਹਿਲਾਂ ਬਾਲ ਸਾਹਿਤ ਰਚਣਾ ਆਰੰਭ ਕੀਤਾ। ਪਹਿਲਾਂ-ਪਹਿਲ ਉਨ੍ਹਾਂ ਦੀਆਂ ਰਚਨਾਵਾਂ ਰਸਾਲਿਆਂ ਵਿਚ ਛਪਣੀਆਂ ਆਰੰਭ ਹੋਈਆਂ। ਫਿਰ 2012 ਵਿਚ ਉਨ੍ਹਾਂ ਦਾ ਪਹਿਲਾਂ ਕਹਾਣੀ-ਸੰਗ੍ਰਹਿ 'ਆਸ ਅਜੇ ਬਾਕੀ ਹੈ' ਪ੍ਰਕਾਸ਼ਿਤ ਹੋਇਆ। ਜਿਸਦਾ ਦੂਸਰਾ ਐਡੀਸ਼ਨ 2015 ਵਿਚ ਪ੍ਰਕਾਸ਼ਿਤ ਕੀਤਾ ਗਿਆ। 2015 ਵਿਚ ਹੀ ਉਨ੍ਹਾਂ ਦਾ ਦੂਸਰਾ ਕਹਾਣੀ ਸੰਗ੍ਰਹਿ 'ਉਸ ਪਲ' ਪ੍ਰਕਾਸ਼ਿਤ ਹੋਇਆ। ਉਨ੍ਹਾਂ ਦੀ ਲਿਖਣ ਕਲਾ ਤੋਂ ਪ੍ਰਭਾਵਿਤ ਹੋ ਕੇ ਭਾਰਤੀ ਸਾਹਿਤ ਅਕਾਦਮੀ ਨੇ ਉਨ੍ਹਾਂ ਨੂੰ 'ਯੁਵਾ ਪੁਰਸਕਾਰ' ਦੇ ਨਾਲ ਨਿਵਾਜ਼ਿਆ। ਸਿਮਰਨ ਧਾਲੀਵਾਲ ਨੇ ਆਪਣੀਆਂ ਕੁਝ ਕੁ ਕਹਾਣੀਆ ਦੁਆਰਾ ਹੀ ਸਮਕਾਲ ਦੀ ਪੰਜਾਬੀ ਕਹਾਣੀ ਵਿਚ ਆਪਣੀ ਅਲੱਗ ਪਹਿਚਾਣ ਬਣਾਈ ਹੈ। ਉਸ ਨੇ ਠੇਠ ਭਾਸ਼ਾਈ ਮੁਹਾਵਰਾ, ਠੋਸ ਵਾਰਤਾਲਾਪ ਤੇ ਮਨੋ ਸੰਸਾਰ ਦੀ ਸੁਭਾਵਕ ਪੇਸ਼ਕਾਰੀ ਨਾਲ ਉਹ ਪਾਤਰਾਂ ਦੀਆਂ ਗੁੰਝਲਦਾਰ ਮਾਨਸਿਕ ਬਣਤਰਾਂ ਨੂੰ ਖੋਲ੍ਹਦਾ ਜਾਂਦਾ ਹੈ। ਇਸ ਸਾਰੇ ਵੇਰਵੇ ਦੀ ਪੇਸ਼ਕਾਰੀ ਇਸ ਖੋਜ ਕਾਰਜ ਦੇ ਪਹਿਲੇ ਅਧਿਆਇ ਵਿਚ ਕੀਤੀ ਗਈ ਹੈ।

ਇਸ ਖੋਜ ਕਾਰਜ ਦੇ ਦੂਜੇ ਅਧਿਆਇ ਵਿਚ ਮਨੁੱਖੀ ਰਿਸ਼ਤਿਆਂ ਵਿਚਲੀ ਤ੍ਰਾਸਦੀ ਦੀ ਗੱਲ ਕੀਤੀ ਗਈ ਹੈ। ਅੱਜ ਦੇ ਮਨੁੱਖ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਨੇ ਘੇਰਿਆ ਹੋਇਆ ਹੈ ਜਿਸ ਕਾਰਨ ਮਨੁੱਖ ਸਰੀਰਕ ਤੇ ਮਾਨਸਿਕ ਦੋਹਾਂ ਤਰ੍ਹਾਂ ਦਾ ਸੰਤਾਪ ਭੁਗਤ ਰਿਹਾ ਹੈ। ਆਪਣੀਆਂ ਹੀ ਸਮੱਸਿਆਵਾਂ ਵਿਚ ਘਿਰਿਆ ਮਨੁੱਖ ਮਾਨਸਿਕ ਤੌਰ ਤੇ ਇੰਨਾ ਜ਼ਿਆਦਾ ਪਰੇਸ਼ਾਨ ਹੈ ਕਿ ਉਸ ਵਿਚ ਜੀਣ ਨਾਲੋਂ ਮਰਨ ਦੀ ਰੁਚੀ ਭਾਰੂ ਹੋ ਗਈ ਹੈ। ਰਿਸ਼ਤਿਆਂ ਦੀ ਹੋਂਦ ਦਾ ਸੰਕਟ ਖੜ੍ਹਾ ਹੋ ਗਿਆ ਹੈ। ਇਸ ਖੋਜ ਕਾਰਜ ਵਿਚ ਮਨੁੱਖ ਦੀ ਸਰੀਰਕ, ਮਾਨਸਿਕ, ਵਿਸ਼ਵੀਕਰਨ ਤੇ ਅਧੂਰੇ ਪਿਆਰ ਦੇ ਕਾਰਨ ਪੈਦਾ ਹੋਈ ਤ੍ਰਾਸਦੀ ਦੀ ਪੇਸ਼ਕਾਰੀ ਕੀਤੀ ਗਈ ਹੈ। ਇਸ ਅਧਿਆਇ ਵਿਚ ਕਿਸਾਨੀ ਜੀਵਨ, ਅਧੂਰੇ ਪਿਆਰ, ਆਰਥਿਕ ਹੀਣਤਾ, ਜਿਨਸੀ ਝੁਕਾਅ, ਬੇਰੁਜ਼ਗਾਰੀ, ਵਿਸ਼ਵੀਕਰਨ, ਜਾਤ-ਪਾਤ, ਸਮਲਿੰਗਕਤਾ, ਬਜ਼ਾਰੂਪਨ, ਬੇਵਫ਼ਾਈ, ਵਿਆਹ ਸੰਬੰਧ, ਭ੍ਰਿਸ਼ਟਾਚਾਰ ਦੇ ਕਾਰਨ ਮਨੁੱਖ ਦੀ ਜੋ ਤ੍ਰਾਸਦੀ ਹੈ, ਉਸ ਦੀ ਤਸਵੀਰ ਇਸ ਅਧਿਆਇ ਵਿਚ ਕੀਤੀ ਗਈ ਹੈ। ਮਾੜੀ ਆਰਥਿਕਤਾ ਤੇ ਗਰੀਬੀ ਦਾ ਸ਼ਿਕਾਰ ਵਿਅਕਤੀ ਨੀਰਸਤਾ ਦਾ ਸ਼ਿਕਾਰ ਹੋ ਰਿਹਾ ਹੈ। ਆਪਣੀ ਨਿਰਾਸ਼ਤਾ ਤੇ ਦੁੱਖ ਨੂੰ ਭੁੱਲਣ ਲਈ ਉਹ ਨਸ਼ਿਆਂ ਦਾ ਸਹਾਰਾ ਲੈ ਰਿਹਾ ਹੈ। ਆਪਣੀਆਂ ਕਾਮੁਕ ਰੁਚੀਆਂ ਨੂੰ ਪੂਰਾ ਕਰਨ ਲਈ ਉਸ ਵਿਚ ਬਜ਼ਾਰੂ ਰਚੀਆਂ ਵੱਧ ਰਹੀਆਂ ਹਨ ਜਿਸ ਕਾਰਨ ਉਹ ਏਡਜ਼ ਵਰਗੇ ਭਿਆਨਕ ਬੇਇਲਾਜ਼ ਰੋਗਾਂ ਦਾ ਸ਼ਿਕਾਰ ਹੋ ਕੇ ਸਰੀਰਕ ਤੇ ਮਾਨਸਿਕ ਸੰਤਾਪ ਭੋਗ ਰਿਹਾ ਹੈ। ਜਿਨਸੀ-ਝੁਕਾਅ ਮਨੁੱਖ ਨੂੰ ਜ਼ਿਆਦਾ ਪ੍ਰਭਾਵਿਤ ਕਰ ਰਹੇ ਹਨ। ਵਿਆਹ ਬਾਹਰੇ ਸੰਬੰਧ ਬਣ ਰਹੇ ਹਨ। ਨੌਜਵਾਨ ਪੀੜ੍ਹੀ ਕਦਰਾਂ-ਕੀਮਤਾਂ ਨੂੰ ਭੁੱਲਦੀ ਜਾ ਰਹੀ ਹੈ। ਬਿਨਾਂ ਵਿਆਹ ਕੀਤੇ ਪਤੀ-ਪਤਨੀ ਦੇ ਸੰਬੰਧ ਬਣ ਰਹੇ ਹਨ। ਜਿਸ ਨਾਲ ਵਿਆਹ ਪ੍ਰਬੰਧ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਬਜ਼ੁਰਗਾਂ ਦਾ ਅਪਮਾਨ ਕੀਤਾ ਜਾ ਰਿਹਾ ਹੈ। ਵਿਸ਼ਵੀਕਰਨ ਦੇ ਪ੍ਰਭਾਵ ਹੇਠ ਮਨੁੱਖ ਮਸ਼ੀਨ ਬਣ ਗਿਆ ਹੈ। ਬੱਸ ਉਸ ਨੂੰ ਪੈਸਾ ਕਮਾਉਣ ਦੀ ਹੋੜ ਲੱਗੀ ਹੋਈ ਹੈ ਜਿਸ ਕਾਰਨ ਉਹ ਆਪਣਿਆਂ ਤੋਂ ਦੂਰ ਹੋ ਰਿਹਾ ਹੈ। ਇੱਕ ਦੂਜੇ ਨਾਲ ਦੁੱਖ-ਸੁੱਖ ਫੋਲਣ ਦਾ ਉਸ

ਕੋਲ ਬਿਲਕੁਲ ਵੀ ਸਮਾਂ ਨਹੀਂ ਹੈ। ਮਨ ਵਿਚ ਹਜ਼ਾਰਾਂ ਗਮਾਂ ਦਾ ਬੋਝ ਲਈ ਉਹ ਘੁੰਮ ਰਿਹਾ ਹੈ ਜਿਸ ਨਾਲ ਉਸ ਦੇ ਮਨ ਦਾ ਸਕੂਨ ਗਾਇਬ ਹੋ ਰਿਹਾ ਹੈ। ਇਸ ਕਾਰਨ ਉਸ ਦੇ ਜੀਵਨ ਵਿਚ ਤ੍ਰਾਸਦੀ ਪੈਦਾ ਹੋ ਰਹੀ ਹੈ।

ਇਸ ਖੋਜ ਕਾਰਜ ਦੇ ਤੀਜੇ ਅਧਿਆਇ ਵਿਚ ਮਨੁੱਖੀ ਰਿਸ਼ਤਿਆਂ ਦੇ ਨਿਘਾਰ ਵੱਲ ਜਾਣ ਦੀ ਪੇਸ਼ਕਾਰੀ ਹੈ। ਅੱਜ ਦਾ ਰਿਸ਼ਤਾ-ਨਾਤਾ ਪ੍ਰਬੰਧ ਬਹੁਤ ਗੁੰਝਲਦਾਰ ਹੋ ਗਿਆ ਹੈ। ਜਿਸ ਕਾਰਨ ਮਨੁੱਖ ਜਿਹਨੀ ਤੌਰ ਤੇ ਗੁਲਾਮ ਹੋ ਗਿਆ ਹੈ। ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਵਿਚ ਆ ਰਹੇ ਨਿਘਾਰ ਨੂੰ ਇੱਕ ਗੰਭੀਰ ਸੰਕਟ ਦੇ ਤੌਰ 'ਤੇ ਦਰਸਾਇਆ ਗਿਆ ਹੈ। ਇਹ ਨਿਘਾਰ ਸਿਰਫ ਉਨ੍ਹਾਂ ਰਿਸ਼ਤਿਆਂ ਵਿਚ ਨਹੀਂ ਆ ਰਿਹਾ ਜਿਹੜੇ ਕਿ ਦੂਰ ਦੇ ਹਨ ਜਾਂ ਜਿਨ੍ਹਾਂ ਵਿਚ ਕੋਈ ਖ਼ੂਨ ਦੀ ਸਾਂਝ ਨਹੀਂ ਹੁੰਦੀ, ਸਗੋਂ ਇਹ ਨਿਘਾਰ ਉਨ੍ਹਾਂ ਰਿਸ਼ਤਿਆਂ ਵਿਚ ਆ ਰਿਹਾ ਹੈ ਜਿਹੜੇ ਕਿ ਕਿਸੇ ਵੀ ਵਿਅਕਤੀ ਦੀ ਜ਼ਿੰਦਗੀ ਦਾ ਆਧਾਰ ਹਨ। ਜਿਵੇਂ ਮਾਪਿਆਂ ਅਤੇ ਸੰਤਾਨ ਦਾ ਆਪਸੀ ਰਿਸ਼ਤਾ, ਪਤੀ-ਪਤਨੀ ਦਾ ਰਿਸ਼ਤਾ, ਦੋਸਤੀ ਦਾ ਰਿਸ਼ਤਾ, ਪ੍ਰੇਮੀ-ਪ੍ਰੇਮਿਕਾ ਦਾ ਰਿਸ਼ਤਾ ਆਦਿ। ਇਹ ਉਹ ਰਿਸ਼ਤੇ ਹਨ ਜਿਹੜੇ ਕਿ ਹਰ ਮਨੁੱਖ ਦੇ ਦਿਲ ਦੇ ਨੇੜੇ ਹੁੰਦੇ ਹਨ ਪਰ ਬਦਲਦੇ ਸਮੇਂ ਦੇ ਨਾਲ-ਨਾਲ ਇਨ੍ਹਾਂ ਰਿਸ਼ਤਿਆਂ ਵਿਚ ਨਿਘਾਰ ਆ ਰਿਹਾ ਹੈ। ਜੇ ਇਨ੍ਹਾਂ ਰਿਸ਼ਤਿਆਂ ਵਿਚ ਆ ਰਹੇ ਨਿਘਾਰ ਦੇ ਕਾਰਨਾਂ ਦੀ ਗੱਲ ਕਰੀਏ ਤਾਂ ਧਾਲੀਵਾਲ ਦੀਆਂ ਕਹਾਣੀਆਂ ਵਿਚ ਬਹੁਤ ਸਾਰੇ ਕਾਰਨਾਂ ਉੱਪਰ ਰੋਸ਼ਨੀ ਪਾਈ ਗਈ ਹੈ। ਇਨ੍ਹਾਂ ਵਿੱਚੋਂ ਮੁੱਖ ਹੈ ਆਰਥਿਕਤਾ, ਪੀੜ੍ਹੀ-ਪਾੜਾ, ਪੈਸਾ ਕਮਾਉਣ ਦੀ ਹੋੜ੍ਹ, ਨਜਾਇਜ਼ ਸਬੰਧ, ਮਾਨਸਿਕ ਅਸਤੁੰਸ਼ਟਾ, ਪੈਸੇ ਦੀ ਕਾਣੀ ਵੰਡ, ਜਿਨਸੀ-ਝੁਕਾਅ, ਵਿਸ਼ਵੀਕਰਨ ਦੇ ਪ੍ਰਭਾਵ ਹੇਠ ਡਿੱਗਦੀਆਂ ਕਦਰਾਂ-ਕੀਮਤਾਂ, ਬਜੁਰਗਾਂ ਦਾ ਅਪਮਾਨ, ਪੀੜ੍ਹੀ-ਪਾੜਾ, ਜਿਨਸੀ-ਝੁਕਾਅ, ਆਦਿ ਬਹੁਤ ਸਾਰੇ ਕਾਰਨ ਧਾਲੀਵਾਲ ਦੀਆਂ ਕਹਾਣੀਆਂ ਵਿਚ ਉੱਭਰ ਕੇ ਸਾਹਮਣੇ ਆਉਂਦੇ ਹਨ। ਵਿਸ਼ਵੀਕਰਨ ਅਤੇ ਪੂੰਜੀਵਾਦ ਦੀ ਆੜ ਹੇਠ ਰਿਸ਼ਤਿਆਂ ਵਿਚਲਾ ਮੋਹ ਖਤਮ ਹੋ ਰਿਹਾ ਹੈ। ਬਜ਼ੁਰਗਾਂ ਅਤੇ ਨੌਜਵਾਨਾਂ ਵਿਚ ਪੀੜ੍ਹੀ ਪਾੜੇ ਦੀ ਸਮੱਸਿਆ ਪੈਦਾ ਹੋ ਗਈ ਹੈ। ਬੱਚੇ ਆਪਣੇ ਮਾਂ ਬਾਪ ਦਾ ਸਤਿਕਾਰ ਨਹੀਂ ਕਰ ਰਹੇ। ਜਿਨਸੀ-ਝੁਕਾਅ ਦੇ ਕਾਰਨ ਪਤੀ-ਪਤਨੀ ਦੇ ਰਿਸ਼ਤੇ ਵਿਚ ਦਰਾੜ ਪੈ ਗਈ ਹੈ। ਆਰਥਿਕਤਾ ਦੇ ਪ੍ਰਭਾਵ ਹੇਠ ਖ਼ੂਨ ਦੇ ਰਿਸ਼ਤੇ ਹੀ ਇੱਕ ਦੂਜੇ ਦੇ ਵੈਰੀ ਬਣ ਗਏ ਹਨ। ਔਰਤ ਦਾ ਜਿਨਸੀ ਸ਼ੋਸ਼ਣ ਵੱਧ ਰਿਹਾ ਹੈ। ਪਤੀ ਪਤਨੀ ਦੇ ਰਿਸ਼ਤੇ ਵਿਚ ਤਣਾਅ ਪੈਦਾ ਹੋ ਗਿਆ ਹੈ। ਮਨੁੱਖ ਦੀ ਵਿਆਹ ਪ੍ਰਤੀ ਸੋਚ ਬਦਲਦੀ ਨਜ਼ਰ ਆਉਂਦੀ ਹੈ। ਪਤੀ ਪਤਨੀ ਦੁੱਖ-ਸੁੱਖ ਦੇ ਸਾਥੀ ਹੋਣ ਦੀ ਬਜਾਏ ਜਿਸਮਾਂ ਦੇ ਸਾਥੀ ਜ਼ਿਆਦਾ ਬਣਦੇ ਹਨ। ਮਨੁੱਖ ਵਿਚ ਬਜ਼ਾਰੂ ਰੁਚੀਆ ਵੱਧ ਰਹੀਆਂ ਹਨ। ਹਰ ਇਨਸਾਨ ਜਿਸਮਾਂ ਦੀ ਹੋਣੀ ਮਾਨਣਾ ਚਾਹੁੰਦਾ ਹੈ। ਰੂਹ ਨਾਲ ਇਕਮਿਕਤਾ ਨਹੀਂ ਰਹੀ। ਸਗੋਂ ਹਰ ਕੋਈ ਸਿਰਫ ਜਿਸਮਾਂ ਦੀ ਹੀ ਮੰਗ ਕਰਦਾ ਹੈ। ਪਤੀ-ਪਤਨੀ ਦੇ ਸੰਬੰਧਾਂ ਵਿਚ ਇਮਾਨਦਾਰੀ ਘਟੀ ਹੈ। ਇੱਕ ਰਿਸ਼ਤੇ ਵਿਚ ਬੰਨ੍ਹੇ ਪਤੀ-ਪਤਨੀ ਬਾਹਰ ਵੀ ਸੰਬੰਧ ਰੱਖਦੇ ਹਨ ਤੇ ਇੱਕ ਦੂਜੇ ਦੀਆਂ ਅੱਖਾਂ ਵਿਚ ਘੱਟਾ ਪਾਉਣ ਦੀ ਕੋਸ਼ਿਸ਼ ਕਰਦੇ ਹਨ। ਪਰ ਇਸ ਤਰ੍ਹਾਂ ਉਹ ਆਪਣੀਆਂ ਹੀ ਨਜ਼ਰਾਂ 'ਚ ਡਿੱਗ ਰਹੇ ਹਨ। ਪਤੀ-ਪਤਨੀ ਦੇ ਰਿਸ਼ਤੇ ਉੱਪਰ ਕਲੰਕ ਲਗਾ ਰਹੇ ਹਨ। ਨਿਰਾਸ਼ਾ ਨੇ ਮਨੁੱਖ ਨੂੰ ਘੇਰਾ ਪਾ ਲਿਆ ਹੈ। ਇਸ ਤਰ੍ਹਾਂ ਇਸ ਖੋਜ ਕਾਰਜ ਦੇ ਇਸ ਅਧਿਆਇ ਵਿਚ ਰਿਸ਼ਤਿਆਂ ਦੇ ਨਿਘਾਰ ਵੱਲ ਜਾਣ ਦੇ ਕਾਰਨਾਂ ਦੀ ਪੇਸ਼ਕਾਰੀ ਕੀਤੀ ਗਈ ਹੈ।

ਇਸ ਖੋਜ ਕਾਰਜ ਦੇ ਚੌਥੇ ਅਧਿਆਇ ਵਿਚ ਮਨੁੱਖੀ ਰਿਸ਼ਤਿਆਂ ਦੇ ਮੰਡੀਕਰਨ ਦੀ ਪੇਸ਼ਕਾਰੀ ਕੀਤੀ ਗਈ ਹੈ। ਅੱਜ ਦੇ ਮਨੁੱਖ ਦੀ ਦੌੜ ਪੈਸੇ ਪਿੱਛੇ ਜ਼ਿਆਦਾ ਪਰ ਆਪਣੇ ਰਿਸ਼ਤਿਆਂ ਨੂੰ ਸੰਭਾਲਣ ਪਿੱਛੇ ਘੱਟ ਹੈ। ਇਹੀ ਕਾਰਨ ਹੈ ਕਿ ਅੱਜ ਇੱਕ ਪਰਿਵਾਰ ਦੇ ਮੈਂਬਰ ਇੱਕ ਛੱਤ ਥੱਲੇ ਹੋ ਕੇ ਵੀ ਇੱਕ ਨਹੀਂ ਹੁੰਦੇ। ਇੰਟਰਨੈਟ ਤੇ ਸ਼ੋਸ਼ਲ ਮੀਡੀਆ ਦੇ ਨਾਲ ਉਹ ਪੂਰੀ ਦੁਨੀਆਂ ਦੇ ਨਾਲ ਤਾਂ ਜੁੜੇ ਹੋਏ ਹਨ ਪਰ ਆਪਣੇ ਪਰਿਵਾਰਕ ਮੈਂਬਰਾਂ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਤੋਂ ਅਨਜਾਣ ਹਨ। ਵਿਸ਼ਵੀਕਰਨ ਨੇ ਮਨੁੱਖੀ ਰਿਸ਼ਤਿਆਂ ਵਿਚਲੇ ਪਿਆਰ ਨੂੰ ਸਭ ਤੋਂ ਵੱਧ ਢਾਹ ਲਾਈ ਹੈ।ਵਿਸ਼ਵੀਕਰਨ ਨੇ ਹਰ ਇੱਕ ਚੀਜ਼ ਨੂੰ ਵਿਕਾਊ ਬਣਾ ਦਿੱਤਾ ਹੈ। ਆਧੁਨਿਕਤਾ ਦੀ ਆੜ ਵਿਚ ਮਨੁੱਖ ਨੇ ਮਾਨਵੀ ਰਿਸ਼ਤਿਆਂ ਦਾ ਘਾਣ ਕਰ ਕੇ ਰੱਖ ਦਿੱਤਾ ਹੈ। ਪੈਸਾ ਕਮਾਉਣ ਤੇ ਵਿਕਾਸ ਦੀ ਦੌੜ ਪਿੱਛੇ ਪਾਗਲ ਮਨੁੱਖ ਆਪਣਿਆਂ ਤੋਂ ਹੀ ਦੂਰ ਹੋ ਰਿਹਾ ਹੈ। ਆਪਣੇ ਹੀ ਢਿੱਡੋਂ ਜੰਮੇ ਅੱਜ ਮਾਂ-ਬਾਪ ਦੇ ਖ਼ੂਨ ਦੇ ਪਿਆਸੇ ਹੋ ਗਏ ਹਨ। ਰਿਸ਼ਤਿਆਂ ਦਾ ਮੰਡੀਕਰਨ ਸ਼ੁਰੂ ਹੋ ਗਿਆ ਹੈ। ਹਰ ਰਿਸ਼ਤੇ ਦੀ ਇੱਕ ਕੀਮਤ ਲੱਗਦੀ ਹੈ। ਪੈਸੇ ਨਾਲ ਹਰ ਰਿਸ਼ਤਾ ਕਾਇਮ ਕੀਤਾ ਜਾ ਸਕਦਾ ਹੈ। ਪੈਸੇ ਨਾਲ ਰਿਸ਼ਤੇ ਤਾਂ ਕੀ ਜ਼ਮੀਰ ਵੀ ਖਰੀਦੇ ਜਾ ਸਕਦੇ ਹਨ। ਹਰ ਰਿਸ਼ਤੇ ਦੀ ਇੱਕ ਬੋਲੀ ਲੱਗਦੀ ਹੈ। ਜਿਸ ਕੋਲ ਪੈਸਾ ਹੈ ਉਸ ਲਈ ਰਿਸ਼ਤੇ ਕੋਈ ਮਾਇਨੇ ਨਹੀਂ ਰੱਖਦੇ। ਸਗੋਂ ਉਸ ਨੂੰ ਤਾਂ ਲੱਗਦਾ ਹੈ ਕਿ ਜੇ ਕੋਲ ਪੈਸਾ ਆ ਗਿਆ ਤਾਂ ਸਭ ਰਿਸ਼ਤੇ ਵੀ ਉਸ ਕੋਲ ਆਪਣੇ ਆਪ ਆ ਜਾਣਗੇ। ਇਸੇ ਲਈ ਉਹ ਰਿਸ਼ਤਿਆਂ ਨੂੰ ਕੋਈ ਅਹਿਮੀਅਤ ਨਹੀਂ ਦੇ ਰਿਹਾ। ਬੱਸ ਪੈਸੇ ਦੇ ਜ਼ੋਰ ਨਾਲ ਹਰ ਚੀਜ਼ ਖਰੀਦ ਲੈਣੀ ਚਾਹੁੰਦਾ ਹੈ। ਇਹ ਪਦਾਰਥਵਾਦੀ ਯੁੱਗ ਦੀ ਹੀ ਦੇਣ ਹੈ ਕਿ ਰਿਸ਼ਤਿਆਂ ਵਿੱਚੋਂ ਭਾਵਨਾਵਾਂ ਅਤੇ ਸੰਵੇਗਾਂ ਦੀ ਹੋਂਦ ਅਲੋਪ ਹੋ ਗਈ ਹੈ ਅਤੇ ਰਿਸ਼ਤਿਆਂ ਦੇ ਜਨਮਾਂ ਜਨਮਾਤਰਾਂ ਤੱਕ ਬੰਨ੍ਹੇ ਰਹਿਣ ਦੇ ਸੰਕਲਪ ਦੀ ਭਾਲ ਵੀ ਅਸੰਭਵ ਜਾਪਦੀ ਹੈ।

ਅਜੋਕੇ ਸਮੇਂ ਵਿਚ ਬੇਗਾਨਿਆਂ ਵਿਚ ਆਪਣਿਆਂ ਅਤੇ ਆਪਣਿਆਂ ਵਿਚ ਆਪਣੇਪਨ ਦੀ ਭਾਲ ਕਾਰਨ ਇਨਸਾਨ, ਬੇਗਾਨਗੀ ਦੀ ਸਥਿਤੀ ਹੰਢਾਉਂਦਾ ਨਜ਼ਰ ਆਉਂਦਾ ਹੈ। ਇਨ੍ਹਾਂ ਰਿਸ਼ਤਿਆਂ ਦੇ ਮਖੋਟਿਆਂ ਤੋਂ ਸੰਵੇਦਨਸ਼ੀਲ ਮਨੁੱਖ ਸਦਾ ਤੋਂ ਧੋਖੇ ਖਾਂਦਾ ਆ ਰਿਹਾ ਹੈ। ਕਿਉਂਕਿ ਆਧੁਨਿਕ ਮਨੁੱਖ ਦੇ ਮਖੋਟਿਆਂ ਦਾ ਰੂਪ ਇਨ੍ਹਾਂ ਪਰਿਵਰਤਿਤ ਹੋ ਚੁੱਕਿਆ ਹੈ, ਜਿਸ ਨੂੰ ਪਹਿਚਾਨਣਾ ਅਤਿਅੰਤ ਕਠਿਨ ਜਾਪਦਾ ਹੈ। ਆਧੁਨਿਕ ਪੂੰਜੀਵਾਦੀ ਯੁੱਗ ਵਿਚ ਰਿਸ਼ਤਿਆਂ ਦੀ ਤਾਮੀਰ ਵੀ ਭੋਗਵਾਦੀ ਬਣਦੀ ਜਾ ਰਹੀ ਹੈ। ਸਮਾਜਿਕ ਕਦਰਾਂ-ਕੀਮਤਾਂ ਦਾ ਵਿਖਾਵਾ ਕਰਦਾ ਮਨੁੱਖ ਅੰਦਰਖਾਤੇ ਇਸੇ ਭੋਗਵਾਦੀ ਸੰਸਾਰ ਦਾ ਅੰਗ ਬਣ ਚੁੱਕਿਆ ਨਜ਼ਰ ਆਉਂਦਾ ਹੈ ਇਸੇ ਲਈ ਤਾਂ ਉਹ ਰਿਸ਼ਤਿਆਂ ਦੀ ਕੀਮਤ ਲਗਾਉਂਦਾ ਹੈ। ਇਸੇ ਲਈ ਉਹ ਅਜੋਕੇ ਸਮਾਜਿਕ ਪ੍ਰਬੰਧ ਵਿਚ ਵਿਚਰਦਿਆਂ ਰਿਸ਼ਤਿਆਂ ਦੀ ਸਾਂਝ ਅਤੇ ਅਤੀਤ ਤੋਂ ਲਗਾਤਾਰ ਟੁੱਟ ਰਿਹਾ ਹੈ। ਵਿਸ਼ਵੀਕਰਨ ਤੇ ਪੂੰਜੀਵਾਦੀ ਸਿਸਟਮ ਨੇ ਰਿਸ਼ਤਿਆਂ ਨੂੰ ਗਹਿਰੀ ਸੱਟ ਮਾਰੀ ਹੈ। ਕਦਰਾਂ-ਕੀਮਤਾਂ ਬਦਲ ਰਹੀਆਂ ਹਨ। ਮਨੁੱਖ ਆਪਣੀ ਸਮਾਜਿਕ ਭੂਮਿਕਾ ਤੋਂ ਦੂਰ ਹੁੰਦਾ ਜਾ ਰਿਹਾ ਹੈ। ਇਸ ਨਾਲ ਮਨੁੱਖ ਦੀਆਂ ਪ੍ਰੰਪਰਕ ਅਤੇ ਭਾਈਚਾਰਕ ਸਾਂਝਾਂ ਟੁੱਟਦੀਆਂ ਜਾ ਰਹੀਆਂ ਹਨ। ਵਿਕਾਸ ਦੇ ਭਰਮ ਵਿਚ ਮਨੁੱਖ ਅਧੂਰੀ ਅਤੇ ਅਤ੍ਰਿਪਤ ਜ਼ਿੰਦਗੀ ਜਿਉ ਰਿਹਾ ਹੈ। ਹਰ ਤਰ੍ਹਾਂ ਦੇ ਰਿਸ਼ਤਿਆਂ ਵਿੱਚੋਂ ਵਿਸ਼ਵਾਸ ਦੀ ਥਾਂ ਸ਼ੱਕ ਵੱਧਣ ਲੱਗ ਪਏ ਹਨ। ਹਰ ਖ਼ੇਤਰ ਵਿਚ ਮੁਨਾਫ਼ਾਪ੍ਰਸਤੀ ਦੀ ਪ੍ਰਵਿਰਤੀ ਭਾਰੂ ਹੋ ਗਈ ਹੈ। ਹੋਰ ਤਾਂ ਹੋਰ ਟੀ.ਵੀ ਅਤੇ ਮੋਬਾਇਲ ਕਲਚਰ ਨੇ ਮਨੁੱਖ ਤੋਂ ਬੋਲਣ, ਸੋਚਣ, ਦੇਖਣ ਅਤੇ ਸੁਣਨ ਦੀ ਸ਼ਕਤੀ ਖੋਹ ਲਈ ਹੈ।

ਸਥਾਨਕ ਸੱਭਿਆਚਾਰ ਦੀਆਂ ਬੁਨਿਆਦਾਂ ਤਿੜਕ ਤੇ ਥਿੜਕ ਰਹੀਆਂ ਹਨ। ਮਨੁੱਖ ਦਾ ਸਵੈਮਾਣ ਖ਼ਤਮ ਹੁੰਦਾ ਜਾ ਰਿਹਾ ਹੈ। ਰਿਸ਼ਤਿਆਂ ਅੰਦਰੋਂ ਪਵਿੱਤਰਤਾ ਖ਼ਤਮ ਹੋ ਰਹੀ ਹੈ। ਮਨੁੱਖ ਅੰਦਰੋਂ ਚੰਗਿਆਈ ਘਟਦੀ ਜਾ ਰਹੀ ਹੈ। ਜਿਸ ਕਾਰਨ ਮਨੁੱਖ ਨੇ ਰਿਸ਼ਤਿਆਂ ਨੂੰ ਵੀ ਮੰਡੀ ਵਿਚ ਲਿਆ ਖੜ੍ਹਾ ਕੀਤਾ ਹੈ। ਅੰਦਰੋਂ ਟੁੱਟਿਆ ਇਨਸਾਨ ਰਿਸ਼ਤਿਆਂ ਦੀ ਵੀ ਬੋਲੀ ਲਗਾ ਰਿਹਾ ਹੈ। ਇਸ ਤਰ੍ਹਾਂ ਇਸ ਖੋਜ-ਕਾਰਜ ਵਿਚ ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਵਿਚਲੇ ਮਨੁੱਖੀ ਰਿਸ਼ਤਿਆਂ ਦੀ ਡੂੰਘੀ ਪੜਤਾਲ ਕੀਤੀ ਗਈ ਹੈ।

## ਸਹਾਇਕ ਪੁਸਤਕ ਸੂਚੀ


1. ਉੱਪਲ, ਸਵਿੰਦਰ ਸਿੰਘ (ਡਾ.), ਪੰਜਾਬੀ ਕਹਾਣੀ ਦਾ ਸਿਧਾਂਤਕ ਪਰਿਪੇਖ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1995

2. ਅਤਰ ਸਿੰਘ, (ਡਾ.), ਆਧੁਨਿਕ ਪੰਜਾਬੀ ਸਾਹਿਤ', ਪੰਜਾਬੀ ਸਾਹਿਤ ਦਾ ਇਤਿਹਾਸ, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1963.

3. ਅਮਰਜੀਤ ਕੌਰ (ਸੰਪਾ.), ਪੰਜਾਬੀ ਨਿੱਕੀ ਕਹਾਣੀ: ਸਿਧਾਂਤ ਤੇ ਵਿਕਾਸ, ਅੰਮ੍ਰਿਤਸਰ, ਰੂਹੀ ਪ੍ਰਕਾਸ਼ਨ, 1999

4. ਸੀਤਲ, ਜੀਤ ਸਿੰਘ (ਡਾ.), ਕਹਾਣੀ ਸਿਧਾਂਤ ਤੇ ਆਲੋਚਨਾ, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1970

5. ਸ਼ਾਨ, ਹਰਨਾਮ ਸਿੰਘ (ਡਾ.), ਪੰਜਾਬੀ ਕਹਾਣੀ ਦਾ ਵਿਕਾਸ: ਕਹਾਣੀ ਸਿਧਾਂਤ ਤੇ ਆਲੋਚਨਾ, ਪਟਿਆਲਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, (ਮਿਤੀ ਹੀਣ)

6. ਕਿਰਨ, ਕਿਰਨਦੀਪ ਸਿੰਘ, ਪ੍ਰੇਮ ਪ੍ਰਕਾਸ਼ ਦੀ ਕਥਾ-ਸੰਵੇਦਨਾ, ਅੰਮ੍ਰਿਤਸਰ, ਰਵੀ ਸਾਹਿਤ ਪ੍ਰਕਾਸ਼ਨ, 2006

7. ਕਸੇਲ, ਕਿਰਪਾਲ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਭਾਸ਼ਾ ਵਿਭਾਗ ਪੰਜਾਬ, ਚੋਥਾ ਐਡੀਸ਼ਨ, 2011

8. ਗੁਰਲਾਲ ਸਿੰਘ (ਡਾ.), ਪੰਜਾਬੀ ਕਹਾਣੀ: ਨਵੀਨ ਪ੍ਰਵਿਰਤੀਆਂ, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, 1982

9. ਗਾਸੋ, ਓਮ ਪ੍ਰਕਾਸ਼, ਪੰਜਾਬੀ ਸੱਭਿਆਚਾਰ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 2000

10. ਜਗਦੀਸ਼ ਕੌਰ, ਪੰਜਾਬੀ ਲੋਕ ਕਹਾਣੀ ਵਿਹਾਰ ਤੇ ਸੰਕਲਪ, ਪੰਜਾਬੀ ਭਵਨ ਲੁਧਿਆਣਾ, ਚੇਤਨਾ ਪ੍ਰਕਾਸ਼ਨ, 2007

11. ਜਸਵਿੰਦਰ ਸਿੰਘ, ਪੰਜਾਬੀ ਲੋਕ ਸਾਹਿਤ ਸ਼ਾਸਤਰ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 2003

12. ਜੱਗੀ, ਰਤਨ ਸਿੰਘ (ਡਾ.), ਸਾਹਿਤ ਦੇ ਰੂਪ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 2001.

13. ਜੀਤ, ਗੁਰਮੁਖ ਸਿੰਘ, ਸਮਕਾਲੀ ਪੰਜਾਬੀ ਕਹਾਣੀ, ਪੰਜਾਬੀ ਪ੍ਰਕਾਸ਼ਨ, ਕਰੋਲ ਬਾਗ, ਨਵੀਂ ਦਿੱਲੀ, 1957.

14. ਜੋਸ਼ੀ, ਜੀਤ ਸਿੰਘ (ਪ੍ਰੋ.), ਲੋਕ ਕਲਾ ਅਤੇ ਸੱਭਿਆਚਾਰ ਮੁੱਢਲੀ ਜਾਣ ਪਛਾਣ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 2010

15. ਜਸਵਿੰਦਰ ਸਿੰਘ, ਪੰਜਾਬੀ ਸੱਭਿਆਚਾਰ ਪਛਾਣ ਚਿੰਨ੍ਹ, ਅਰਬਨ ਅਸਟੇਟ ਪਟਿਆਲਾ, ਗਰੇਸ਼ੀਅਸ ਬੁੱਕਸ,

16. ਧਰਮ ਸਿੰਘ, ਪੰਜਾਬੀ ਖੋਜ ਦਾ ਇਤਿਹਾਸ, ਦਿੱਲੀ, ਪੰਜਾਬੀ ਅਕਾਦਮੀ, 2004

17. ਧਰਮ ਸਿੰਘ, ਪੰਜਾਬੀ ਖੋਜ ਸੰਦਰਭ, ਅੰਮ੍ਰਿਤਸਰ, ਰਵੀ ਸਾਹਿਤ ਪ੍ਰਕਾਸ਼ਨ, 2008

18. ਧਾਲੀਵਾਲ, ਬਲਦੇਵ ਸਿੰਘ, ਆਧੁਨਿਕ ਪੰਜਾਬੀ ਕਹਾਣੀ (ਦ੍ਰਿਸ਼ਟੀਮੂਲਕ ਪਰਿਪੇਖ), ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2007

19. ਧਾਲੀਵਾਲ, ਸਿਮਰਨ, ਆਸ ਅਜੇ ਬਾਕੀ ਹੈ, ਭੀਖੀ ਮਾਨਸਾ, ਸਾਹਿਬਦੀਪ ਪ੍ਰਕਾਸ਼ਨ, 2015

20. ਧਾਲੀਵਾਲ, ਸਿਮਰਨ, ਉਸ ਪਲ, ਪਟਿਆਲਾ, ਸੰਗਮ ਪਬਲੀਕੇਸ਼ਨ, 2015

21. ਧੀਂਗੜਾ, ਮਹਿੰਦਰ ਸਿੰਘ (ਡਾ.), ਪੰਜਾਬੀ ਹਿੰਦੀ ਕਹਾਣੀ: ਤੁਲਨਾਤਮਕ ਅਧਿਐਨ, ਨਵੀਂ ਦਿੱਲੀ, ਪੁਸ਼ਪ ਪ੍ਰਕਾਸ਼ਨ, 1977.

22. ਨਾਹਰ ਸਿੰਘ, ਲੋਕ ਕਾਵਿ ਦੀ ਸਿਰਜਨ ਪ੍ਰੀਕਿਰਿਆ, ਚੰਡੀਗੜ੍ਹ, ਲੋਕ ਗੀਤ ਪ੍ਰਕਾਸ਼ਨ, 2006

23. ਪੂਨੀ, ਬਲਵੀਰ ਸਿੰਘ (ਪ੍ਰੋ.), ਪੰਜਾਬੀ ਲੋਕਧਾਰਾ ਅਤੇ ਸੱਭਿਆਚਾਰ, ਅੰਮ੍ਰਿਤਸਰ, ਵਾਰਿਸ਼ ਸ਼ਾਹ ਫਾਊਂਡੇਸ਼ਨ, 2013

24. ਫੁੱਲ, ਗੁਰਦਿਆਲ ਸਿੰਘ, (ਪ੍ਰੋ.) ਸਾਹਿਤ ਦੇ ਮੁੱਖ ਰੂਪ, ਜਲੰਧਰ, ਨਿਊ ਬੁੱਕ ਕੰਪਨੀ, 1970.

25. ਫ਼ਰੈਂਕ, ਗੁਰਬਖਸ਼ ਸਿੰਘ, ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ, ਅੰਮ੍ਰਿਤਸਰ, ਵਾਰਿਸ ਸ਼ਾਹ ਫ਼ਾਉਂਡੇਸ਼ਨ, 2012

26. ਬੇਦੀ, ਵਣਜਾਰਾ, ਸੋਹਿੰਦਰ ਸਿੰਘ (ਡਾ.), ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਨੈਸ਼ਨਲ ਬੁੱਕ ਸ਼ਾਪ, ਪਲਈਅਰ ਗਾਰਡਨ ਮਾਰਕੀਟ, ਦਿੱਲੀ, ਚਾਂਦਨੀ ਚੌਂਕ, 1981.

27. ਬ੍ਰਹਮਜਗਦੀਸ਼ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਅੰਮ੍ਰਿਤਸਰ, ਵਾਰਿਸ ਸ਼ਾਹ ਫ਼ਾਊਂਡੇਸ਼ਨ, 2012

28. ਭਾਰਦਵਾਜ, ਓਮ ਪ੍ਰਕਾਸ਼, ਕਹਾਣੀ ਸਿਧਾਂਤ ਅਤੇ ਆਲੋਚਨਾ, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1987.

29. ਲਾਂਬਾ, ਸੁਰਿੰਦਰ ਸਿੰਘ, ਕਹਾਣੀ ਸਿਧਾਂਤ ਅਤੇ ਆਲੋਚਨਾ, ਪਟਿਆਲਾ, ਭਾਸ਼ਾ ਵਿਭਾਗ ਪੰਜਾਬ, 1988.

## ਮੈਗਜ਼ੀਨ

ਪੰਜਾਬੀ ਜਾਗਰਣ, 25 ਸਤੰਬਰ 2016

## ਇੰਟਰਵਿਊ

ਟੈਲੀਫੋਨਿਕ ਇੰਟਰਵਿਊ, 26 ਅਪ੍ਰੈਲ, 2017